# ਸਹਿਜਧਾਰਾ

ਜਗਜੀਤ ਸਿੰਘ ਗਰੇਵਾਲ



# ਸਹਿਜਧਾਰਾ

ਜਗਜੀਤ ਸਿੰਘ ਗਰੇਵਾਲ

ਸਹਿਜਧਾਰਾ

# SAHAJDHARA

BY
PROF. JAGJIT SINGH GREWAL
1-Aman Park, P.O. Threeke-142021
Dist. Ludhiana., INDIA
Ph. 98141-60306

Canada
14553, 60th Avenue, Surrey (B.C.) V3S1R4
Ph. : 001-778-321-0150

©: writer

First Edition : May 2011

Price/- 80, $ 5

**ਪ੍ਰਕਾਸ਼ਕ : ਸਹਿਜਧਾਰਾ**

ਕੰਪੋਜ਼: ਵੈਕ ਕੰਪਿਊਟਰਜ਼, ਜਲੰਧਰ
ਫ਼ੋਨ : 98140-87063 e-maii: vac_comp@yahoo.com

**ਪ੍ਰਿੰਟਰਜ਼:**
ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

# ਸਮਰਪਣ

1. ਤੂੰ ਤੂੰ ਹੀ ਸੀ! ਤੂੰ ਤੂੰ ਹੀ ਹੈਂ!!
   ਤੂੰ ਤੂੰ ਹੀ ਰਹੇਗਾ!!!
2. ਤੇਰਾ ਭਾਣਾ ਭਲਾ! ਤੇਰਾ ਭਾਣਾ ਭਲਾ!!
3. ਨਮਸਕਾਰ! ਨਮਸਕਾਰ!! ਨਮਸਕਾਰ!!!
4. ਸਮਰਪਣ! ਸਮਰਪਣ!! ਸਮਰਪਣ!!!
5. (i) ਲਿਖਵਾ ਲੈ ਜੋ ਤੇਰੀ ਰਜ਼ਾ ਹੈ।
   (ii) ਲਿਖਵਾ ਲੈ ਜੋ ਤੇਰੀ ਮਰਜ਼ੀ ਹੈ।
   (iii) ਹੱਥ ਕਲਮ ਹਾਜ਼ਰ ਹੈ।
   (iv) ਬੰਦਾ ਹਾਜ਼ਰ ਹੁਕਮ ਉਡੀਕੇ।

# ਹਲ਼ਫ ਨਾਮਾ

ਦੁਹਾਈ ਐ ਮਨ ਦੀ, ਵੇ ਲੋਕਾ!
ਮੈਂ ਨਾ ਮੁਸਲਮਾਨ ਨਾ ਹਿੰਦੂ
ਨਾ ਸਿੱਖ ਨਾ ਈਸਾਈ
ਕੋਈ ਨਾਮ ਨਾ ਜੁੜਦਾ ਭਾਈ
ਸਥਾਪਤੀਆਂ ਸੰਗ ਮੌਤ ਖੜੀ ਹੈ
ਨਵੀਨੀਕਰਣ ਸ਼ੈਤਾਨ ਨਾ ਚਾਹੇ
ਹਰਨ-ਭਰਨ-ਸੰਪੂਰਣਾ ਸਾਈਂ
ਚਰਨੀਂ ਥਾਂ ਬਣਾਈ ਕਰ ਸ਼ਬਦ-ਕਮਾਈ
ਨਾ ਜ਼ਾਤ, ਨਾ ਗੋਤ, ਨਾ ਮਜ਼ਹਬ, ਨਾ ਫ਼ਿਰਕਾ
ਸਰਵ ਸਾਂਝਾ ਪੰਥ ਮਨੁੱਖਤਾ
ਨਾਨਕ ਪਾਤਸ਼ਾਹ, ਮੁਹੰਮਦ ਰਸੂਲ ਰੱਬ ਦਾ
ਭੋਲੇ ਸ਼ੰਕਰ ਭਗਵਾਨ, ਲਾਰਡ ਕਰਾਈਸਟ
ਦਿੱਤਾ ਧਰ ਮਸਤਕਿ ਹਥੁ।
ਚਰਨੀਂ ਲੱਗ ਕੇ ਅਕਲਾਂ ਸਿਖੀਏ
ਅੱਜ ਦਾ ਸੱਚ ਹੰਢਾਈਏ
ਅਕਲਾਂ ਘੜ ਦਿਖਲਾਈਏ
ਇਸ ਸਮੇਂ ਨੂੰ ਹੱਲ ਸੁਝਾਈਏ
ਹੱਲ ਸਮਝਾਈਏ
ਕਰ ਦਿਖਲਾਈਏ।
ਮੰਜ਼ਿਲ ਪਾਈਏ।

"ਹੇ ਖੁਦਾ! ਜੇ ਮੈਂ ਤੇਰੀ ਇਬਾਦਤ ਦੋਜ਼ਖ ਦੇ ਡਰ ਕਰਕੇ ਕਰਦੀ ਹਾਂ ਤਾਂ ਮੈਨੂੰ ਦੋਜ਼ਖ (ਨਰਕ) ਦੀ ਅੱਗ ਵਿੱਚ ਸਾੜ ਦੇਵੀਂ- ਜੇਕਰ ਮੈਂ ਤੇਰੀ ਇਬਾਦਤ ਸਵਰਗ ਪ੍ਰਾਪਤੀ ਦੀ ਆਸ ਕਾਰਣ ਕਰਦੀ ਹਾਂ ਤਾਂ ਮੈਨੂੰ ਸਵਰਗ ਤੋਂ ਵਾਂਝਿਆਂ ਰੱਖੀਂ ਪਰੰਤੂ ਜੇਕਰ ਮੈਂ ਤੇਰੀ ਪੂਜਾ ਤੇਰੇ ਇਸ਼ਕ ਕਰਕੇ ਕਰਦੀ ਹਾਂ ਤਾਂ ਮੈਨੂੰ ਆਪਣੇ ਸਦੀਵੀ ਸੁਹੱਪਣ ਤੋਂ ਖਾਲੀ ਨਾ ਰੱਖੀਂ।"

– ਰਾਬੀਆ

# ਤਤਕਰਾ


| | | |
|---|---|---|
| ✪ | ਆਦਿ ਬਚਨ | 7-11 |
| ✪ | • ੧ਓਁ • | 12-16 |
| ✪ | ਚੇਤਨ ਸੱਤਾ | 17-20 |
| ✪ | ਸਹਿਜਧਾਰਾ ਸਤਿਸੰਗ | 21-26 |
| ✪ | ਅਮੀਬਾ | 27-34 |
| ✪ | ਗਿਆਨ ਤੇ ਵਿਗਿਆਨ | 35-37 |
| ✪ | Gravitation (ਗਰੁਤਾਕਰਸ਼ਨ) | 38-40 |
| ✪ | ਸ਼ਕਤੀ ਅਤੇ ਸਰੀਰ | 41-42 |
| ✪ | ਕੁੰਡਲਿਨੀ ਤੇ ਕੁੰਡਲਿਨੀ ਜਾਗਰਿਤੀ | 43-46 |
| ✪ | ਧਰਮ | 47-52 |
| ✪ | ਗੁਰੂ | 53-56 |
| ✪ | ਅਕਾਲ ਪੁਰਖ | 57-63 |
| ✪ | ਪਰਮਾਤਮਾ ਦੀ ਬਖਸ਼ਿਸ਼ | 64-67 |
| ✪ | ਚੁਗਲਖੋਰੀ | 68-72 |
| ✪ | ਗੁਣ-ਔਗੁਣ | 73-74 |
| ✪ | ਸਬਰ ਤੇ ਸੰਤੋਖ | 75-77 |
| ✪ | ਅਰਦਾਸ | 78-82 |
| ✪ | ਸਹਿਜਧਾਰਾ ਸਤਿਸੰਗ ਜੀਵਨ-ਜਾਚ (ਧਾਰਮਿਕ-ਸੇਧਾਂ) | 83-88 |

# ਆਦਿ ਬਚਨ

ਅੱਜ ਮਿਤੀ 30-1-2011 ਦਿਨ ਸੋਮਵਾਰ ਹੈ। ਆ ਬਈ ਜਗਜੀਤ ਸਿਆਂ! ਚੱਕ ਲੈ ਆਪਣਾ ਪੈਨ, ਕਰ ਦੇ ਕੰਮ ਸ਼ੁਰੂ, ਤੇਰਾ ਤਾਂ ਕੰਮ ਬੱਸ ਇੰਨਾ ਹੀ ਹੈ।

ਪਹਿਲਾਂ ਤਾਂ ਮਿੱਤਰਾ! ਗੁਰੂ ਨੂੰ ਧਿਆ- ਨਮਸਕਾਰ ਕਰ - ਮਤੇਂ ਨਸ਼ੁਕਰਾ ਹੀ ਗਰਦਾਨਿਆ ਜਾਵੇਂ- ਥੋੜ੍ਹੇ ਜਿਹੇ ਭੈ 'ਚ ਰਹਿ- ਚੰਗਾ ਰਹੇਂਗਾ ਬਾਲਿਆ। ਸਤਿਗੁਰਾਂ ਦੀ ਲਿਸਟ ਤਾਂ ਲੰਮੀ ਐ। ਚੱਲ ਸ਼ਿਵਸ਼ੰਕਰ ਭਗਵਾਨ ਤੋਂ ਹੀ ਸ਼ੁਰੂ ਕਰ ਲੈ, ਉਨ੍ਹਾਂ ਦਾ ਸ਼ਬਦ ਤਾਂ 77 ਸ਼ਿਵ ਸੂਤਰਾਂ ਨੂੰ ਹੀ ਮੰਨ, ਉਸ ਤੋਂ ਪਿਛੋਂ ਤਾਂ ਬਾਹਮਣਾਂ ਨੇ ਪੁਰਾਣਿਕ ਕਥਾਵਾਂ ਵਿਚੋਂ ਆਪਣੀ ਲੋੜ ਪੂਰਤੀ ਲਈ ਸ਼ਬਦ ਨਹੀਂ- ਕਾਲੇ ਅੱਖਰ ਹੀ ਭਰੇ ਨੇ। ਉਸ ਕੂੜ ਬਾਣੀ ਦੀ ਕਾਲਖ ਤੋਂ ਬਚੀਏ। ਗੁਰੂ ਜੀ ਕ੍ਰਿਸ਼ਨ ਸਾਹਿਬ ਤੋਂ ਜੀਵਨ ਜਾਚ ਤੇ ਸੰਘਰਸ਼ ਦਾ ਗਿਆਨ ਪ੍ਰਾਪਤ ਕਰਦਾ ਗੀਤਾ ਦੇ ਗਹਿਣ ਗਿਆਨ ਦੀ ਸੰਪੂਰਣਤਾ ਬਿਨਾਂ ਰੱਜੀਂ ਨਾ। ਮਹਾਂ ਆਤਮਾਂ ਸਤਿਗੁਰੂ ਬੁੱਧ ਜੀ ਦਾ ਅਸ਼ੀਰਵਾਦ ਲਈਂ ਚਰਨ ਸਪਰਸ਼ ਕਰਕੇ। ਇਥੇ ਤਾਂ ਇੱਕ ਹੋਰ ਗੱਲ ਯਾਦ ਆ ਗਈ ਤਕਰੀਬਨ ਦਸ ਕੁ ਸਾਲ ਪਹਿਲਾਂ ਇੱਕ ਪ੍ਰਵਚਨ ਸਮੇਂ ਤੇਰੇ ਮੁਖਾਰਬਿੰਦ ਵਿੱਚ ਸੁਣਿਆ ਸੀ "ਨਾਨਕ" ਦੇ ਘਰ ਬੁੱਧ ਜੰਮਣ ਦੀ, ਕਿਸੇ ਘੁਣਤਰੀ ਨੇ ਹੀ ਉਹ ਗੱਲ ਪਕੜੀ ਹੋਣੀ ਹੈ। ਸੰਸਾਰੀ ਲੋਕ ਤਾਂ ਅਕਲਾਂ ਵਾਲੇ- ਸਿਆਣਪਾਂ ਵੱਲ ਹੀ ਧਿਆਨ ਦਿੰਦੇ ਨੇ। "ਛੇੜੀਂ ਬਈ ਮਰਦਾਨਿਆ ਰਬਾਬ! ਬਾਣੀ ਆਈ ਐ ਵਾਲੇ ਪੈਗੰਬਰ ਦੀ ਗੱਲ ਤਾਂ ਸਮੇਂ ਦੇ ਨੇੜ ਦੀ ਹੋਣ ਕਾਰਣ ਵਧੇਰੇ ਸਾਰਥਕ ਹੈ। ਪਰ ਫੇਰ ਵੀ ਬਾਬੇ ਬੁੱਧ ਦਾ ਅਸ਼ਟਮਾਰਗ ਜਾਂ ਦੁੱਖਾਂ ਦੇ ਘਰ ਇਸ ਦੁਨੀ ਦੀ ਵਿਥਿਆ ਤਾਂ ਅਜੇ ਤੱਕ ਵੀ ਸਾਰਥਕ ਤੇ ਢੁਕਵੀਂ ਲੱਗਦੀ ਐ। ਇਹ ਗੱਲ ਤਾਂ ਖੋਲ੍ਹ ਕੇ ਹੀ ਕਰੀਏ। ਦਸ ਸਾਲ ਪਹਿਲਾਂ ਇਹ ਗੱਲ ਕਰਨ ਦਾ ਮਨੋਰਥ ਸੀ ਕਿ ਬਾਬੇ ਨਾਨਕ ਦੀ ਅਮਰਬਾਣੀ ਸਣੇ ਆਦਿ ਸ਼ਬਦ, ਇਲਾਹੀ ਬਾਣੀ ਦੇ ਨਾਲ ਜੇਕਰ ਮਹਾਤਮਾ ਬੁੱਧ ਦੀ ਅਸ਼ਟਮਾਰਗੀ ਗੋਸ਼ਟੀ ਰਲਾ ਦਈਏ ਤੇ ਬਾਰਹ ਮਾਂਹ ਤੁਖਾਰੀ ਤੇ ਆਸਾ ਦੀ ਵਾਰ ਦਾ ਸ਼ਬਦ ਗਾਇਣ ਕਰੀਏ ਤਾਂ ਸੰਪੂਰਣਤਾ ਪਾਈਏ। ਇਸ ਨਾਲ ਅੱਲਾਹ ਦੇ ਰੰਗ ਵਿੱਚ ਮਸਤ ਹੋਏ ਸ਼ਬਦ ਦੀ ਕਮਾਈ ਕਰੀਏ। ਕਮਾਈ ਤਾਂ 24×7 ਦਾ ਪਹਾੜਾ ਰਹੇ, ਹਰ ਪਲ ਵਿੱਚ ਸ਼ਬਦ ਨੂੰ ਆਪਣੀ ਕਮਾਈ ਵਿੱਚ ਢਾਲਣਾ ਹੈ ਤੇ ਇੰਜ ਆਪਣੇ ਸਰੀਰ ਤੇ ਮਨ ਦੀ ਮਿਹਨਤ ਮੁਸ਼ੱਕਤ ਨੂੰ ਹੱਕ ਹਲਾਲ ਕਰਨਾ ਹੈ। ਸਮੇਂ ਦਾ ਦਸਵੰਧ ਕੱਢ ਕੇ ਪਾਠ ਕਰੀ ਜਾਣਾ ਤਾਂ ਭਾਈ ਅਮੀਰ ਲੋਕਾਂ ਦੇ ਚੋਜ਼ ਹੀ ਹਨ।

ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ - (ਭਾਈ ਗੁਰਦਾਸ)

ਸੰਸਾਰ ਸਫਰ ਵਿੱਚ ਸਾਰਥਕ ਤੇ ਰੱਬੀ ਰਜਾ ਤਾਂ ਸੰਸਾਰ ਦੇ ਹਰ ਇੱਕ ਕੰਮ ਵਿੱਚ ਪੂਰੀ ਮਿਹਨਤ, ਇਮਾਨਦਾਰੀ ਤੇ ਦਿਲਦਾਰੀ ਨਾਲ ਕਰਨੀ ਹੈ।

ਆਉ ਆਪਾਂ ਤਾਂ ਸੋਹਣੇ ਸਤਿਗੁਰਾਂ ਦੀ ਗੱਲ ਕਰਦੇ ਸੀ। ਸੂਖਮ ਜਿਹੇ ਸੁਭਾਅ ਵਾਲਾ ਮਲੂਕ ਜਿਹਾ ਸੱਜਣ ਜੀਸੱਸ ਕਰਾਈਸਟ - ਸੋਹਣੇ ਸ਼ਬਦ ਬੋਲਦਾ - ਲੋਕ ਪੱਖ ਦਾ ਧਾਰਨੀ - ਰੱਬ ਦਾ ਪੁੱਤਰ ਸਾਡਾ ਤਾਂ ਬਾਪ ਹੀ ਲੱਗਿਆ, ਉਹਦੀ ਗੱਲ ਮੰਨੀਏ ਤੇ ਉਹਦੇ ਕਹਿਣੇ 'ਚ ਚੱਲੀਏ, ਪਿੱਛੋਂ ਦੇ ਬਾਕੀ ਗਿਆਨ ਦੀ ਗੁਠਲੀ ਨੂੰ ਵਿਸ਼ ਮੰਨੀਏ ਤਾਂ ਹੀ ਚੰਗੇ ਰਹੀਏ ਕਿਉਂਕਿ ਗਿਰਜਿਆਂ ਦੇ ਪਾਦਰੀ ਤਾਂ ਹੋਰਨਾਂ ਧਰਮਾਂ ਦਾ ਮੁੱਲਾ, ਪਾਦਰੀਆਂ, ਪੁਜਾਰੀਆਂ ਤੇ ਭਾਈਆਂ ਵਾਂਗ ਸ਼ੈਤਾਨ ਦੀ ਬੋਲੀ ਬੋਲਦੇ ਹਨ। ਬਾਣਾ ਤਾਂ ਸਤਿਗੁਰਾਂ ਦਾ ਪਾਉਂਦੇ ਨੇ ਪਰ ਬਾਣੀ ਤਾਂ ਸ਼ੈਤਾਨ ਦੀ ਕੂਕਦੇ ਨੇ। ਤੁਸੀਂ ਵੀ ਇੱਕ ਕਿਤਾਬ Biography of Bible ਪੜ੍ਹ ਲਵੋ। ਉਸ ਵਿਚੋਂ ਰੱਬ ਦੀ ਬਾਣੀ ਪਵਿੱਤਰ ਬਾਈਬਲ ਨੂੰ ਸੰਬੋਧਨ ਕਰਕੇ ਇੱਕ ਪਾਪੀ ਪਾਦਰੀ ਸ਼ੈਤਾਨ ਦਾ ਪੁੱਤਰ ਆਖਦਾ ਹੈ, "Be silent let me first interpret", ਅੰਗਰੇਜ਼ੀ ਵਿੱਚ ਇੱਕ ਨਾਟਕ ਪੜ੍ਹਿਆ ਸੀ ਜਿਸ ਵਿੱਚ ਸਮੇਂ ਦਾ ਪਾਦਰੀ ਸਤਿਗੁਰ ਯਸੂਹ ਮਸੀਹ (Lord Christ) ਨੂੰ ਆਖਦਾ ਹੈ ਕਿ ਤੂੰ ਕਮਰੇ ਵਿੱਚ ਲੁਕ ਕੇ ਬੈਠ, ਮੈਂ ਤੇਰੀ ਪੂਜਾ ਕਰਾਂਗਾ ਪਰ ਮੈਂ ਤੈਨੂੰ ਲੋਕਾਂ ਨੂੰ ਲੈਕਚਰ ਨਹੀਂ ਕਰਨ ਦੇਣਾ। ਸਮਝੋ ਵੀਰੋ! ਰੱਬ ਦੀ ਬਾਣੀ, ਇਨ੍ਹਾਂ ਅੱਜ ਦੇ ਸਮੇਂ ਦੇ ਧਾਰਮਕ ਪਰਪੰਚਾਂ ਵਾਲੇ ਆਗੂਆਂ, ਪੁਜਾਰੀਆਂ, ਮੌਲਵੀਆਂ, ਭਾਈਆਂ ਨੂੰ ਰਾਸ ਨਹੀਂ ਆਉਗੇ। ਉਹ ਤਾਂ ਰੱਬੀ ਭੇਖ ਧਾਰੀ ਜੀਭੋਂ ਸ਼ੈਤਾਨ ਦੇ ਸ਼ਲੋਕ ਬੋਲਦੇ ਹਨ। ਸੱਜਣੋ- ਬਚ ਕੇ ਰਹੋ ਭਾਈ, ਦੇਖਿਓ ਲੁੱਟੇ ਨਾ ਜਾਇਉ। ਜੇ ਬੋਲ ਸੁਣਨੇ ਨੇ ਤਾਂ ਸਤਿਗੁਰ ਗੋਰਖ ਨਾਥ ਦੇ ਸੁਣੋ। ਯੁਗਾਂ ਵਿੱਚ ਲੋਕ-ਪੱਖੀ ਇਨਕਲਾਬ ਲਿਆਉਣ ਵਾਲੇ ਕਾਰਲ ਮਾਰਕਸ, ਵਿਕਾਸ ਦੀ ਗੱਲ ਸਮਝਾਉਂਦੇ

ਫਕੀਰ ਚਾਰਲਿਸ ਡਾਰਵਿਨ ਦੀ ਸੋਝੀ ਲਵੋ, ਰੱਬ ਦੇ ਦੂਤ ਵਿਗਿਆਨੀ ਆਈਨਸਟਾਈਨ ਨੂੰ ਸਲਾਮ ਕਰੋ। ਇਹ ਸਾਰੇ ਯੁਗ-ਪੁਰਸ਼ ਰੱਬ ਦੇ ਭੇਜੇ ਹੋਏ ਦੂਤ ਨੇ, ਲੈ ਲਵੋ ਜੇ ਲਾਹਾ ਲੈ ਸਕਦੇ ਹੋ, ਇਨ੍ਹਾਂ ਬਿਨਾਂ ਜੋਗ ਨਹੀਂ ਕਮਾ ਹੋਣਾ, ਐਂਵੇ ਜੋਗੀਆਂ ਵਾਲੀ ਕਫਣੀ ਹੀ ਗਲ ਵਿੱਚ ਰਹਿ ਜਾਣੀ ਹੈ। ਨਾਨਕ ਬਾਣੀ ਦਾ ਅੰਮ੍ਰਿਤ ਪੀਵੋ ਤੇ ਚੰਗੇ ਅਮਲਾਂ ਵਿੱਚ ਸਤਿਗੁਰ ਦੀ ਖੁਸ਼ੀ ਪ੍ਰਾਪਤ ਕਰੋ, ਐਵੇਂ ਅੱਜ ਕੱਲ੍ਹ ਦੇ ਗੁਰਦਵਾਰੇ ਵਾਲੇ ਸਿੱਖਾਂ ਦੀ ਸਿੱਖੀ ਵਿੱਚ ਨਾ ਉਲਝੇ ਰਹੋ, ਸਤਿਗੁਰ ਰਾਮ ਸਿੰਘ ਜੀ ਦੇ ਕੂਕੇ ਸਿੰਘ ਸਜੋ ਪਰ 1922 ਤੋਂ ਪਿਛੋਂ ਦੇ ਪੋਚਵੀਂ ਪੱਗ ਬੰਨਣ ਵਾਲਿਆਂ 'ਤੇ ਭਰੋਸਾ ਨਾ ਕਰੋ, ਲੁੱਟੇ ਜਾਵੋਗੇ। ਧਾਰਮਕ ਲੁਟੇਰੇ ਭਾਰਤੀ ਰਾਜਨੀਤਕ ਆਗੂਆਂ ਵਾਂਗ ਚਾਲਾਂ ਚੱਲਦੇ ਹਨ। ਸਿੱਖਾਂ ਵਾਲੇ, ਹਿੰਦੂਆਂ ਵਾਲੇ, ਮੁਸਲਮਾਨਾਂ ਵਾਲੇ ਤੇ ਈਸਾਈਆਂ ਦੇ ਗਰੁੱਪ ਬਣੇ ਨੇ ਜਿਨ੍ਹਾਂ ਦੀ ਅੰਦਰੂਨੀ ਲੁਕਵੀਂ ਚਾਲ ਹੈ- ਲੋਕਾਂ ਦੀਆਂ ਜੇਬਾਂ ਫੋਲਣੀਆਂ ਤੇ ਆਪਣੇ ਢਿੱਡ ਭਰਨੇ। ਸਿੱਖ ਬਾਣੇ ਵਾਲੇ ਦੂਜਿਆਂ ਵਿਰੁੱਧ ਭੰਡੀ ਪ੍ਰਚਾਰ ਕਰਕੇ ਸਿੱਖ ਸੰਗਤਾਂ ਤੋਂ ਦਸਵੰਧ ਬਟੋਰ ਲੈਂਦੇ ਹਨ। ਸਿਰ ਤੇ ਲੰਬਾ ਬੋਦਾ ਲਟਕਾਈ ਹਿੰਦੂ, ਜਨੇਊ ਦਾ ਬਾਣਾ ਬੋਚਦੀ ਹਿੰਦੂ ਜਨਤਾ ਦੇ ਸਿਰ ਮੁੰਨੀ ਜਾਂਦਾ ਹੈ। ਮੁਲਾਣਾ ਮੁਸਲਮਾਨ ਅਖਵਾਉਂਦਾ ਟੋਪੀ ਵਾਲਾ ਮਸਜਦ ਦੇ ਸਿਖਰੋਂ ਫਿਰਕਾਪ੍ਰਸਤੀ ਦੀਆਂ ਬਾਂਗਾਂ ਦਿੰਦਾ ਹੈ ਤੇ ਅਮਰੀਕਾ, ਕਨੇਡਾ ਦੇ ਪਾਦਰੀ ਤਾਂ ਥਾਂ-ਥਾਂ 'ਤੇ ਗਿਰਜੇ ਬਣਾਈ ਲੋਕ ਲੁਟਾਈ ਵਿੱਚ ਰੁੱਝੇ ਤੇ ਗਿੱਝੇ ਹੋਏ ਨੇ, ਇਨ੍ਹਾਂ ਸ਼ੈਤਾਨ ਦੇ ਪੁੱਤਰਾਂ ਤੋਂ ਤਾਂ ਭਗਵਾਨ ਹੀ ਬਚਾਵੇ ਲੋਕਾਂ ਨੂੰ। ਹੇ ਮੌਲਾ! ਤੂੰ ਹੀ ਮਿਹਰ ਕਰੀਂ।

ਲੋਕਾਂ ਦੀ ਭੰਡੀ ਤਾਂ ਬਥੇਰੀ ਪੱਟ ਲਈ, ਹੁਣ ਆਪਾਂ ਆਪਣੀ ਪੀੜੀ ਹੇਠ ਵੀ ਸੋਟਾ ਫੇਰੀਏ। ਮੈਂ, ਹਸਤਾਖਰ ਕਰਨ ਵਾਲਾ ਜਗਜੀਤ, ਪੋਚਵੀਆਂ ਮਾਰਦਾ ਤਿਲਕਣਬਾਜ਼ੀ ਕਰਕੇ ਹੱਥੋਂ ਨਾ ਨਿਕਲ ਜਾਵੇ। ਇਸ ਲਈ ਲੋਕੋ! ਹੁਸ਼ਿਆਰ ਖਬਰਦਾਰ। ਹੁਣ ਜੋ ਲਿਖੂ, ਤੁਸੀਂ ਲਿਖਿਆ ਚੰਗੀ ਤਰ੍ਹਾਂ ਇੱਕ ਇੱਕ ਸ਼ਬਦ ਨਿਰਖ-ਨਿਰਖ ਕੇ, ਪੁਣ-ਪੁਣ ਕੇ ਵਾਚਿਉ, ਇਹ ਪੜ੍ਹੇ ਲਿਖੇ ਦਿਮਾਗੀ ਕਲਾਬਾਜ਼ੀਆਂ ਮਾਰ ਕੇ ਅੱਖੀਂ ਘੱਟਾ ਪਾ ਜਾਂਦੇ ਨੇ।

ਅਬ ਮੈਂ ਅਪਨੀ ਕਥਾ ਬਖਾਨੋ....

ਜਦੋਂ ਵੀ ਕੋਈ ਕਿਸੇ ਪਰਮਾਣੀਕ ਪਵਿੱਤਰ ਗ੍ਰੰਥ 'ਤੇ ਖੋਜ ਕਰਦਾ ਪੀ.ਐਚ.ਡੀ. ਕਰ ਲੈਂਦਾ ਹੈ ਤਾਂ ਉਹ ਪੜ੍ਹਿਆ ਲਿਖਿਆ ਮੰਨ ਲਿਆ ਜਾਂਦਾ ਹੈ। ਉਂਜ ਪਾੜ੍ਹੇ ਤਾਂ ਅਸੀਂ ਸਾਰੇ ਹੀ ਹਾਂ। ਇਸ ਲਈ ਤੁਹਾਨੂੰ ਗੰਭੀਰਤਾ ਨਾਲ ਪੜ੍ਹਨਾ ਤੇ ਸਮਝਣਾ ਹੀ ਬਣਦਾ ਹੈ। ਇਹ ਡਿਊਟੀ ਵੀ ਹੈ ਕਿਉਂਕਿ ਕਿਤੇ ਇਹ ਨਾ ਹੋਵੇ ਕਿ ਇੱਕ ਹੋਰ ਭੋਲੀ ਸੂਰਤ ਤੇ ਕੁਚੱਜੀ ਕਰਤੂਤ ਵਾਲਾ ਉਂਗਲਾਂ 'ਤੇ ਨਚਾ ਕੇ ਸਾਨੂੰ ਲੁੱਟ ਲਵੇ ਤੇ ਚਲਦਾ ਬਣੇ। ਇਸੇ ਲਈ ਜੀਵਨ ਜਾਚ ਜਾਂ ਧਾਰਮਕ ਸੇਧਾਂ ਵਾਲੀ ਇੱਕ ਪਰਚੀ ਪਹਿਲਾਂ ਵੀ ਛਪਵਾ ਦਿੱਤੀ ਹੈ। ਮੈਂ ਤਾਂ ਆਪਣਾ ਫਰਜ਼ ਪੂਰਾ ਕਰ ਦਿੱਤਾ ਹੈ, ਤੁਸੀਂ ਆਪਣਾ ਭਲਾ ਬੁਰਾ ਪਹਿਚਾਣਿਉ।

ਪੂਰੀ ਜਾਣਕਾਰੀ ਵਿਗਿਆਨਕ ਭਾਸ਼ਾ ਵਿੱਚ ਇੰਜ ਹੈ ਕਿ ਇਹ ਬੰਦਾ ਗਿਆਨ ਪ੍ਰਾਪਤੀ ਦਾ ਸ਼ੈਦਾਈ ਹੈ। ਯੂਨਾਨੀ ਭਾਸ਼ਾ ਦੇ ਅਫਲਾਤੂਨ ਤੇ ਅਰਸਤੂ ਦੀ ਫਿਲਾਸਫੀ ਤੋਂ ਸ਼ੁਰੂ ਕਰਕੇ ਪਿੱਛੋਂ ਗਿਆਨ ਦਾ ਰੋਮਾਨੀ ਰੰਗ ਵੀ ਪਰਖਿਆ ਹੈ। ਅੰਗਰੇਜ਼ੀ ਬੋਲੀ ਤਾਂ ਮੇਰੇ ਲਈ ਪੰਜਾਬੀ ਬੋਲੀ ਜਿਹੀ ਪਿਆਰੀ ਹੈ। ਲੋਕ ਭਲਾਈ ਤੇ ਰੱਬ ਰਜ਼ਾਈ ਦੀ ਗੱਲ ਜਿਥੇ ਮਰਜ਼ੀ ਹੋਵੇ ਉਹ ਸੁਣੀ ਹੈ, ਸਮਝੀ ਹੈ ਤੇ ਹੰਢਾਈ ਹੈ। ਉਹ ਰੂਸੀ ਹੋਵੇ, ਜਰਮਨ ਹੋਵੇ, ਅਮਰੀਕੀ ਹੋਈ, ਚੀਨੀ ਹੋਵੇ, ਦੇਸ਼ਾਂ ਨਾਲ ਮਤਲਬ ਨਹੀਂ, ਅੰਤਰ-ਰਾਸ਼ਟਰੀ ਸੋਚ ਵਿੱਚ ਸੱਚ ਤੇ ਸੱਚੇ ਸਾਡੇ ਹੁੰਦੇ ਹਨ। ਦੇਸ਼ਾਂ, ਜਾਤਾਂ, ਮਜਹਬਾਂ ਤੇ ਗੋਤਾਂ ਦੀਆਂ ਸੋਚਾਂ ਤਾਂ ਸ਼ੈਤਾਨ ਦੀਆਂ ਸਮਝਾਂ ਹਨ ਤੇ ਵਿਨਾਸ਼ਕਾਰੀ ਹਨ। ਵਿਕਾਸ ਦਾ ਆਸ਼ਕ ਆਪਣੇ ਘਰ ਵਿੱਚ ਵਿਨਾਸ਼ ਦੀ ਹੂਰਾਂ ਪਰੀ ਨੂੰ ਵੜਨ ਨਹੀਂ ਦਿੰਦਾ ਭਾਵੇਂ ਉਹ ਤਿੰਨ ਸੌ ਸੱਠ ਚਲਿੱਤਰਾਂ ਵਿੱਚ ਵੀ ਪਰਵੀਨ ਕਿਉਂ ਨਾ ਹੋਵੇ।

ਵਿਸ਼ੇਸ਼ ਧਿਆਨ ਗੋਚਰੀ ਗੱਲ ਜੋ ਗੰਭੀਰਤਾਪੂਰਣ ਵਿਚਾਰ ਦੀ ਮੰਗ ਕਰਦੀ ਹੈ ਉਹ ਇਹ ਹੈ ਕਿ ਸਮੁੱਚ ਵਿੱਚ ਲਗਾਤਾਰ ਗਤੀਸ਼ੀਲਤਾ ਦਾ ਹੋਣਾ ਤੇ ਪ੍ਰਾਣ ਵਾਯੂ ਦਾ ਆਦਿ ਗਤੀ ਅਨੁਸਾਰ ਵਿਚਰਣ ਕਾਰਣ ਜੀਵਨ ਦਾ ਸੰਸਾਰ ਸਿਰਜਣਾ ਤੇ ਪਰਿਵਰਤਨ ਦਾ ਸਦੀਵੀ ਤੇ ਲਗਾਤਾਰ ਹੋਣਾ ਤੇ ਇਸ ਤੇ ਭਾਣਾ ਦੇ ਵਾਪਰਣ ਰੂਪੀ ਵਿਕਾਸ ਦਾ ਹੋਣਾ ਜਿਸ ਨੂੰ ਆਪਾਂ Plus Something ਦਾ ਅਗੰਮੀ ਸਿਧਾਂਤ ਮੰਨਦੇ ਹਾਂ।

ਇਹ ਸਭ ਕੁੱਝ ਮਨੁੱਖੀ ਬੁੱਧੀ ਦੀਆਂ ਹੱਦਾਂ ਵਿੱਚ ਜਾਪਦਾ ਹੋਇਆ ਵੀ ਸੋਚ ਦੀਆਂ ਸਮਝਾਂ ਦੇ ਹੱਥੋਂ ਵੀ ਨਿਕਲ ਨਿਕਲ ਜਾਂਦਾ ਹੈ। ਮਨੁੱਖ ਨੇ ਬਥੇਰਾ Metaphysics ਪਰਾ-ਭੌਤਿਕ ਵਿਗਿਆਨ ਦੀ ਸਮਝ ਕੀਤੀ, ਖੋਜ ਕੀਤੀ ਤੇ ਫਾਰਮੂਲਿਆਂ ਵਿੱਚ ਬੰਨ੍ਹਣ ਦਾ ਯਤਨ ਕੀਤਾ। ਪਰ ਕੀ ਕਰੀਏ, ਇਹ ਪਾਰੇ ਵਾਂਗ ਤਿਲਕ ਜਾਂਦਾ ਹੈ। ਵਿਗਿਆਨਕ ਸਮਝ ਤੇ ਫਾਰਮੂਲੇਸ਼ਨ ਲਈ ਸਮੁੱਚ ਦੇ ਟਿਕਣ ਦੀ, ਅਟਕਨ ਦੀ ਲੋੜ ਹੁੰਦੀ ਹੈ। ਪਰ ਇਹ ਸਦਾ ਬਦਲਦੀ, ਗਤੀਸ਼ੀਲਤਾ ਦਾ ਕੀ ਕਰੀਏ, ਜਦੋਂ ਸਮਝ ਲੱਗਣ ਲੱਗਦੀ ਹੈ ਤਾਂ ਮਜਾਜਣ ਕੁਦਰਤ ਕੁੜੀ ਦਾ ਮੂਡ ਬਦਲ ਜਾਂਦਾ ਹੈ। ਸਦਾ ਬਦਲਦੇ ਮਜਾਜ ਵਾਲੀ ਨਖਰੇਲੋ ਪ੍ਰਕਿਰਤੀ ਦਾ ਕੀ ਕਰੀਏ।

ਇਤਿਹਾਸ ਦੀ ਖੋਜ ਸਾਨੂੰ ਵਿਸ਼ਵਾਸ ਕਰਵਾਉਂਦੀ ਹੈ ਕਿ ਧਰਤੀ ਦੇ ਭਾਗ ਜਗਾਉਣ ਖਾਤਰ ਕਈ ਪੈਗੰਬਰ ਭੇਜੇ ਹੋਏ ਆਉਂਦੇ ਹਨ, ਜਿਨ੍ਹਾਂ ਪਾਸ ਇੱਕ ਵਿਸ਼ੇਸ਼ ਸਮੇਂ ਦਾ ਵਿਸ਼ੇਸ਼ ਭੂਗੋਲਿਕ ਖੇਤਰ ਦੀ ਵਿਸ਼ੇਸ਼ ਇਤਿਹਾਸਕ ਸਥਿਤੀ (ਰਜਵਾੜਾਸ਼ਾਹੀ ਜਾਂ ਲੋਕਰਾਜੀ ਸ਼ਾਸਨ ਕਾਲ ਆਦਿ) ਦੀਆਂ ਯੁਗ ਵਿਸ਼ੇਸ਼ ਪ੍ਰਸਥਿਤੀਆਂ ਵਿੱਚ, ਇੱਕ ਵਿਲੱਖਣ ਤੇ ਵਿਕੋਲਿਤਰਾ ਤੇ ਵਿਸ਼ੇਸ਼ ਹੱਲ ਦਾ ਹੋਕਾ ਦੇਣ ਤੇ ਲੋਕ-ਪੱਖੀ ਵਿਕਾਸਮੁਖੀ ਤਬਦੀਲੀ ਲਿਆਉਣਾ ਇੱਕ ਸਥਾਪਤੀ ਨੂੰ ਤੋੜ ਕੇ ਸਮੇਂ ਦੇ ਵਹਾਅ ਨੂੰ ਅੱਗੇ ਟੋਰਨਾ ਹੁੰਦਾ ਹੈ। ਜਿਸ ਲਈ ਸੰਸਾਰ ਵਿੱਚ ਸਮੇਂ ਸਮੇਂ ਪੈਗੰਬਰ ਸਾਹਿਬਾਨ ਜਿਨ੍ਹਾਂ ਨੂੰ ਸਤਿਗੁਰੂ ਵੀ ਆਖਿਆ ਜਾ ਸਕਦਾ ਹੈ, ਆ ਕੇ ਪ੍ਰਗਟ ਹੁੰਦੇ ਹਨ। ਸ਼ਿਵਜੀ ਆਪਣੇ ਸਮੇਂ, ਕ੍ਰਿਸ਼ਨ ਭਗਵਾਨ ਆਪਣੇ ਸਮੇਂ, ਮਹਾਤਮਾ ਬੁੱਧ ਆਪਣੇ ਸਮੇਂ ਤੇ ਨਾਨਕ ਪਾਤਸ਼ਾਹ ਆਪਣੇ ਸਮੇਂ ਆਪਣਾ ਪੈਗੰਬਰੀ ਕਾਰਜ ਕਰਦੇ ਆਉਂਦੇ ਹਨ। ਸੱਚ ਦਾ ਪਾਂਧੀ ਇਨ੍ਹਾਂ ਰੱਬੀ ਜੋਤਾਂ ਦੀ ਚਰਨ ਧੂੜ ਤੇ ਰਿਣੀ ਹੈ, ਕਿਰਤਾਰਥ ਹੈ ਤੇ ਸ਼ੁਕਰਾਨੇ ਨਾਲ ਭਰਿਆ ਹੋਇਆ ਹੈ। ਜੋ ਵੀ ਪੁਰਸ਼ ਕਿਸੇ ਵੀ ਪੈਗੰਬਰ ਜੋਤ ਪ੍ਰਤੀ ਅਪਸ਼ਬਦ ਵਰਤਦਾ ਹੈ ਉਹ ਸ਼ੈਤਾਨ ਦੀ ਬੋਲੀ ਬੋਲਦਾ ਹੈ ਤੇ ਸ਼ੈਤਾਨ ਦਾ ਏਜੰਟ ਹੈ। ਸੱਚ ਦਾ ਸਹੀ ਗਿਆਨ ਇਹ ਹੈ ਕਿ ਅਸੀਂ ਬੀਤੇ ਸਮੇਂ ਹੋਏ ਪੈਗੰਬਰ ਦਾ, ਗੁਰੂ ਸਾਹਿਬਾਨ ਦਾ ਸਤਿਕਾਰ ਕਰਦੇ ਹਾਂ, ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਨੂੰ ਹੱਲ ਦੇ ਹਾਣੀ ਦੀ ਖੋਜ ਤੇ ਲੋੜ ਵਿੱਚ ਵਿਚਰਦੇ ਹਾਂ ਤੇ ਭਵਿੱਖ ਦੇ ਪੈਗੰਬਰੀ ਪੁਰਸ਼ਾਂ ਨੂੰ ਜੀ ਆਇਆਂ ਆਖਦੇ ਹੋਏ ਭਵਿੱਖੀ ਸਤਿਗੁਰੂ ਨੂੰ ਵੀ ਫੁੱਲਾਂ ਦਾ ਗੁਲਦਸਤਾ ਲਈ ਉਡੀਕਵਾਨ ਹੁੰਦੇ ਹਾਂ।

ਵਾਹਿਗੁਰੂ ! ਤੇਰੀਆਂ ਤੂੰ ਹੀ ਜਾਣੇਂ।

ਸੰਸਕ੍ਰਿਤ ਦੇ ਸ਼ਿਵ ਸੂਤਰ ਤੇ ਅਸ਼ਟਾਵਕਰ ਗੀਤਾ ਤੇ ਵਿਵੇਕ ਚੂੜਾਮਣੀ ਤੋਂ ਸ਼ੁਰੂ ਕਰਕੇ ਸੋਹਣੇ ਸਤਿਗੁਰੂ ਨਾਨਕ ਪਾਤਸ਼ਾਹ ਤੇ ਕਬੀਰ ਸ਼ਹਿਨਸ਼ਾਹ ਤੇ ਬੁੱਲਾ, ਬਾਹੂ (ਮੇਰੇ ਫਕੀਰ ਸੱਜਣ) ਸਾਰਿਆਂ ਦੀ ਚਰਨਧੂੜ ਵਿੱਚ ਵੀ ਰੌਸ਼ਨੀ ਭਾਲੀ ਹੈ। ਬਿਗਾਨੇ ਖੰਭਾਂ ਨਾਲ ਉਡਾਰੀ ਮਾਰਨ ਵਾਲੇ ਆਚਾਰੀਆ ਰਜਨੀਸ਼ ਅਤੇ ਸੱਜਣ ਸਲੋਨੜੇ ਡਾ. ਹਜਾਰੀ ਪ੍ਰਸਾਦ ਦ੍ਵੇਦੀ ਤੇ ਡਾ. ਮੋਹਣ ਸਿੰਘ ਦੀਵਾਨਾ ਦੀ ਦੀਵਾਨਗੀ ਦਾ ਰੰਗ ਮੰਗ ਕੇ ਲਿਆ ਹੈ ਤੇ ਨਾਸਤਿਕ ਬਾਬਿਆਂ, ਚਾਰ ਵਾਕਯ ਦਰਸ਼ਨ ਤੋਂ ਲੈ ਕੇ ਮਾਰਕਸਵਾਦੀ ਦਾਰਸ਼ਨਿਕ ਤੇ ਤਰਕਸ਼ੀਲ ਸੋਚ ਵਾਲਿਆਂ ਦੀਆਂ ਪੁਸਤਕਾਂ ਪੜ੍ਹੀਆਂ ਹੀ ਨਹੀਂ, ਉਨ੍ਹਾਂ ਨਾਲ ਕਈ ਪਲ ਹੰਢਾਏ ਵੀ ਹਨ ਤੇ ਮਿੱਤਰ ਵੀ ਬਣਾਏ ਹਨ। ਰੱਬ, ਸੱਚ, ਸੱਚਾਈ, ਸੁਕਿਰਤ, ਸੁਚਿਆਰਤਾ ਤੇ ਸੁਚੱਜਤਾ ਦੀ ਖੁਸ਼ਬੋ ਜਿਥੋਂ ਵੀ ਮਿਲੀ ਦੀਵਾਨਿਆਂ ਵਾਂਗ ਭਾਲੀ ਹੈ। ਅੰਤਹਕਰਣ ਨੂੰ ਰੌਸ਼ਨ ਕਰਨ ਲਈ ਚਾਨਣ ਜਿੱਥੋਂ ਵੀ ਮਿਲਿਆ ਹੈ ਲੈਣ ਦਾ ਉਪਰਾਲਾ ਕੀਤਾ ਹੈ। ਈਸਾਈ ਮੱਤ ਪੜ੍ਹਿਆ, ਮੁਸਲਮਾਨ ਸੋਚ ਸਮਝੀ, ਹਿੰਦੂ ਧਰਮ ਦਾ ਗਿਆਨ ਪ੍ਰਾਪਤ ਕੀਤਾ, ਸਿੱਖ ਮੱਤ ਦਾ ਸਨਮਾਨ ਕੀਤਾ ਪਰ ਅਜੋਕੇ ਸਮੇਂ ਦੀਆਂ ਬਹੁ-ਪਰਤੀ ਸਮੱਸਿਆਵਾਂ ਦੇ ਇਲਾਜ ਵਜੋਂ ਪੂਰਣ ਕੋਈ ਨਾ ਦਿਸਿਆ, ਇਸ ਲਈ ਸਭ ਵਿਚੋਂ ਅੰਮ੍ਰਿਤ ਲਿਆ ਤੇ ਵੱਡਿਆਂ ਦੇ ਚਰਨਾਂ 'ਚ ਸਿਰ ਝੁਕਾਅ ਕੇ ਆਪਣਾ ਕਾਸਾ ਭਰਨ ਦਾ ਯਤਨ ਕੀਤਾ। ਵਿਗਿਆਨਕ ਸੋਚ ਜੋ ਅਜੋਕੀ ਰੱਬੀ ਪ੍ਰਕਾਸ਼ ਦੀ ਦੇਣ ਹੈ, ਉਸ ਦੇ ਗੁਲਾਬ ਜਲ ਨਾਲ ਆਪਣੇ ਭਾਂਡੇ ਨੂੰ ਭਰਨ ਦਾ ਯਤਨ ਕੀਤਾ। ਕੁੱਝ ਭਰਿਆ ਵੀ ਪਰ ਜਿੰਨਾ ਕੁ ਖਾਲੀ ਰਿਹਾ ਰੱਬ ਅੱਗੇ ਕਰ ਦਿੱਤਾ, ਰੱਬ ਨੇ ਹੱਸ ਕੇ ਭਰ ਦਿੱਤਾ।

'ਮੇਰੀ ਬੁੱਕਲ ਦੇ ਵਿੱਚ ਚੋਰ।'

**-ਜਗਜੀਤ ਸਿੰਘ ਗਰੇਵਾਲ**

ੴ

ਹਰ ਯੁੱਗ ਵਿੱਚ ਲੇਖਕ, ਚਿੱਤਰਕਾਰ, ਕਵੀ, ਗਵਈਏ- ਸਾਰੇ ਕੋਮਲ ਕਲਾਵਾਂ ਦੇ ਸ਼ੈਦਾਈ ਕਲਾਕਾਰ ਆਦਿ ਸ਼ਕਤੀ (ਕਰਤਾਪੁਰਖ) ਜਿਸ ਨੂੰ ਆਪਾਂ ਮਾਂ ਪਾਰਬਤੀ, ਮਾਂ ਭਗੌਤੀ, ਮਾਂ ਜਗਜਨਨੀ, ਮਾਂ ਕਾਲੀ, ਮਾਂ ਸਰਸਵਤੀ ਜਾਂ ਕੁੰਡਲਿਨੀ ਆਦਿ ਕੋਈ ਵੀ ਨਾਂ ਦੇਈਏ, ਮਾਂ ਦੇ ਪੁੱਤਰ ਹੀ ਤਾਂ ਹੁੰਦੇ ਹਨ। ਭਗਵਾਨ ਸ਼ਿਵ ਦੀ ਅਰਧਾਂਗਿਣੀ ਦੇ ਨਾਂ ਵੀ ਤਾਂ ੴ ਸਰੂਪ ਨਿਰੰਕਾਰ ਜਿਤਨੇ ਹੀ ਹੋਣਗੇ। ਇਹ ਮਾਂ ਜਾਏ ਧੁਰੋਂ ਵਰੋਸਾਏ ਕਲਾ ਕਿਰਤਾਂ, ਗ੍ਰੰਥਾਂ, ਮਹਾਂਕਾਵਿ ਤੇ ਗੀਤ ਕਾਵਿ, ਸੰਗੀਤ ਤੇ ਨ੍ਰਿਤ ਵੰਨਗੀਆਂ ਨੂੰ ਜਨਮ ਦਿੰਦੇ ਹਨ। ਉਹ ਪਰਮਾਤਮਾ ਦੀ ਉਸਦੀ ਸ਼ਕਤੀ ਰਾਹੀਂ ਬਖਸ਼ੀ ਦਾਤ ਨੂੰ ਰਚਨਾਵਾਂ/ਕਿਰਤਾਂ ਦਾ ਰੂਪ ਦਿੰਦੇ ਹਨ। ਖੁਦ ਅਨੰਦਿਤ ਹੁੰਦੇ ਹਨ ਤੇ ਸਾਰਿਆਂ ਨੂੰ ਖੁਸ਼ੀਆਂ ਵੰਡਦੇ ਹਨ। ਇਸ ਤਰ੍ਹਾਂ ਉਹ ਸਮੁੱਚੇ ਜੀਵਨ ਵਿੱਚ ਖੇੜਾ ਪਸਾਰ ਤੇ ਪ੍ਰਕਾਸ਼ ਦੇ ਫੈਲਾਅ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ।

ਸ਼ੈਵ-ਦਰਸ਼ਨ ਦੀਆਂ ਧਾਰਨਾਵਾਂ ਤੇ ਸੰਕਲਪਾਂ ਨੂੰ ਵਰਤਦਿਆਂ ਆਖ ਸਕਦੇ ਹਾਂ ਕਿ ਇੰਜ ਮਾਂ ਸ਼ਕਤੀ ਦੇ ਧੀਆਂ ਪੁੱਤਰ ਮਾਂ ਦੀ ਪੈਦਾ ਕੀਤੀ ਪ੍ਰਕਿਰਤੀ (Nature, ਕੁਦਰਤ) ਵਿੱਚ ਇੱਕ ਹੋਰ ਜਨ-ਪ੍ਰਕਿਰਤੀ ਦੀ ਰਚਨਾ ਕਰਦੇ ਹਨ। ਇਸ ਕਲਾਸਮਿਕਤਾ ਦੀ ਰਚਨਾਤਮਕ ਗੁਣ ਦਾ ਆਧਾਰ ਰੱਬੀ ਗੁਣ ਪਿਆਰ ਹੈ, ਮਾਇਆ ਤੇ ਮੋਹ ਨਹੀਂ। ਅਪਣੱਤ ਦਾ ਪਿਆਰ ਤੇ ਪਿਆਰ ਦਾ ਸਮਰਪਣ ਜ਼ਿੰਦਗੀ ਦੇ ਇਨ੍ਹਾਂ ਨਾਇਕ/ਨਾਇਕਾਵਾਂ ਦੀ ਮੌਜ ਹੁੰਦਾ ਹੈ।

ਸਮੇਂ ਦੇ ਸਦ-ਪਰਿਵਰਤਨਸ਼ੀਲ ਸੁਭਾਅ ਕਾਰਣ ਇਹ ਵੀ ਹੁੰਦਾ ਹੈ ਕਿ ਮਾਇਆਵੀ ਤਿੱਖ-ਬੁੱਧੀ ਘੁਣਤਰੀ ਆਪਣੀ ਤਿਰਛੀ ਨਜ਼ਰ ਦਾ ਅਗਨਬਾਣ ਆਪਣੀ ਕੰਪਿਊਟਰੀ ਵਿਗਿਆਨਕ ਚਾਣਿਕਿਆਈ ਬੌਧਿਕਤਾ ਨਾਲ ਇੰਜ ਸੇਧ ਕੇ ਅਜਿਹੇ ਦਾਅ-ਪੇਚ ਵਰਤਦੇ ਹਨ ਕਿ ਬਾਦਸ਼ਾਹੀਆਂ ਹਿੱਲ ਜਾਂਦੀਆਂ ਹਨ। ਤਖਤ ਵਾਲੇ ਨੂੰ ਤਖਤ ਤੇ ਭੁੰਜੇ ਸੌਣ ਵਾਲੇ ਨੂੰ ਰਾਜ ਮਹੱਲ ਨਸੀਬ ਹੋ ਜਾਂਦਾ ਹੈ। ਇੱਕ ਲਫ਼ਜ਼ ਦੇ ਹੇਰ ਫੇਰ ਵਿੱਚ ਹੋਣੀਆਂ ਬਦਲ ਜਾਂਦੀਆਂ ਹਨ।

ਕਲਾ ਲੋਕਾਂ ਲਈ ਦੀ ਥਾਂ ਕਲਾ ਜੋਕਾਂ ਲਈ ਬਣ ਜਾਂਦੀ ਹੈ। 'ਲ' ਨੂੰ ਲਾਰਾ ਲਾਇਆ ਤੇ 'ਜ' ਨੂੰ ਉਸ ਥਾਂ ਟਿਕਾਇਆ ਤੇ ਹੋ ਗਈ ਜੁੱਗ ਗਰਦੀ। ਮਾਇਆ ਦੇ ਸ਼ੈਤਾਨ ਪੁੱਤਰ ਆਣਵਮਲ- (Which is called primary limiting Condition which reduces the universal consciousness to an Anu (ਅਣੂ) a limited creature) ਦੀ ਓੜ ਦੇ ਵਿੱਚ ਦੂਜੀਆਂ ਦੋਨੋਂ ਕਾਲੀਆਂ ਭਿੱਜੀਆਂ ਕੰਬਲੀਆਂ ਪ੍ਰਕਿਰਤੀ ਦੇ ਜਾਇਆਂ ਤੇ ਇੰਜ ਵਲੇਟ ਦਿੰਦੇ ਹਨ ਕਿ ਮਨੁੱਖਤਾ ਦੀ ਲੋਅ ਬੁਝਾ ਦਿੱਤੀ ਜਾਵੇ। ਇਹ ਮਿੱਟੀ ਤੇ ਮਿੱਟੀ ਦੇ ਇਹ ਪਰਛਾਵੇਂ ਸਾਵਣ ਦੇ ਬੱਦਲਾਂ ਵਾਂਗ ਅਰਸ਼ ਨੂੰ ਕੱਜਣਾ ਲੋੜਦੇ ਹਨ।

ਭੁੱਲੜ ਮਨੁੱਖ ਕਰਤਾ ਅਖਵਾ ਕੇ ਰੱਬ ਬਣਨ ਦਾ ਨਾਟਕ ਕਰਦਾ ਹੈ, ਦ੍ਵੈਤ ਸਿਰਜਦਾ ਹੈ ਤੇ ਖੁਦ ਹੀ ਉਸ ਵਿੱਚ ਅੱਧਾ ਅਧੂਰਾ ਹੋ ਕੇ ਬੌਣਾ ਜਿਹਾ ਸੀਮਿਤ ਮਨੁੱਖ ਬਣ ਵਿਚਰਦਾ ਹੈ। ਭੁੱਲੜ ਮਨੁੱਖ ਅਕਲੋਂ ਅੰਨ੍ਹਾ ਸ਼ਕਲੋਂ ਸੋਹਣਾ, ਹਨੇਰ ਕੋਠੜੀ ਵਿੱਚ ਆਪ ਬਣਾਇਆ ਤਾਜ (ਮੁਕਟ) ਪਹਿਨਦਾ ਹੈ। ਰਾਮ ਲੀਲਾ ਦੇ ਪਾਤਰ ਵਾਂਗ ਮਨੋਰੋਗੀ ਹਉਮੈ ਦਾ "ਮੇਰੀ ਭਾਵੇਂ ਜਾਨ ਕੱਢ ਲੈ ਮੇਰੀ ਹਉਮੈ ਨੂੰ ਨਾ ਮਾਰ ਫਕੀਰਾ।" ਤੇ ਇਵੇਂ ਹੀ ਆਉਣ ਜਾਣ ਬਣਾਈ ਰੱਖਦਾ ਹੈ।

ਇੰਜ ਸ਼ੈਤਾਨ ਨਵਾਂ ਸੰਸਾਰ ਸਿਰਜਕ ਬਣ ਖਲੋਂਦਾ ਹੈ। ਬਹੁ-ਰੂਪੀਏ ਗਿਰਗਿਟ ਦਾ ਬੱਚਾ ਕਦੇ ਰੱਬ ਦਾ ਓਡਣ ਪਾ ਲੈਂਦਾ ਹੈ ਤੇ ਕਦੇ ਫਕੀਰੀ ਜਾਮਾ ਕਫਣੀ ਪਾ ਲੈਂਦਾ ਹੈ, ਕਦੇ ਸੋਲਾਂ ਸ਼ਿੰਗਾਰੀ ਸਜਿਆ ਸੰਸਾਰੀ ਤੇ ਕਦੇ ਦੈਂਤ ਦੇ ਨੁਕੀਲੇ ਦੰਦਾਂ ਵਾਲਾ ਹਿਟਲਰ। ਸਿਆਣੇ ਸੱਜਣੋ! ਸੱਚ ਦੀ ਸਮਝ ਕਰੋ।

ਫਕੀਰ ਮਨੁੱਖ ਕਾਰਲ ਮਾਰਕਸ ਨੇ ਪੱਕੇ ਮਿੱਤਰ ਏਂਗਲਜ਼ ਦੀ ਮਦਦ ਨਾਲ ਦ੍ਵੰਦਾਤਮਕ ਪਦਾਰਥਵਾਦ (Dialectical Materialism) ਦੀ ਗੱਲ ਅੱਗੇ ਤੋਰੀ ਜਾਂ ਇਉਂ ਕਹੀਏ ਪੂਰੀ ਕੀਤੀ। ਕਾਮਰੇਡ ਲੈਨਿਨ ਤੇ ਸਟਾਲਿਨ ਨੇ ਰੂਸ ਵਿੱਚ, ਕਾਮਰੇਡ ਮਾਓ ਨੇ ਚੀਨ ਵਿਚ, ਕਾ. ਲਿਊ ਸਾਉਚੀ ਨੇ ਵੀਅਤਨਾਮ ਵਿੱਚ ਤੇ ਇੱਕ ਨੰਬਰੀਏ ਫਕੀਰ ਕਾ. ਚੀ ਗਵੇਰਾ ਦੀ ਮਦਦ ਨਾਲ ਮਹਾਂਪੁਰਖ ਫੀਡਲ ਕਾਸਟਰੋ ਨੇ ਕਿਊਬਾ ਵਿੱਚ ਦ੍ਵੰਦਾਤਮਕ ਪਦਾਰਥਵਾਦ ਦਾ ਫਲਸਫਾ ਲਾਗੂ ਕੀਤਾ ਹੈ ਤੇ ਸੰਸਾਰ ਪੱਧਰ 'ਤੇ ਸਮਾਜਵਾਦ ਦਾ ਝੰਡਾ ਗੱਡਿਆ। ਇਨ੍ਹਾਂ ਲੋਕ ਨਾਇਕਾਂ ਲਈ ਜ਼ਿੰਦਾਬਾਦ ਦਾ ਨਾਅਰਾ ਲਾਈਏ। ਲੋਕ ਭਲਾਈ ਲਈ ਸਮਰਪਿਤ ਨਾਸਤਕ ਲੋਕ ਲੋਟੂ ਆਸਤਕ ਨਾਲੋਂ ਪਰਮਾਤਮਾ ਦਾ ਵਧੇਰੇ ਨਜ਼ਦੀਕੀ ਹੁੰਦਾ ਹੈ। ਲੋਕ ਸ਼ਕਤੀ ਲਈ ਸੰਸਾਰ ਵਿੱਚ ਲੜੀਆਂ ਸੁਤੰਤਰਤਾ ਸੰਗਰਾਮ ਦੇ ਨਾਇਕਾਂ ਨੂੰ ਸਲਾਮ। ਲੋਕ ਮੁਕਤੀ ਅੰਦੋਲਨ ਜ਼ਿੰਦਾਬਾਦ।

ਪਰਮਾਤਮਾ ਦੇ ਨਾਮ ਨੂੰ ਗਾਡ, ਅਲਾਹ, ਈਸ਼ਵਰ ਤੇ ਵਾਹਿਗੁਰੂ ਦੇ ਨਾਂ ਨਾਲ ਸਿਮਰਣ ਕਰਵਾਉਣ ਵਾਲੇ ਪੈਗੰਬਰ ਸਾਹਿਬਾਨ ਤੋਂ ਚਰਨ ਛੋਹ ਦੀ ਆਗਿਆ ਮੰਗੋ, ਪ੍ਰਵਾਨ ਹੋਵੇਗੀ। ਇਸ ਭੂਮਿਕਾ ਨਾਲ ਆਪਾਂ ਇੱਕ ਗੰਭੀਰ ਗੱਲ ਗੌਲੀਏ, ਸਮਝੀਏ ਤੇ ਅੱਗੇ ਤੋਰੀਏ।

"ਵੂੰਦਾਤਮਕ ਪਦਾਰਥਵਾਦ ਸੱਚ ਨੂੰ ਇੱਕ ਸੀਮਿਤ ਦੁਨਿਆਵੀ ਦਾਇਰੇ ਵਿੱਚ ਸੀਮਿਤ ਕਰਕੇ ਸਮਝਣ ਦੀ ਸਫਲ ਕੋਸ਼ਿਸ਼ ਹੈ। ਪਰ ਜਦੋਂ ਸਮੁੱਚ (The whole) ਦੇ ਅਸੀਮ, ਵਿਸਥਾਰ ਵਿੱਚ ਸੱਚ ਨੂੰ ਸਮਝਣ ਦਾ ਯਤਨ ਕਰਾਂਗੇ ਤਾਂ ਸਹਿਜਧਾਰਾ ਵਾਲੇ ਇਸ ਨੂੰ ਵੂੰਦਾਤਮਕ ਅਸਤਿਤ੍ਵਵਾਦ (Dialectical Existentialism) ਕਹਿਣਗੇ।"

ਆਇਨਸਟਾਈਨ ਸਾਨੂੰ ਭੁੱਲ ਗਿਆ ਤੇ ਉਸ ਦੇ ਨਾਲ ਹੀ ਅਸੀਂ ਉਸ ਦਾ ਬਣਾਇਆ ਫਾਰਮੂਲਾ $E=MC^2$ ਜਾਣ ਬੁਝ ਕੇ ਆਪਣੀ ਕੁਟਿਲ ਨੀਤੇ ਤੇ ਖਚਰੀ ਬੁੱਧੀ ਨਾਲ ਭੁਲਾ ਦਿੰਦੇ ਹਾਂ। ਇਹ ਵੀ ਭੁੱਲ ਜਾਂਦੇ ਹਾਂ ਕਿ ਅਣੂ (Atom) ਨੂੰ ਅਸੀਂ ਅਇਨਸਟਾਈਨ ਦੇ ਫਾਰਮੂਲੇ ਨਾਲ ਊਰਜਾ (Energy) ਵਿੱਚ ਬਦਲ ਦਿੰਦੇ ਹਾਂ ਤੇ ਬਦਲ ਰਹੇ ਹਾਂ। ਬਿਜਲੀ ਪੈਦਾ ਕਰਨ ਵਾਲਾ ਬਠਿੰਡੇ ਵਾਲਾ ਪਲਾਂਟ ਵੀ ਇਸੇ ਤਰ੍ਹਾਂ ਪੈਦਾ ਕੀਤੀ ਸ਼ਕਤੀ ਨਾਲ ਚੱਲਦਾ ਹੈ ਤੇ ਵਿਕਸਿਤ ਦੇਸ਼ਾਂ ਵਿੱਚ ਤਾਂ ਦਿਸਣਯੋਗ ਪਦਾਰਥਕ ਅਣੂ ਨੂੰ ਅਦ੍ਰਿਸ਼ਟ ਊਰਜਾ (Energy) ਦੇ ਰੂਪ ਵਿੱਚ ਵਟਾ ਕੇ ਪੈਦਾ ਕੀਤੀ ਸ਼ਕਤੀ ਦੀ ਵਰਤੋਂ ਆਮ ਹੋ ਚੱਕੀ ਹੈ ਤੇ ਹੁਣ ਪਦਾਰਥਵਾਦ ਦਾ ਢੰਡੋਰਾ ਤੇ ਵਿਰੋਧੀਆਂ ਵੱਲੋਂ ਦੂਸ਼ਣ ਭਰਪੂਰ ਪ੍ਰਾਪੇਗੰਡਾ ਆਪਣੀ ਸਵਾਰਥ ਪੂਰਤੀ ਲਈ ਹੀ ਕੀਤਾ ਜਾਂਦਾ ਹੈ। ਆਸਤਿਕਤਾ ਨੇ ਨਾਸਤਿਕਤਾ ਦਾ ਅਖੌਤੀ ਪੁਆੜਾ (Matter determines Consciousness or consciousness determines matter) ਤਾਂ ਸ਼ੈਤਾਨ ਦੀ ਕਰਤੂਤ ਹੀ ਹੈ। ਲੋਕਾਈ ਨੂੰ ਉਸ ਦੇ ਬਣਦੇ ਹੱਕਾਂ ਤੋਂ ਵਾਂਝਿਆਂ ਕਰਨਾ। ਮਨੁੱਖ ਨੂੰ ਪ੍ਰਾਕਿਰਤੀ ਦੀ ਗੋਦ ਵਿਚੋਂ ਕੱਟ ਕੇ ਭੁਲੇਖੇ ਨਾਲ ਤਿੱਖੇ ਦੰਦਾਂ ਵਾਲੀ ਚੁੜੇਲ ਨਰਸ ਦੇ ਰਹਿਮ 'ਤੇ ਛੱਡਣਾ। ਸੋਚਣ ਦੀ, ਸਮਝਣ ਦੀ ਤੇ ਵਿਚਾਰਨ ਦੀ ਲੋੜ ਹੈ ਮੇਰੇ ਵੀਰੋ, ਸਮਝਾਂ ਵਾਲਿਉ।

ਇਸ ਮਸਲੇ ਦੀ ਸਮਝ ਨੂੰ ਸੁਖੈਨ ਬਣਾਉਣ ਹਿੱਤ ਆਪਾਂ ਇਤਿਹਾਸ ਦੀ ਯੁੱਗ ਵੰਡ (ਸਰਵ-ਪੱਖੀ ਦ੍ਰਿਸ਼ਟੀ ਨਾਲ) ਕਰ ਲਈਏ ਤਾਂ ਵਧੇਰੇ ਚੰਗਾ ਹੋਵੇਗਾ।

| | | |
|---|---|---|
| ਪ੍ਰਾਕਿਰਤਕ ਜੀਵਨ<br>(Primitive Communism)<br>ਸਤਯੁੱਗ | | ਧਰਮ (ਸਦਾਚਾਰ)<br>100% |
| ਰਜਵਾੜਾਸ਼ਾਹੀ<br>Feudalism<br>ਤ੍ਰੇਤਾਯੁੱਗ – | ਪ੍ਰਾਕਿਰਤੀ ਤੋਂ 25% ਦੂਰੀ<br>ਮਾਨਸ ਰਚਿਤ ਸੰਸਾਰ 25% | 75% |
| ਪੂੰਜੀਵਾਦ (Capitalism)<br>ਦੁਆਪਰ ਯੁੱਗ | ਪ੍ਰਾਕਿਰਤੀ ਤੋਂ 50% ਦੂਰੀ<br>50% ਮਾਨਸ ਰਚਿਤ ਸੰਸਾਰ | 50% |
| ਸਮਾਜਵਾਦ (Socialism)<br>ਸੱਤਯੁੱਗੀ ਦੁਆਪਰ ਯੁੱਗ | ਪ੍ਰਾਕਿਰਤੀ ਤੋਂ 50% ਦੂਰੀ<br>75% ਮਾਨਸ ਰਚਿਤ ਸੰਸਾਰ | 50% |
| ਕਾਰਪੋਰੇਟ ਸੰਸਾਰ<br>(Corporate World)<br>ਘੋਰ ਕਲਯੁੱਗ | ਪ੍ਰਾਕਿਰਤੀ ਤੋਂ 75% ਦੂਰੀ<br>75% ਮਾਨਸ ਰਚਿਤ ਸੰਸਾਰ | 25% |
| ਸਮਾਜਵਾਦ | ਪ੍ਰਾਕਿਰਤੀ ਤੋਂ 65% ਦੂਰੀ<br>75% ਮਾਨਸ ਰਚਿਤ ਸੰਸਾਰ | 35% |

ਇੰਜ ਇੱਕ ਨਵਾਂ ਸੰਸਾਰ ਸਿਰਜਕ ਬਣਦਾ ਹੈ ਸ਼ੈਤਾਨ, ਬਣਿਆ ਫਿਰੇ ਰੱਬ ਵਰਗਾ। ਪੂੰਜੀਵਾਦੀ ਨਿਜ਼ਾਮ ਵਿੱਚ ਪੈਸੇ ਨੂੰ ਰੱਬ ਬਣਾਉਂਦਾ ਸ਼ੈਤਾਨ (ਮਨੁੱਖ) ਵੰਡੀਆਂ 'ਚੋਂ ਹੋਰ ਵੰਡੀਆਂ ਪਾਉਂਦਾ ਹੈ ਤੇ ਖੁਦ ਟੀਸੀ 'ਤੇ ਕੁਰਸੀ ਰੱਖ ਉੱਪਰ ਚੜ੍ਹਿਆ ਬਿਰਾਜਮਾਨ ਹੁੰਦਾ ਹੈ।

ਕਲਾ ਲੋਕਾਂ ਲਈ ਤੋਂ ਕਲਾ ਕਲਾ ਲਈ ਦਾ ਰੂਪ ਵਟਾਉਂਦੀ ਹੈ ਤੇ ਫੇਰ ਜਦੋਂ ਲੋਕਾਂ ਤੇ ਜੋਕਾਂ ਵਿਚਕਾਰ ਤਾਕਤ ਲਈ ਸੰਘਰਸ਼ ਜ਼ਿਆਦਾ ਜਾਗ੍ਰਿਤੀ ਭਰਪੂਰ ਹੁੰਦਾ ਹੈ ਤੇ ਵਿਗਿਆਨਕ ਤੇ ਤਕਨੀਕੀ ਕਾਢਾਂ ਤੇ ਖੋਜਾਂ ਚਮਤਕਾਰੀ ਹੋ ਨਿਬੜਦੀਆਂ ਹਨ ਅਤੇ ਮਨੁੱਖ ਨੂੰ ਮਨੁੱਖੀ ਸੰਭਾਵਨਾਵਾਂ ਦੇ ਮੇਚ ਦਾ ਜਾਂ ਇਸ ਤੋਂ ਵਡੇਰੀਆਂ ਪ੍ਰਾਪਤੀਆਂ ਦਾ ਅਹਿਸਾਸ ਹੋਣ ਲੱਗਦਾ ਹੈ ਤਾਂ ਸਮਾਜ ਦੀਆਂ ਇਹ ਸ਼ਾਰਕ ਮੱਛੀਆ ਵੱਡਾ ਇਕੱਠ ਰਚਦੀਆਂ ਹਨ।

ਕਾਰਪੋਰੇਟ ਸਿਸਟਮ ਸ਼ੁਰੂ ਹੁੰਦਾ ਹੈ ਤੇ ਕਾਰਪੋਰੇਟ ਕਲਚਰ ਵੀ ਆਪਣਾ ਜਨਮ ਦਿਨ ਮਨਾਉਂਦੀ ਤੇ ਆਪਣਾ ਪ੍ਰਭਾਵ ਵਧੇਰੇ ਡੂੰਘੇਰਾ ਤੇ ਤੀਖਣ ਕਰਦੀ ਹੈ। ਮਜ਼ਦੂਰਾਂ, ਕਿਸਾਨਾਂ ਦੇ ਮਾਰਕਸਵਾਦੀ ਰੰਗ ਦੇ ਸਮਾਜਵਾਦੀ ਨਿਜ਼ਾਮ ਉਸਰੇ ਹਨ ਤੇ ਉਸਰਦੇ ਹਨ। ਸੰਸਾਰ ਭਰ ਦੇ ਸਮਾਜਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਖੇਤਰਾਂ ਵਿੱਚ ਆਪਣਾ ਪ੍ਰਭਾਵ ਸਥਾਪਿਤ ਕਰਦੇ ਹਨ। ਸਮੇਂ ਨਾਲ ਕਲਾ ਵਿੱਚ ਇੱਕ ਅਣਕਿਆਸਿਆ ਤਬਦੀਲੀ ਆਉਂਦੀ ਹੈ। ਕਲਾ ਲੋਕਾਂ ਲਈ ਤੇ ਕਲਾ ਲਈ ਤੋਂ ਅਲੌਕਿਕ ਕਲਾ ਇਸ਼ਤਿਹਾਰਬਾਜ਼ੀ (ਪ੍ਰਚਾਰ, Advertisement) ਲਈ ਦਾ ਰੂਪ ਧਾਰਣ ਕਰਦੀ ਹੈ। ਜੇਕਰ ਇਸ ਦਾ ਵਧੇਰੇ ਢੁੱਕਵਾਂ ਨਾਮਕਰਣ ਕਰੀਏ ਤਾਂ ਇਸ ਨੂੰ ਕਲਾ ਜੋਕਾਂ ਲਈ ਆਖ ਸਕਦੇ ਹਾਂ-

1. ਕਲਾ ਲੋਕਾਂ ਲਈ।
2. ਕਲਾ ਕਲਾ ਲਈ।
3. ਕਲਾ ਜੋਕਾਂ ਲਈ।

ਅਜੋਕੇ ਸਮੇਂ ਵਿੱਚ ਆਰਥਿਕਤਾ ਦੀ ਸਮਝ ਲੋੜਪੂਰਤੀ ਵਿਗਿਆਨ ਅਜਿਹਾ ਜਟਿਲ ਤੇ ਗੁੰਝਲਦਾਰ ਹੋ ਗਿਆ ਹੈ ਕਿ ਪਹਿਲਾਂ ਤਾਂ demand (ਮੰਗ) ਹੁੰਦੀ ਸੀ ਤੇ ਉਸ ਲਈ ਸਮਾਨ ਪੂਰਤੀ ਕੀਤਾ ਜਾਂਦਾ ਸੀ ਤੇ ਸਮਾਨ ਤਿਆਰ ਕਰਨ ਲਈ ਕਾਰਖਾਨੇ ਲੱਗਦੇ ਸਨ ਜਾਂ ਵਧੇਰੇ ਕੰਮ ਨਿਕਲਦੇ ਸਨ। ਪਰ ਅੱਜ ਕੱਲ੍ਹ ਕਾਰਖਾਨੇ ਲੋੜੋਂ ਬਹੁਤ ਵੱਧ ਸਮਾਨ ਪੈਦਾ ਕਰਦੇ ਹਨ ਤੇ ਫੇਰ ਉਸ ਲਈ ਲੋੜ (demand) ਪੈਦਾ ਕਰਦੇ ਹਨ ਤੇ ਇਸੇ ਲਈ ਹੀ Art for Ad. ਦਾ ਸੰਕਲਪ ਸਾਹਮਣੇ ਆ ਕੇ ਕਾਰਜਸ਼ੀਲ ਹੈ। ਸੋਚਵਾਨ ਤੇ ਰੱਬੀ ਬੰਦਿਆਂ ਨੂੰ ਤਾਂ ਇਹ ਗੱਲ ਓਪਰੀ ਜਿਹੀ ਜਾਪਦੀ ਹੈ ਪਰ ਅੱਜਕੱਲ੍ਹ ਦੇ ਮਨੁੱਖ ਨੂੰ ਨਹੀਂ ਕਿਉਂਕਿ ਅੱਜਕੱਲ੍ਹ ਹੋਰ ਸਾਰੀਆਂ ਚੀਜ਼ਾਂ ਵਾਂਗ ਮਨੁੱਖ ਵੀ ਜੀਵਿਤ ਸੋਚਵਾਨ ਪ੍ਰਾਣੀ ਨਹੀਂ ਸਗੋਂ ਇੱਕ ਵਸਤ (commodity) ਬਣ ਗਿਆ ਹੈ। ਕਲਾ ਕਿਰਤਾਂ ਤੇ ਲਿਖਤਾਂ ਤੇ ਕਲਾਕਾਰ ਤੇ ਸਾਹਿਤਕਾਰ ਹੁਣ ਇੱਕ ਵਸਤ (commodity) ਵਾਂਗ ਹੀ ਖਰੀਦੇ ਵੇਚੇ ਜਾਂਦੇ ਹਨ। ਅਖ਼ਬਾਰ, ਰੇਡੀਓ, ਟੈਲੀਵਿਜ਼ਨ ਸਾਰੇ Ad. Agencies ਹਨ ਜਿੱਥੇ ਕਲਾ ਤਾਂ ਕੇਵਲ ਇੱਕ ਬਾਜ਼ਾਰੀ ਔਰਤ ਵਾਂਗ, ਇੱਕ ਰਖੇਲ ਵਾਂਗ ਨੱਚਦੀ ਹੈ ਸਿੱਕਿਆਂ ਦੇ ਖੜਾਕ ਵਿਚ। ਸਾਡਾ ਧਾਰਮਿਕ ਗ੍ਰੰਥ ਬਾਈਬਲ (Bible) ਨੂੰ ਛਾਪਣ ਦਾ ਠੇਕਾ ਚੀਨ ਪਾਸ ਹੈ ਅਤੇ ਅੱਜਕੱਲ੍ਹ ਸਾਡਾ ਪਵਿੱਤਰ ਤੇ ਸਦੀਵੀ ਗਿਆਨ ਵੰਡਣ ਵਾਲਾ ਇਹ ਗ੍ਰੰਥ ਤੁਹਾਨੂੰ ਕਨੇਡਾ ਦੇ ਡਾਲਰ ਸਟੋਰਾਂ (ਸਸਤੀਆਂ ਚੀਜ਼ਾਂ ਦੇ ਵਿਕਰੀ ਘਰ) ਤੇ ਦੋ ਡਾਲਰ ਵਿੱਚ ਮਿਲਦਾ ਹੈ। ਇਹ ਗ੍ਰੰਥ ਰੇਸ਼ਮੀ ਰੁਮਾਲਿਆਂ ਵਿੱਚ ਨਹੀਂ ਰੱਖਿਆ ਹੋਇਆ (ਜੋ ਸਤਿਕਾਰ ਪੂਰੀ ਮਨੁੱਖੀ ਜਾਤੀ ਨੂੰ ਪੈਗੰਬਰੀ ਬੋਲ ਸਾਂਭਣ ਵਾਲੇ ਇਨ੍ਹਾਂ ਗ੍ਰੰਥਾਂ ਨੂੰ ਦੇਣਾ ਬਣਦਾ ਹੈ) ਵਿਕਣ ਦੀਆਂ ਹੋਰ ਚੀਜ਼ਾਂ- ਕਾਪੀਆਂ, ਬੱਚਿਆਂ ਦੀਆਂ ਕਿਤਾਬਾਂ, ਪੈੱਨ, ਪੈੱਨਸਲਾਂ ਆਦਿ ਵਿੱਚ ਇੱਕ ਵਸਤ (commodity) ਵਾਂਗ ਸਾਡਾ ਧਾਰਮਿਕ ਗ੍ਰੰਥ (ਬੋਲਦਾ ਤੇ ਧੜਕਦਾ ਜੀਵਿਤ ਸ਼ਬਦ)।

ਕੋਮਲ ਕਲਾਵਾਂ ਦੇ ਖੇਤਰ ਵਿੱਚ ਜੇਕਰ ਸੰਗੀਤ ਦੀ ਗੱਲ ਕਰੀਏ ਤਾਂ ਬੰਸਰੀ ਤੇ ਸਿਤਾਰ ਤਾਂ ਬੀਤੇ ਦੇ ਸਾਜ਼ ਬਣ ਕੇ ਰਹਿ ਗਏ ਲੱਗਦੇ ਹਨ। ਪੰਜਾਬੀ ਢੋਲ ਤੇ ਅੰਗਰੇਜ਼ੀ ਡਰੰਮਾਂ ਸਾਹਮਣੇ ਤਬਲਾ, ਢੋਲਕੀ ਤੇ ਮਿਰਦੰਗ ਹੱਕੇ ਬੱਕੇ, ਬਿੱਟ ਬਿੱਟ ਦੇਖਦੇ ਅਹਿੱਲ ਕਰ ਦਿੱਤੇ ਗਏ ਹਨ। ਲਤਾ ਮੰਗੇਸ਼ਕਰ ਹੁਣ ਇਨ੍ਹਾਂ ਦੈਂਤਾਂ ਵਰਗੇ ਭਿਆਨਕ ਸਾਜਾਂ ਦੇ ਸ਼ੋਰ ਵਿੱਚ ਆਪਣੇ ਸੁਰ ਵਿੱਚ ਕਿਵੇਂ ਗਾਵੇ। ਅੱਜ ਦਾ ਗਵਈਆ ਵੱਡੇ ਚੌੜੇ ਮੂੰਹ ਵਾਲਾ ਨਾਚਾ, ਮਸਖਰਾ ਤੇ ਟਪੂਸੀਆਂ ਮਾਰਦਾ ਬਣਮਾਨਸ ਹੈ ਜਿਸ ਨੂੰ ਸਟੇਜੀ ਕਲਾਕਾਰ ਦਾ ਨਵਾਂ ਨਾਮਕਰਣ ਦਿੱਤਾ ਹੈ। ਸਾਹਿਤ ਵਿੱਚ ਹੁਣ ਨਾਇਕ ਅਗਵਾ ਕਰਵਾ ਦਿੱਤਾ ਗਿਆ ਹੈ ਤੇ ਉਸ ਦੀ ਥਾਂ ਬਾਂਦਰ ਵਾਂਗ ਟਪੂਸੀ ਮਾਰਦਾ ਅਰਧ-ਮਨੁੱਖੀ ਸੁਭਾਅ ਵਾਲਾ ਖਲਨਾਇਕ ਕਾਬਜ ਹੈ। ਹੁਣ ਉੱਚੇ ਸੁੱਚੇ ਸਦਾਚਾਰਕ ਆਦਰਸ਼ ਦੀ ਥਾਂ ਖਪਤ ਪੂਰਤੀ ਹੀ ਆਦਰਸ਼ ਹੈ। ਇੱਕ ਕਬਾੜਖਾਨੇ ਦੇ ਰਾਜੇ (ਰੁਪਇਆ ਜੀ ਮਹਾਰਾਜ) ਦਾ ਰਾਜ ਹੈ। ਮੰਦਰਾਂ ਵਿੱਚ ਪੰਜ ਕਰੋੜੀ ਸੋਨੇ ਦੇ ਮੁਕਟ ਵਾਲੇ ਬੁੱਤ ਨਾਲ ਸੌਦਾ ਵਿਕਦਾ ਹੈ। ਭਗਵਾਨ ਕ੍ਰਿਸ਼ਨ ਤੋਂ ਮਥੁਰਾ ਛੱਡਵਾ ਦਿੱਤਾ ਹੈ। ਜੱਗ ਦੇ ਡਾਢਿਆਂ ਸਾਹਮਣੇ ਕਿਸਦੀ ਚੱਲਦੀ ਹੈ (ਜ਼ਿੰਦਗੀ 'ਚ ਸੁਆਦ

ਗਿਆ, ਸੰਗੀਤ 'ਚ ਮਧੁਰਤਾ ਗਈ, ਸਾਹਿਤ ਵਿੱਚ ਸਤਿਅਮ ਸ਼ਿਵਮ ਸੁੰਦਰਮ ਕਿਥੇ ਰਿਹਾ। ਕਲਾ ਵਿੱਚ ਆਕਾਰ ਦਾ ਆਦਰਸ਼ ਗੁੰਮ ਹੋ ਗਿਆ। ਕਲਾ ਕਿਰਤ ਕੀ ਹੈ? ਖਰਬੂਜਿਆਂ ਦੇ ਖੇਤ ਵਿੱਚ ਡਰਨਾ- ਦੋ ਲੱਕੜਾਂ ਬੰਨ੍ਹ ਕੇ ਉੱਪਰ ਪੁਰਾਣਾ ਪਾਇਆ ਹੋਇਆ ਕੱਪੜਾ- ਨਾਚ ਸਿਰਫ ਕਾਮੁਕਤਾ, ਉਤੇਜਕ ਝਟਕੇ, ਵਸਤਰ ਰਹਿਤ ਜੋੜਾ ਜੋੜੀ ਬਣਾ ਕੇ)

ਖਪਤਕਾਰੀ, ਲਾਚਾਰੀ, ਬੇਕਾਰੀ, ਬਿਮਾਰੀ ਤੇ ਮਹਿੰਗਾਈ ਦੇ ਇਸ ਕੁਲੱਛਣੇ ਕਲਯੁੱਗ ਵਿੱਚ ਕਵਿਤਾ ਦੀ ਕੋਮਲਤਾ, ਗੀਤ ਦੀ ਸਰੋਦੀ ਧੁਨ- ਹਾਇ! ਹਾਇ! ਕੀ ਗੱਲ ਕਰੀਏ ਤੇ ਚੁੱਪ ਵੀ ਕਿਵੇਂ ਤੇ ਕਿਉਂ ਰਹੀਏ?

"ਚੁੱਪ ਰਿਹਾ ਤਾਂ ਜਾਨ ਨਿਕਲਦੀ ਹੈ
ਜੇ ਬੋਲਾਂ ਤਾਂ ਮੈਨੂੰ ਮਾਰ ਦੇਣਗੇ।"

-ਪਾਕਿਸਤਾਨੀ ਕਵੀ

"ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ"

-ਪਾਤਰ

✶✶✶✶

# ਚੇਤਨ ਸੱਤਾ

ਚੇਤਨ ਸੱਤਾ ਅਨਾਦੀ, ਅਮਰ, ਰੋਸ਼ਨ, ਵਿਆਪਕ, ਭਾਣਾ, ਭਾਵੀ, ਕਾਲ-ਚੱਕਰ ਰਚੈਤਾ, ਆਪੇ ਜਾਣੇ ਆਪ। ਆਉ ! ਉਸੇ ਦੀ ਕਹਾਣੀ ਕਹੀਏ।

ਉਹ ਹੈ। ਚੰਗਾ ਲੱਗਿਆ- ਫੁਰਨਾ ਫੁਰਿਆ- ਇੱਕ ਹਿਲਜੁਲ ਬਸ ਹੋਣਾ ਸ਼ੁਰੂ ਹੋ ਪਿਆ। ਇੱਕ ਅਸਤਿਤਵ ਦੇ ਆਪਣੇ ਵਿਚੋਂ ਹੀ ਇੱਕ ਵੱਖਰਾ ਅਸਤਿਤਵ। ਜਾਗੇ ਨੇ ਸੁੱਤਾ ਹੋਂਦ ਵਿੱਚ ਲਿਆਂਦਾ। ਜਾਗੇ ਦਾ ਸੁੱਤਾ ਵਿਰੋਧੀ-ਇੱਕ ਵਿਰੋਧ ਸਿਰਜਿਆ ਵਿਰੋਧ ਦੀ ਠੋਸਤਾ ਦੀ ਕੁੱਖੋਂ ਚਾਨਣ ਜੰਮਿਆ। ਸ਼ਿਵ ਜੀ ਨੇ ਇੱਕ ਆਦਿ ਚਾਨਣ ਨੂੰ ਅਣੂ ਸੱਦਿਆ। ਇੱਕ ਆਪ ਹੈ- ਦੂਜਾ ਵਿਰੋਧੀ ਸਿਰਜਿਆ ਤੇ ਤੀਜਾ ਚਾਨਣ ਵਿਰੋਧੀ ਦੀ ਕੁੱਖੋਂ ਕੱਢਿਆ। ਇੰਨੇ ਨੂੰ ਸ਼ਿਵ ਜੀ ਦੀ ਜੀਭੋਂ ਨਿਕਲਿਆ ਤ੍ਰਿਕ, ਤ੍ਰਿਕ, ਤ੍ਰਿਕ ਤੇ ਫੇਰ ਨਾ ਖਤਮ ਹੋਣ ਵਾਲੀ ਕਹਾਣੀ ਸ਼ੁਰੂ ਹੋਈ। ਕਿਤੇ-ਕਿਤੇ, ਕਦੀ-ਕਦੀ ਤਾਂ ਉਸੇ ਨੇ ਹੀ ਇੱਕ ਗੱਲ ਤੋਰੀ ਤੇ ਫੇਰ ਕੀ ਸੀ- ਉਸੇ ਦੇ ਪੈਗੰਬਰ ਦਾ ਨਾਂ ਲੈ ਕੇ ਗਲਾਕੜਾ ਨੇ ਮੋਹ ਮਾਇਆ ਦੇ ਨਸ਼ੇ 'ਚ ਰੰਗ ਬਰੰਗੀਆਂ ਕਹਾਣੀਆਂ ਕੀਤੀਆਂ ਤੇ ਸ਼ੁਰਲੀਆਂ ਛੱਡੀਆਂ।

ਇਸ ਬੰਦੇ ਦੇ ਪੱਲੇ ਜੋ ਪਾਈ ਉਹ ਤਾਂ ਇਹ ਹੈ ਕਿ ਚੇਤਨ ਸੱਤਾ ਦਾ ਉਤਪਤੀ ਦਾ ਇੱਕੋ ਇੱਕ ਤੇ ਪਹਿਲਾ ਫੁਰਨਾ ਜਿਸ ਨੂੰ ਸ਼ਕਤੀ ਦਾ ਨਾਂ ਦਿੱਤਾ ਗਿਆ, ਉਸ ਫੁਰਨੇ ਨੇ ਇੱਕ ਅਮੁੱਕ ਖੇਡਾ ਖੇਡ ਦਿੱਤਾ।

ਕਹਾਣੀਆਂ ਬਾਬਾਣੀਆਂ ਪੁੱਤ ਸਪੁੱਤ ਕਰੇਨ.......।

ਇਕ ਵਿਸ਼ੇਸ਼ ਤਰ੍ਹਾਂ ਦੀ ਸੋਚ ਵਾਲਿਆਂ ਨੇ ਸ਼ਿਵ ਤੇ ਸ਼ਕਤੀ ਦਾ ਨਾਂ ਦੇ ਕੇ ਗ੍ਰੰਥ ਛਪਵਾ ਦਿੱਤੇ।

ਇਸ ਬੰਦੇ ਨੇ ਵੀ ਆਪਣੇ ਵੱਡੇ ਵਡੇਰਿਆਂ ਤੇ ਪਹਿਲੇ ਮਨੁੱਖ ਮਹਾਨ ਪੈਗੰਬਰ ਸਭਨਾਂ ਦੇ ਸਤਿਗੁਰੂ ਤੇ ਆਦਿ ਅਚਾਰੀਆ ਸ੍ਰੀ ਸਿਵ ਸ਼ੰਕਰ ਜੀ ਦੀ ਉਂਗਲੀ ਲੱਗ ਉਨ੍ਹਾਂ ਵੱਲੋਂ ਵਰਤੀ ਸ਼ਬਦਾਵਲੀ ਤੇ ਨਾਮਾਵਲੀ ਦੀ ਵਰਤੋਂ ਨਾਲ ਧੁਰੋਂ ਮਿਲੀ ਸੋਚ ਤੇ ਆਲੇ ਦਵਾਲੇ ਤੋਂ ਪ੍ਰਾਪਤ ਕੀਤੀ ਸਮਝ ਦਾ ਪ੍ਰਗਟਾਅ ਕੀਤਾ ਹੈ। ਮੇਰਾ ਅਟੱਲ ਵਿਸ਼ਵਾਸ ਹੀ ਨਹੀਂ ਸਗੋਂ ਸਨਿਮਰਤਾ ਨਾਲ ਇਹ ਦਾਅਵਾ ਹੈ ਕਿ ਇਹ ਸੱਚ ਹੈ। ਸਿਰਫ ਇੱਕ ਸੱਚ ਹੀ ਨਹੀਂ ਸਗੋਂ ਇਹੋ ਹੀ ਸੱਚ ਹੈ।

ਆਦਿ ਜਾਗ੍ਰਿਤ ਜੋਤ ਸ਼ਿਵ ਜੀ ਦੇ ਪ੍ਰਥਮ ਹੁਲਾਰ ਸ਼ਕਤੀ ਦੀ ਕਾਰਜਸ਼ੀਲਤਾ ਕਾਰਣ ਪ੍ਰਕਿਰਤੀ ਦੀ ਰਚਨਾ ਦੇ ਆਰੰਭ ਸਮੇਂ ਸ਼ਿਵ ਜੀ ਸਗੁਣ ਸਰੂਪ ਹੋ ਗਏ ਤੇ ਸ਼ਕਤੀ ਆਪਣੀ ਕਰਮ ਕਾਰਿਕ ਹੋਂਦ ਵਿੱਚ ਵਿਲੱਖਣਾ ਹੋਣ ਕਾਰਣ ਸ਼ਕਤੀ ਸਰੂਪ ਹੋ ਗਈ ਤੇ ਫੇਰ ਸ਼ਿਵ ਜੀ ਤੇ ਦੋਨਾਂ ਦੀ ਗੱਲ ਸਵਾਮੀ ਸ਼ਿਵ ਤੇ ਸ਼ਕਤੀ ਮਾਂ ਵਜੋਂ ਸਮਝ ਦੀ ਸੁਖੈਨਤਾ ਲਈ ਨਾਮਕਰਣ ਕੀਤੇ ਗਏ।

ਜਦੋਂ ਨਾਂਗੇ ਸਾਧੂਆਂ, ਅਘੋਰੀ ਸਿੱਧਾਂ ਤੇ ਭਗਤੀਰਤ ਸੰਤਾਂ ਦਾ ਨੇੜ ਸੰਸਾਰ ਦੀ ਮਾਇਆ ਮੋਹ ਨਾਲ ਹੋ ਗਿਆ ਤੇ ਵਾਮ ਮਾਰਗ ਤੇ ਕੌਲ ਸੰਪ੍ਰਦਾਇ, ਲੋਕਾਇਤਾਂ ਦੀ ਰਚਨਾ ਦੇ ਨਾਲ ਮਛੰਦਰ ਨਾਥ ਨੇ ਕੌਲ ਮਾਰਗ ਨੂੰ ਹੋਰ ਅੱਗੇ ਜੋਗਿਨੀ ਕੌਲ ਮਾਰਗ ਦਾ ਰੰਗ ਚੜ੍ਹਾਇਆ ਤੇ ਨਵੇਂ ਨਾਮ ਪਰਮਾਤਮਾ ਤੇ ਕੁੰਡਲਿਨੀ ਸ਼ਕਤੀ ਨੇ ਭਗਵਾਨ ਤੇ ਭਗਵਤੀ ਦਾ ਨਾਮ ਗ੍ਰਹਣ ਕੀਤਾ ਤਾਂ ਹੱਦੋਂ ਟੱਪੇ ਨਹੀਂ-ਹੱਦ ਉਲੰਘੇ। ਸ਼ਿਵ ਲਿੰਗ ਦਾ ਸੰਕਲਪ ਪੁਰਾਤਨ ਮਨੁੱਖ ਨੇ ਆਪਣੇ ਬੌਧਿਕ ਵਿਕਾਸ ਅਨੁਸਾਰ ਬਣਾਇਆ ਸੀ ਕਿਉਂਕ ਬੁੱਧੀ ਇੰਨੀ ਜ਼ਿਆਦਾ ਤੀਬਰ ਤੇ ਗੁੰਝਲਦਾਰ ਨਹੀਂ ਸੀ, ਇਸ ਲਈ ਮਨੁੱਖ (evolution) ਵਿਕਾਸ ਪ੍ਰਕਿਰਿਆ ਨੂੰ ਉਦੋਂ ਦੇ ਅਮਲੀ ਰੂਪ ਵਿੱਚ ਬਣਾਇਆ ਗਿਆ ਪਰ ਤਾਂਤਰਿਕਾਂ ਨੇ ਇਸਨੂੰ ਆਪਣੇ ਮਤਲਬ ਲਈ ਵਰਤ ਲਿਆ। ਉਲਾਰ ਪ੍ਰਵਿਰਤੀ ਵਾਲੇ ਸਾਧਾਂ, ਸੰਤਾਂ, ਜੋਗੀਆਂ ਨੇ ਲਜਿਆ ਓਢਣੇ ਲਾਹ ਸ਼ਿਵ ਲਿੰਗ ਦੀ ਸਥਾਪਨਾ ਕਰ ਦਿੱਤੀ।

ਹੱਦ ਟੱਪੇ ਤੇ ਹੱਦ ਉਲੰਘੇ ਜੋਗੀਆਂ ਤੇ ਇਹ ਪੰਕਤੀਆਂ ਲਿਖਣ ਦਾ ਮਨ ਕੀਤਾ ਹੈ:

"ਹੱਦ ਟੱਪੇ ਸੋ ਔਲੀਆ
ਬੇਹੱਦ ਟੱਪੇ ਸੋ ਪੀਰ
ਹੱਦ ਬੇਹੱਦ ਦੋਨੋਂ ਟੱਪੇ
ਤਿਸ ਦਾ ਨਾਂ ਫ਼ਕੀਰ।"

ਸਮਝਾਂ ਵਾਲਿਓ ਇਹ ਗੱਲ ਮਨ ਦੀਆਂ ਕੰਦਰਾਂ ਵਿੱਚ ਨਿਰਖ ਨਾਲ ਝਾਕ ਕੇ ਸਮਝੋ।

ਜਦੋਂ ਆਪਾਂ ਲੁਧਿਆਣੇ ਅਮਨ ਪਾਰਕ ਵਿੱਚ ਗਿਆਨਪੰਥੀ ਸ਼ਿਵ ਮੰਦਰ ਦੀ ਸਥਾਪਨਾ ਕੀਤੀ ਤਾਂ ਸ਼ਿਵਲਿੰਗ ਦੀ ਪ੍ਰਤਿਮਾ ਦੀ ਸਥਾਪਨਾ ਹੋਣੀ ਹੀ ਸੀ। ਇਸ ਲਈ ਸਿਆਣਪ ਤਾਂ ਇਹੋ ਸੀ ਕਿ ਸ਼ਿਵ ਸਾਹਿਤ ਤੇ ਸ਼ਿਵ ਪੰਥ ਬਾਰੇ ਸੰਸਕ੍ਰਿਤ ਸਾਹਿਤ ਵਿੱਚ ਖੋਜ ਕੀਤੀ ਜਾਵੇ। ਤਾਂ ਦੋ ਗੱਲਾਂ ਪੱਲੇ ਪਈਆਂ, ਪਹਿਲੀ ਇਹ ਕਿ ਸਭ ਤੋਂ ਪ੍ਰਮਾਣਿਕ ਤੇ ਪਵਿੱਤਰ ਸ਼ਿਵ ਲਿੰਗ ਮਿੱਟੀ ਦਾ ਹੁੰਦਾ ਹੈ ਤੇ ਉਸਦੀ

ਲੰਬਾਈ 5 ਉਂਗਲਾਂ ਹੋਣੀ ਚਾਹੀਦੀ ਹੈ। ਦੂਜੀ ਇਹ ਕਿ ਸ਼ਿਵ ਸ਼ੰਕਰ ਜੀ (ਇਤਿਹਾਸਕ ਸ਼ਿਵ) ਰਚਨਾ ਦੇ ਦੇਵਤਾ ਹੈ ਬ੍ਰਾਹਮਣਾਂ ਵੱਲੋਂ ਪ੍ਰਚਾਰੀ ਗਈ ਮਹਾਨਤਮ ਦੇਵਤਿਆਂ ਦੀ ਪ੍ਰਥਮ ਤਿੱਕੜੀ ਵਿਚੋਂ।

ਪਹਿਲਾਂ ਪਰਮਾਤਮਾ ਸੀ ਜਿਉਂਦਾ ਜਾਗਦਾ ਚੇਤਨ ਸੱਤਾ, ਜਾਗਤ ਜੋਤ, ਚੇਤਨ-ਚਾਨਣ/ਕੁੱਝ ਵੀ ਨਾਂ ਦੇ ਲਵੋ ਜਾਂ ਸਾਰੇ ਇਕੱਠੇ ਹੀ ਨਾਂ ਇਕੋ ਥਾਂ ਟਿਕਾ ਲਵੋ। ਆਪਾਂ ਇਹ ਨਾਂ ਗੁਣਾਂ ਤੋਂ ਗਰਦਾਨੇ ਹਨ। ਜਿਉਂਦਾ ਤੇ ਹੋਂਦਾ (ਅਸਤਿਤਵ ਧਾਰੀ), ਜਿਉਂਦਾ ਤੋਂ ਭਾਵ ਉਂਜ ਅਸੀਂ ਉਸ ਸੱਜਣ ਤੋਂ ਲੈ ਸਕਦੇ ਹਾਂ ਜਿਹੜਾ ਢਿੱਡ ਭਰਦਾ ਹੈ, ਹੱਸਦਾ ਹੈ, ਰੋਂਦਾ ਹੈ। ਜੀਵਨ ਦੇ ਇਹ ਕਾਰਜ ਹਰ ਰੋਜ਼ ਦੁਹਰਾਉਂਦਾ ਹੈ। ਰਾਤੀਂ ਸੌਂ ਜਾਂਦਾ ਹੈ ਤੇ ਫੇਰ ਜਾਗ ਪੈਂਦਾ ਹੈ। ਫੇਰ ਢਿੱਡ ਭਰਦਾ ਹੈ, ਕੁਝ ਕਰਦਾ ਹੈ ਰੋਜ਼ੀ ਖ਼ਾਤਰ। ਫੇਰ ਖਾ-ਪੀ ਕੇ ਸੌਂ ਜਾਂਦਾ ਹੈ ਤੇ ਫੇਰ ਜਾਗ ਉਠਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਫ਼ਿਲਾਸਫ਼ਰਾਂ ਵਾਲੀ ਬੋਲੀ ਵਿੱਚ ਇਸਨੂੰ ਜਾਨਵਰ ਜੂਨ ਕਹਿੰਦੇ ਹਾਂ। ਜਦੋਂ ਪਰਮਾਤਮਾ ਆਦਿ ਵਿੱਚ ਵਿਚਰ ਰਿਹਾ ਸੀ ਤਾਂ ਉਹ ਜੀਵਨ ਜੋਤ ਸੀ ਬਸ ਇੰਨਾ ਹੀ। ਇਹ ਵੀ ਅਸੀਂ (ਮਨੁੱਖ) ਆਖਦੇ ਹਾਂ। ਜੇਕਰ ਉਸ ਸਥਿਤੀ ਵਿੱਚ ਪਰਮਾਤਮਾ ਆਪਣੇ ਆਪ ਲੈ ਜਾਵੇ ਤੇ ਜਾਂਦਾ ਜਾਂਦਾ ਰਾਹ ਵਿੱਚ ਮੈਂ ਹੋਵਾਂ ਹੀ ਨਾ ਤੇ ਤੂੰ ਹੀ ਤੂੰ ਰਹਿ ਜਾਵੇ ਤੇ ਉਹ ਆਪਣੇ ਆਪ ਨੂੰ ਕਹੇ ਤਾਂ ਆਪਣੇ ਆਪ ਨੂੰ ਨਿਰੋਲ ਇਕੱਲੇ ਹੀ ਜੀਵਨ ਨਹੀਂ ਸੱਦ ਸਕਦਾ ਕਿਉਂਕਿ ਜਦੋਂ ਉਸਦੇ ਕੋਲ ਮਿਰਤੂ ਦਾ ਸੰਕਲਪ ਹੀ ਨਹੀਂ ਤਾਂ ਉਹ ਜੀਵਨ ਕਿਵੇਂ ਕਹਿ ਸਕਦਾ ਹੈ। ਆਪਣੇ ਆਪ ਨੂੰ 'ਜੋਤ' ਕਿਵੇਂ ਕਿਹਾ ਜਾ ਸਕਦਾ ਹੈ। ਜੇਕਰ ਸਾਡੇ ਪਾਸ ਹਨੇਰੇ ਦੀ ਸਮਝ ਹੋਵੇ ਕਿਉਂਕਿ ਚਾਨਣ ਓਨਾ ਹੀ ਜ਼ਿਆਦਾ ਚਮਕਦਾਰ ਹੁੰਦਾ ਹੈ ਜਿੰਨਾ ਜ਼ਿਆਦਾ ਹਨੇਰਾ ਸੰਘਣਾ ਹੋਵੇ। ਜ਼ਿੰਦਗੀ ਓਨੀ ਹੀ ਖ਼ੂਬਸੂਰਤ ਹੁੰਦੀ ਹੈ ਜਿੰਨੀ ਸੰਗੀਨ ਮੌਤ ਹੋਵੇ।

ਉਹ ਸੀ, ਉਹ ਹੈ-ਪਰਮਾਤਮਾ ਹੋਵੇਗਾ ਵੀ। ਇਹ ਅਸੀਂ ਹੀ ਆਖਦੇ ਹਾਂ। ਪਰ ਜਦੋਂ ਅਸੀਂ ਹੈ ਹੀ ਨਹੀਂ ਸੀ-ਉਸਨੂੰ ਕਹਿਣ ਵਾਲਾ ਹੀ ਕੋਈ ਨਹੀਂ ਸੀ ਤਾਂ ਕੀ ਉਹ ਸੀ ? ਗੰਭੀਰ ਸੋਚ ਆਖਦੀ ਹੈ' "ਉਹ ਹੈ ਸੀ" ਪਰ ਜਿੰਨੀ ਦੇਰ ਤੱਕ ਕੋਈ ਕਹਿਣ ਸੁਣਨ ਵਾਲਾ ਹੀ ਨਹੀਂ ਉਸਦੇ ਹੋਣ ਨਾ ਹੋਣ ਨਾਲ ਕੀ ਫ਼ਰਕ ਪੈਂਦਾ ਹੈ। ਕੋਈ ਫ਼ਰਕ ਨਹੀਂ ਪੈਂਦਾ।

ਹੋਂਦ ਸ਼ਬਦ ਨੂੰ ਅਸੀਂ ਇਹਨਾਂ ਅਰਥਾਂ ਵਿੱਚ ਵਰਤਦੇ ਹਾਂ ਕਿ ਕੋਈ ਜੀਵਨ ਇਹ ਸਬੂਤ ਪੇਸ਼ ਕਰੇ ਕਿ ਉਹ ਜੀਂਦਾ ਹੈ। ਉਹ ਜ਼ਿੰਦਗੀ ਦੇ ਵਰਕੇ ਤੇ ਆਪਣੇ ਹਸਤਾਖ਼ਰ ਕਰੇ ਤੇ ਪੱਕੇ ਕਰਕੇ ਛੱਡੇ। ਜਦੋਂ ਕੋਈ ਪ੍ਰਕਿਰਤੀ ਵਿੱਚ ਕਿਰਤ ਪ੍ਰਕਿਰਤੀ ਦਾ ਵਾਧਾ ਕਰੇ ਜਾਂ ਆਲੇ ਦੁਆਲੇ ਹੋ ਰਹੇ ਨਾਂਹਵਾਦੀ ਕਾਰਵਾਈ ਨੂੰ ਮਿਟਾਵੇ ਉਹ ਭਾਵੇਂ ਮਾਨਸਿਕ, ਆਰਥਿਕ, ਰਾਜਨੀਤਕ ਸੰਘਰਸ਼ਾਂ ਵਿੱਚ ਹੋਵੇ ਤਾਂ ਅਜਿਹੇ ਜੀਵਨ ਦੀ ਹੋਂਦ ਦਾ ਅਨੁਭਵ ਕਰਦੇ ਹਾਂ ਤੇ ਉਸਦੀ ਜਾਨਵਰ ਜੂਨ ਨੂੰ ਮਨੁੱਖੀ ਜੂਨ ਆਖਦੇ ਹਾਂ ਤੇ ਉਹ ਹੁੰਦੀ ਵੀ ਹੈ। ਜਦੋਂ ਕੋਈ ਵਿਅਕਤੀ ਆਪਣੇ ਨਿੱਤ ਦੇ ਰੁਝੇਵੇਂ ਭਰੇ ਜੀਵਨ ਵਿੱਚ ਅਜਿਹਾ ਸੰਘਰਸ਼ ਕਰੇ ਕਿ ਉਹ ਸਮੇਂ ਦੀ ਹਿੱਕ 'ਤੇ ਆਪਣੇ ਹੱਥ ਨਾਲ ਹਸਤਾਖਰ ਕਰੇ। ਉਹਦਾ ਜੀਵਨ-ਸੰਘਰਸ਼ ਸਮੇਂ ਦੀ ਆਮ ਵਰਗੀ ਤੋਰ ਵਿੱਚ ਕੁੱਝ ਫਰਕ ਪਾਵੇ ਤਾਂ ਇਸ ਨੂੰ ਹੋਂਦ (Existence) ਆਖਦੇ ਹਾਂ। ਹੋਂਦ ਹਾਂ ਪੱਖੀ ਵੀ ਹੋ ਸਕਦੀ ਹੈ ਪਰਮਾਤਮਾ ਵਾਲੀ- ਹੋਂਦ ਨਾਂਹ ਪੱਖੀ ਵੀ ਹੋ ਸਕਦੀ ਹੈ ਸ਼ੈਤਾਨ ਵਾਲੀ। ਉਹ ਲੈਨਿਨ ਤੇ ਸਟਾਲਿਨ ਵੀ ਹੋ ਸਕਦੇ ਹਨ, ਉਹ ਹਿਟਲਰ ਤੇ ਮੈਸੋਲੀਨੀ ਵੀ। ਉਹ ਨਾਨਕ ਪਾਤਸ਼ਾਹ ਵੀ ਹੋ ਸਕਦੇ ਹਨ ਤੇ ਔਰੰਗਜੇਬ ਵੀ ਹੋ ਸਕਦੇ ਹਨ। ਉਹ ਵਿਗਿਆਨੀ ਆਈਨਸਟਾਈਨ ਵਾਂਗ ਪਰਮਾਤਮਾ ਦੇ ਪੁੱਤਰ ਵੀ ਹੋ ਸਕਦੇ ਹਨ ਤੇ ਨਾਗਾਸਾਕੀ ਤੇ ਐਟਮ-ਬੰਬ ਸਿੱਟਣ ਵਾਲਾ ਦੈਂਤ ਸ਼ੈਤਾਨ ਵੀ ਹੋ ਸਕਦਾ ਹੈ। ਉਹ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਵੀ ਹੋ ਸਕਦੇ ਹਨ ਤੇ 1922 ਦੇ ਗੱਦੀ ਨਸ਼ੀਨ ਬਾਬਾ ਪ੍ਰਤਾਪ ਸਿੰਘ ਜੀ ਵੀ। ਉਹ ਦਸਵੇਂ ਗੁਰੂ ਦਾ ਲਾਡਲਾ ਪੁੱਤਰ ਬੰਦਾ ਬਹਾਦਰ ਵੀ ਹੋ ਸਕਦਾ ਹੈ, ਪਰਮਾਤਮਾ ਦਾ ਭੇਜਿਆ ਹੋਇਆ ਲੋਕ ਨਾਇਕ! ਸਮਾਜਵਾਦੀ ਸਮਾਜ ਦਾ ਸਿਰਤਾਜ-ਰਜਵਾੜਾ ਸ਼ਾਹੀ ਨੂੰ ਖਤਮ ਕਰਨ ਵਾਲਾ। ਉਹ ਰਣਜੀਤ ਸਿੰਘ ਵੀ ਹੋ ਸਕਦਾ ਹੈ ਰਜਵਾੜਾ ਸ਼ਾਹੀ ਨੂੰ ਮੁੜ ਬਹਾਲ ਕਰਨ ਵਾਲਾ, ਬਾਣੇ ਵਾਲਾ- ਬਾਣੀ ਦਾ ਦੁਸ਼ਮਣ ਸ਼ੈਤਾਨ ਦੂਤ। ਉਹ ਧਰਮ ਰੱਖਿਅਕ ਜਥੇਦਾਰ ਫੇਰੂਮਾਨ ਵੀ ਹੋ ਸਕਦਾ, ਉਹ ਸਿੱਖ ਲੋਕ ਭਖਸ਼ਕ ਮਨਮੋਹਣ ਸਿੰਘ ਵੀ ਹੋ ਸਕਦਾ ਹੈ ਜ਼ੈਲ ਸਿੰਘ ਦਾ ਚੇਲਾ ਜਾਂ ਐਡਵਾਇਰ ਨੂੰ ਹਰਮੰਦਰ ਸਾਹਿਬ ਅੰਮ੍ਰਿਤਸਰ ਤੋਂ ਸਰੋਪਾ ਦੇਣ ਵਾਲਾ ਦੈਂਤ- ਸ਼ੈਤਾਨ।

ਇਸ ਤਰ੍ਹਾਂ ਮਨੁੱਖੀ ਹੋਂਦ ਹਾਂ ਪੱਖੀ, ਪਰਮਾਤਮਾ ਪੱਖੀ ਵੀ ਹੋ ਸਕਦੀ ਹੈ ਤੇ ਨਾਂਹ ਪੱਖੀ ਸ਼ੈਤਾਨ ਦੀ ਜਾਈ ਵੀ ਹੋ ਸਕਦੀ ਹੈ ਪਰ ਇਸ ਹੋਂਦ ਨੂੰ ਹੋਂਦ ਤਾਂ ਸਵੀਕਾਰ ਕਰਨਾ ਹੀ ਬਣੇਗਾ।

ਇਸ ਲਈ ਜਿਉਂਦੇ ਰੱਬ ਨੇ ਜਿਉਂਦੇ ਹੋਏ ਰੱਬ ਦਾ ਰੰਗ ਧਾਰਣ ਲਈ ਇੱਕ ਨਿੱਕਾ ਜਿਹਾ ਕੰਮ ਕੀਤਾ- ਬਸ ਮਨ ਮਹਿਕਾਕੇ ਮਨ ਮੋਹਿਤ ਕਰਦੀ ਹਰੀ ਕਚੂਰ ਚਮਕਦੀ, ਧੜਕਦੀ, ਲਚਕਦਾਰ ਵੱਖਰੀ ਜਿਹੀ, ਗਤੀਸ਼ੀਲਤਾ ਦੀ ਵੇਲ ਦੀ ਜੜ੍ਹ ਲਾਈ ਤੇ ਕਰੂੰਬਲ ਫੁਟ ਨਿਕਲੀ- ਨਿੱਕੀ ਨਜ਼ਰ ਲਈ ਮਹਿਕਦੀ ਜਿਵੇਂ ਕੋਈ ਖੜੋਤਾ ਬੰਦਾ ਇੱਕ ਪੈਰ ਅੱਗੇ ਪੁੱਟ ਲਵੇ। ਇਸ ਪਹਿਲੀ ਗਤੀਸ਼ੀਲਤਾ ਨੂੰ ਫਿਲਾਸਫਰ ਲੋਕ ਮੇਰੇ ਕਹੇ ਤੇ ਸੂਖਮ ਸਰੂਪੀ ਪਰਕਿਰਤੀ (Primal Matter) ਆਖ ਲੈਣ, ਇਹ ਸੱਚੀ ਤੇ ਪੱਕੀ ਗੱਲ ਹੈ। ਉਂਝ ਮੇਰੇ ਬਜ਼ੁਰਗ ਫਿਲਾਸਫਰਾਂ ਨੇ ਇਥੇ ਸ਼ਕਤੀ ਦਾ ਸੰਕਲਪ ਨਾਮ ਦਿੱਤਾ ਹੈ ਪਰ ਉਹ ਦਿੱਤਾ ਕਿਸੇ ਹੋਰ ਕੁੱਝ ਨੂੰ ਹੈ, ਗਤੀ ਨੂੰ ਨਹੀਂ। ਉਨ੍ਹਾਂ ਦੀ

ਉਸ ਸਮੇਂ ਕੀਤੀ ਰੱਬ ਸੇਵਾ ਤੇ ਜਗ-ਚਾਕਰੀ ਕਾਰਣ ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ। ਨਿਜੀ ਸੁਆਰਥਾਂ ਤੋਂ ਉਪਰ ਉੱਠ ਕੇ ਕੀਤੇ ਸੰਘਰਸ਼ ਕਾਰਜਾਂ ਨੂੰ ਭਗਤੀ ਹੀ ਕਹਾਂਗੇ। ਭੋਲੇ ਪਾਤਸ਼ਾਹ ਖਲੀਲ ਜਿਬਰਾਨ ਦੀ ਮੰਨੀਏ ਤਾਂ ਉਹਨਾਂ ਦੀ ਜੀਵਨ ਲੀਲਾ ਨੂੰ ਅਸੀਂ "Work is love made visible" ਆਖ ਸਕਦੇ ਹਾਂ। ਜਿਉਂਦੇ ਜਾਗਦੇ ਤੇ ਵਿਚਰਦੇ ਮੇਰੇ ਵੱਡੇ ਵਡੇਰਿਉ! ਤੁਹਾਨੂੰ ਲੱਖ-ਲੱਖ ਸਲਾਮ। ਬਾਬਾ ਸੁਲਤਾਨ ਬਾਹੂ ਵੀ ਤਾਂ ਸੱਚ ਸੁੱਚਾ ਕਥਨ ਕਰੇ, "ਨਾਮ ਫਕੀਰ ਤਿਨਾਂ ਦਾ ਬਾਹੂ ਕਬਰ ਜਿਨ੍ਹਾਂ ਦੀ ਜੀਵੇ ਹੂ"।

ਇਸ ਪ੍ਰਥਮ ਪ੍ਰਾਚੀਨਤਮ ਸੂਖਮ ਕੋਮਲ ਜਿਹੀ ਹਰਕਤ ਨੂੰ ਨਾਮਕਰਣ ਵਿੱਚ ਇਸ ਪਰਮਾਤਮਾ ਦੀ ਕਿਰਤ ਪ੍ਰਕਿਰਤੀ ਦੀ ਬਣਤਰ ਤੇ ਬੁਣਤਰ ਨੂੰ ਲੀਲਾ ਹੀ ਕਿਹਾ ਜਾ ਸਕਦਾ ਹੈ। ਸ਼ਬਦ ਭਾਵਾਂ ਨੂੰ ਅਰਥਾਂ ਤੱਕ ਪਹੁੰਚਾਉਂਦੇ ਹੀ ਨਹੀਂ- ਸ਼ਬਦਾਂ ਦੀ ਪੌੜੀ ਪੂਰੀ ਨਹੀਂ ਪੈਂਦੀ। ਹੁਣ ਤਾਂ "ਕਰੇ ਕਰਾਵੇ ਆਪੇ ਆਪ......" ਆਪਾਂ ਤਾਂ ਉਹਦੇ ਰੰਗ ਵਿੱਚ ਰੰਗੇ ਆਨੰਦ ਰੂਪ ਹੀ ਹੋ ਉਹਨੂੰ ਵਾਹ! ਵਾਹ! ਵਾਹਿਗੁਰੂ ਕਹੀਏ।

ਪਹਿਲਾ ਕਾਰਜ ਇਹ ਹੋਇਆ ਕਿ ਹਿੱਲਤਾ ਅਹਿਲਤਾ ਵਧ ਗਈ- ਇੱਕ ਨੇੜਤਾ ਦਾ ਆਪਸੀ ਜੁੜਤਣ ਦਾ- ਆਪਸੀ ਖਿੱਚ ਦੀ ਸੂਖਮ ਘਟਨਾ ਨੇ ਇੱਕ ਸੰਘਣਾਪਨ ਪੈਦਾ ਕੀਤਾ। ਇਹ ਪਹਿਲੀ ਖਿੱਚ ਉਹਦੀ ਕਰਤੇ ਦੀ ਦੁਸ਼ਮਣ ਬਣੀ, ਉਸ ਦਾ ਹੀ ਵਿਰੋਧ ਹੋ ਨਿਬੜਿਆ। ਰੱਬ ਨੇ ਆਪਣੇ ਆਪ ਆਪਣੀ ਬੁੱਕਲ ਵਿੱਚ ਸੱਪ ਪੈਦਾ ਕਰ ਲਿਆ। ਵਾਹ ਓਏ ਸੋਹਣਿਆ ਸੱਜਣਾ! ਤੇਰੀ ਲੀਲਾ ਦੇ ਵਾਰੇ ਵਾਰੇ ਜਾਈਏ।

ਦੁਨੀਆਂ ਦੇ ਲੋਕੋ! ਮੇਰੇ ਹਾਣੀਓ! ਮੇਰੇ ਸਮਕਾਲੀ ਸਿਆਣਿਓ, ਸਮਝਾਂ ਵਾਲਿਓ ਇਹ ਗੱਲ ਉਹਨੇ ਹੀ ਦੱਸੀ ਹੈ। ਮੱਤ ਕਹਿਉ! ਜਗਜੀਤ ਬੋਲਦਾ ਹੈ। ਅਲਾਹ ਦਾ ਧੂਤੂ- ਉੱਚੇ ਬਨੇਰੇ ਚੜ੍ਹ ਕੇ ਬੈਠਾ ਉਹਦੇ ਰੰਗ ਵਿੱਚ ਕੂਕਦਾ ਹੈ, "ਮੈਂ ਨਾਹੀ ਉਹ! ਉਹ!! ਜੇ ਕਰ ਤੁਸੀਂ ਮੈਨੂੰ ਇਸ ਬੰਦੇ ਨੂੰ ਬੁਲਾਉਣਾ ਹੈ ਤਾਂ ਸੁਣੋ, "ਇਹ ਲਿਖਤ ਸੱਚ ਹੈ! ਇਹ ਲਿਖਤ ਸੱਚ ਹੈ।" ਲਿਖਤ ਹੀ ਸਭ ਕੁੱਝ ਹੈ। ਇਸ ਤੇ ਉਹਦੀ ਮੋਹਰ ਲੱਗੀ ਹੈ, ਮੈਂ ਆਪਣੇ ਦਸਤਖਤ ਕਰਦਾ ਹਾਂ- ਆਹ ਕਰ ਦਿੱਤੇ।

**-ਜਗਜੀਤ ਸਿੰਘ ਗਰੇਵਾਲ**

# ਸਹਿਜਧਾਰਾ ਸਤਿਸੰਗ

ਲੈ ਕੇ ਅਕਾਲਪੁਰਖ ਤੋਂ ਥਾਪੜਾ, ਨਮਸਕਾਰ ਕਰਕੇ ਸਤਿਪੁਰਖ ਨੂੰ- ਕਦਮ ਪੁੱਟਿਆ ਦਹਿਲੀਜ਼ੋਂ ਬਾਹਰ ਤੇ ਵੇਖਿਆ ਕਿ ਇੱਕ ਨਿੱਕਾ ਜਿਹਾ ਅਣੂ ਮੈਨੂੰ ਆਪਣੇ ਵੱਲ ਖਿੱਚ ਰਿਹਾ ਸੀ। 5000 ਸਾਲ ਪੁਰਾਣੀ ਗੱਲ ਕੁਝ-ਕੁਝ ਯਾਦ ਹੈ। ਉਸ ਵੇਲੇ ਵੀ ਮਹਿਸੂਸ ਤਾਂ ਹੋਇਆ ਸੀ- ਉਸ ਵੇਲੇ ਮੈਂ ਇਸਨੂੰ ਆਣਵ ਮਲ ਦਾ ਨਾਂ ਦਿੱਤਾ ਸੀ ਜਿਹੜੀ ਕਿ ਮੂਲ ਦੇ ਵਿੱਚ ਹੀ ਛੁਪੀ ਹੋਈ ਨਹਿਤ ਉਣਤਾਈ ਸੀ। ਉਸ ਵੇਲੇ ਮੈਨੂੰ ਇਹ ਖਿੱਚ ਮਹਿਸੂਸ ਵੀ ਨਹੀਂ ਹੋਈ ਸੀ ਪਰ ਕਿਉਂਕਿ ਹੋਇਆ ਜ਼ਰੂਰ ਸੀ ਤੇ ਸੋਚ ਨੂੰ ਟੁੰਬਿਆ ਵੀ ਸੀ- ਅੰਤਹਕਰਣ ਨੇ ਆਖਿਆ ਆਣਵ ਮਲ ਕਹਿ ਕੇ ਖਾਲੀ ਥਾਂ ਪੂਰੀ ਕਰਦੇ- ਨਹੀਂ ਤਾਂ ਗੱਲ ਨਾ ਅੱਗੇ ਟੁਰੇ ਤੇ ਨਾ ਪੂਰੀ ਹੋਵੇ। ਪਰ ਇਹ ਆਣਵ ਮਲ ਨਹੀਂ ਸੀ ਇਹ ਤਾਂ ਅਣੂ ਦੀ ਉਹ ਖਿੱਚ ਸ਼ਕਤੀ ਸੀ ਜਿਸ ਨੂੰ ਸਾਇੰਸਦਾਨਾਂ ਨੇ ਅਜੇ ਕੱਲ ਪਰਸੋਂ ਗਰੂਤਾ ਖਿੱਚ (Gravitational Pull) ਦਾ ਨਾਂ ਦਿੱਤਾ ਹੈ।

ਇਸ ਵੱਡੀ ਤਬਦੀਲੀ ਵਿੱਚ ਚੇਤੰਨ ਸੱਤਾ ਆਪਣੀ ਚੇਤਨਤਾ ਨੂੰ ਪ੍ਰਾਣ ਸੱਤਾ ਵਿੱਚ ਪਰਿਵਰਤਿਤ ਕਰਦੀ ਹੈ ਤੇ ਪ੍ਰਾਣ ਸੱਤਾ ਨੀਂਦਰ ਅਵਸਥਾ ਵਿੱਚ ਅਲੋਪ ਹੋ ਕੇ ਸ਼ਕਤੀ ਦੇ ਸੰਗਠਿਤ (Condense) ਹੋਣ ਦੀ ਪ੍ਰਕਿਰਿਆ (Process) ਵਿੱਚ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਹੋਣ ਦੀ ਅਵਸਥਾ ਵਿੱਚ ਜੁੜੀ ਸ਼ਕਤੀ ਅਣੂ ਅਖਵਾਂਦੀ ਹੈ ਤੇ ਚੇਤਨਾ ਦੇ ਖੁੱਲ੍ਹ ਦੇਣ ਨਾਲ ਸ੍ਵੈ-ਸਾਰਥੀ ਬਣ ਕੇ ਸਵਾਰਥ ਦੇ ਗੁਣ ਨੂੰ ਗ੍ਰਹਿਣ ਕਰਦੀ ਹੈ। ਇਹ ਖੁਦਗਰਜ਼ੀ ਜਿੰਦਾ ਹੋ ਚੁੱਕੇ ਅਣੂ ਵਿੱਚ ਸੁਤੇ ਪੈਦਾ ਹੁੰਦੀ ਜੀਵਾਤਮਾ ਦੇ ਅੰਤਹਕਰਣ (ਜਿਸ ਨੂੰ ਉਸ ਸਥਿਤੀ ਅਨੁਸਾਰ ਸਿਰਫ ਜੀਵ (ਮਨ) ਹੀ ਕਹਿ ਸਕਦੇ ਹਾਂ) ਦਾ ਸੂਖਮ ਪ੍ਰਗਟਾਅ ਰੂਪ ਅਨੁਭਵ ਕਰਦੇ ਹਾਂ ਕਿਉਂਕਿ ਰੱਬੀ ਸਿਧਾਂਤ ਅਗੰਮੀ ਵਿਕਾਸਮੁਖੀ ਤੋਰ ਤੇ ਚੱਲਦਾ ਹੈ ਤੇ ਸਦਾ ਇਹ ਪਰਿਵਰਤਨ ਹਾਂ-ਮੁਖੀ ਬਦਲਾਵ ਲੈ ਕੇ ਆਉਂਦਾ ਹੈ। ਇਸ ਲਈ ਇਸ ਮਨ ਵਿੱਚ ਰਲਾਅ ਆਤਮਾ ਦਾ ਵੀ ਰਹਿਣਾ ਜ਼ਰੂਰੀ ਹੁੰਦਾ ਹੈ। ਇਸ ਸਬੰਧੀ ਵਿਸਥਾਰ ਵਜੋਂ ਕੈਸਟਾਂ ਤੇ ਸਹਿਜਧਾਰਾ ਗ੍ਰੰਥ ਉਪਲਭਧ ਹੈ।

ਵਿਕਸਿਤ ਜਾਨਵਰ ਜਾਤੀ ਵਿੱਚ ਅੰਸ਼ ਮਾਤਰ ਤੇ ਮਨੁੱਖੀ ਜੋਨੀ ਵਿੱਚ ਪੂਰਣ ਰੂਪ ਵਿੱਚ ਇਹ ਖੁਦਗਰਜ਼ੀ (Selfishness) ਅਹੰਕਾਰ (ਹਉਮੈ ਦਾ ਭਾਵ) ਦਾ ਰੂਪ ਧਾਰਣ ਕਰ ਲੈਂਦੀ ਹੈ। ਬਦਲਦੀ ਹੋਈ ਸਥਿਤੀ ਵਿੱਚ ਵਿਕਸਤ ਹੋ ਕੇ ਗੁੰਝਲਦਾਰ ਹੁੰਦੀਆਂ ਜਾ ਰਹੀਆਂ ਜੂਨਾਂ ਵਿੱਚ ਜੀਵਾਤਮਾ ਆਤਮ ਤਤ੍ਵ ਦੇ ਪ੍ਰਬਲ ਹੁੰਦੇ ਜਾਣ ਕਾਰਣ ਸੰਕਲਪ ਵਿਕਲਪ ਦਾ ਭਾਵ ਤੇ ਬੌਧਿਕਤਾ ਵੀ ਪ੍ਰਤੱਖ ਦਿਸਣੀ ਆਰੰਭ ਹੋ ਜਾਂਦੀ ਹੈ। ਝੋਟੇ ਦਾ ਖੋਰ ਤੇ ਊਠ ਦੀ ਬਦਲਾ ਲੈਣ ਦੀ ਬਿਰਤੀ ਪ੍ਰਤੱਖ ਰੂਪ ਵਿੱਚ ਸਵਾਰਥ ਦੇ ਅਹੰਕਾਰ ਵਿੱਚ ਪਰਿਵਰਤਿਤ ਹੋਣ ਦੇ ਲੱਛਣ ਹਨ। ਇਹ ਅਹੰਕਾਰ ਹੀ ਹੈ ਜਿਹੜਾ ਸਾਡੀ ਹਉਮੈ ਦਾ ਦੂਜਾ ਨਾਮ ਹੈ ਜਾਂ ਅੰਤਹਕਰਣ ਵਿੱਚ (ਸਾਡੇ ਵੱਡੇ ਵਡੇਰੇ ਅਨੁਸਾਰ) ਮਨ, ਬੁੱਧੀ ਤੇ ਅਹੰਕਾਰ ਦੇ ਤਿੰਨ ਤੱਤ ਮੇਲ ਦਿੰਦੇ ਹਨ। ਅਜੋਕੇ ਯੁੱਗ ਦੇ ਪੈਗੰਬਰ ਭਗਵਾਨ ਰੂਪ ਬਾਬਾ ਨਾਨਕ ਦੇ ਦਰਬਾਰ ਵਿੱਚ ਬਹੁਤ ਥਾਂਈ ਇਸੇ ਨੂੰ ਮਨ ਕਹਿ ਕੇ ਵੀ ਯਾਦ ਕੀਤਾ ਹੈ। ਜੀਅੜਾ ਨਾਮ ਵਧੇਰੇ ਸਾਹਿਤਿਕਤਾ ਦਾ ਪ੍ਰਭਾਵ ਦਿੰਦਾ ਹੈ।

"ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥" (ਆਸਾ ਮ. 3 ਅੰਕ 441)

ਵਿਚ ਮਨ ਤੋਂ ਭਾਵ ਜੀਵਾਤਮਾ ਤੋਂ ਹੈ। ਜੀਵਾਤਮਾ ਨੂੰ ਗੁਰਬਾਣੀ ਵਿੱਚ "ਜੀਅੜਾ" ਵੀ ਸੰਬੋਧਿਤ ਕੀਤਾ ਗਿਆ ਹੈ। ਤੁਸੀਂ ਅੰਤਹਕਰਣ ਨੂੰ ਜੀਵਾਤਮਾ ਸ਼ਬਦ ਤੋਂ ਕਿਵੇਂ ਵੱਖਰਾ ਆਖ ਸਕਦੇ ਹੋ। ਅਹੰਕਾਰ ਨੂੰ ਤਾਂ ਆਪਾਂ ਜੀਵਾਤਮਾ ਦਾ ਜੀਵ ਤੱਤ ਆਖ ਸਕਦੇ ਹਾਂ ਪਰ ਹਉਮੈ ਨੂੰ ਤੁਸੀਂ ਕਿਸ ਤਰ੍ਹਾਂ ਦੇ ਵੱਖਰੇ ਅਰਥ ਤੇ ਸੰਕਲਪ ਦੇ ਸਕਦੇ ਹੋ ਜਦੋਂ

"ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ ॥" ਅੰਕ (466)

ਇਸ ਵਿੱਚ ਹਉਮੈ ਨੂੰ ਅਸੀਂ ਜੀਵ ਤਤ੍ਵ ਨਾਲ ਜੋੜਾਂਗੇ ਕਿ ਆਤਮ ਤਤ੍ਵ ਨਾਲ। ਤੁਸੀਂ ਹੀ ਫੈਸਲਾ ਕਰ ਵੇਖੋ।

ਬੌਧਿਕ ਗੁੰਝਲਾਂ ਸੁਲਝਾਉਣ ਹਿੱਤ ਆਉ ਆਪਾਂ ਵਿਚਾਰ ਕਰੀਏ। ਜਿਸ ਅੰਤਹਕਰਣ ਨੂੰ ਮਨ, ਬੁੱਧੀ ਤੇ ਅਹੰਕਾਰ ਦਾ ਸਮੂਹ ਆਖਿਆ ਜਾਂਦਾ ਹੈ ਅਤੇ ਅੰਗਰੇਜ਼ੀ ਵਿੱਚ ਜਿਸ ਨੂੰ ਮਨੁੱਖ ਦਾ Psychical Apparatus ਸੱਦਦੇ ਹਾਂ, ਉਸ ਨੂੰ ਹੀ ਜੇਕਰ ਜੀਵਾਤਮਾ ਦਾ ਸਰਲ ਅਰਥੀ ਸੌਖਾ ਤੇ ਸਾਰਥਿਕ ਨਾਮ ਦੇ ਲਈਏ ਤਾਂ ਕੀ ਫਰਕ ਪੈਂਦਾ ਹੈ। ਗੱਲ ਤਾਂ ਆਤਮ-ਤਤ੍ਵ ਦੇ ਸਦਾਚਾਰਕ ਮਾਡਲ ਵਜੋਂ ਨਿਰਦੇਸ਼ਨ ਕਰਨ ਦੀ ਹੈ।

ਜੇਕਰ Gravitational Pull ਨਿਰਜੀਵ ਮਾਦੇ ਦਾ ਵਿਸ਼ੇਸ਼ ਗੁਣ ਹੈ ਤਾਂ ਸਵਾਰਥ (Selfishness) ਦਾ ਖੇਤਰ ਜੀਵਨ ਦੇ ਆਦਿ ਤੋਂ ਆਰੰਭ ਹੋ ਕੇ ਪੰਛੀਆਂ ਤੇ ਜਾਨਵਰਾਂ ਦੀਆਂ ਜੂਨੀਆਂ ਤੱਕ ਫੈਲਦਾ ਹੈ। Gravitational Pull ਜਿੱਥੇ ਨਿਰਜਿੰਦ ਪਦਾਰਥ ਦੀ ਇੱਕ ਵਖਰੇਵੀ ਹੋਂਦ ਦਾ ਲਖਾਇਕ ਹੈ ਤਾਂ ਸਵਾਰਥ ਪੰਛੀਆਂ ਤੇ ਜਾਨਵਰਾਂ ਨੂੰ Subject ਬਣਾ ਦਿੰਦੀ ਹੈ ਤੇ ਬਾਕੀ ਕੁਦਰਤ (Nature) object ਸਮਝ ਲੈਂਦਾ ਹੈ। ਪੰਛੀਆਂ ਜਾਨਵਰਾਂ ਦੇ ਦ੍ਰਿਸ਼ਟੀਕੋਣ ਤੋਂ ਦੋ ਹਕੀਕਤਾਂ (ਅਸਤਿਤ੍ਵ) ਦੀ ਹੋਂਦ ਬਣ ਜਾਂਦੀ ਹੈ।

ਮਨੁੱਖਾ ਜੀਵਨ ਤੇ ਪਹੁੰਚ ਕੇ ਜੀਵਾਤਮਾ ਵਿੱਚ ਆਤਮਾ ਤਤੂ ਵਧੇਰੇ ਸ਼ਕਤੀਸ਼ਾਲੀ ਹੋ ਜਾਂਦਾ ਹੈ। ਮਨੁੱਖ ਦਾ ਮਨ (ਸੰਕਲਪ ਵਿਕਲਪ ਦਾ ਸਰੋਤ) ਕਾਲਪਨਿਕ ਉਡਾਣਾਂ (Imaginative flights) ਉੱਚੀਆਂ ਮਾਰਨੀਆਂ ਆਰੰਭ ਕਰ ਦਿੰਦਾ ਹੈ। ਲੋੜਾਂ ਦੀਆਂ ਪੂਰਤੀਆਂ ਦੇ ਖਿਆਲ ਅਸਮਾਨੀਂ ਦੌੜਦੇ ਹਨ। ਮੁਸ਼ਕਲਾਂ ਸਮੱਸਿਆਵਾਂ ਦੇ ਨਜਿੱਠਣ ਲਈ ਬੁੱਧੀ ਦੋ ਧਰੁਵੀ ਸੋਚਣੀ ਨੂੰ ਪਰਬਲ ਕਰਦੀ ਹੈ। ਨਿਰੰਤਰ ਸਹਿਜ ਵਿਕਾਸ ਜੋ ਕਿ ਅਸਲ ਵਿੱਚ ਭਾਣੇ ਦਾ ਹੀ ਹਿੱਸਾ ਹੈ ਤੇ ਇਹ God's will (ਇੱਛਾ ਤਤੂ) ਦਾ ਪ੍ਰਗਟਾਵਾ ਹੈ। ਇਸ ਤਰ੍ਹਾਂ ਮਨੁੱਖੀ ਅੰਤਹਕਰਣ (human psychic apparatus) ਕਾਰਜਸ਼ੀਲ ਹੁੰਦਾ ਹੈ।

ਸਵਾਰਥ ਦਾ ਆਰੰਭ ਸ੍ਵੈ ਰੱਖਿਆ ਤੋਂ ਹੁੰਦਾ ਹੈ। ਇਸ ਗਤੀਸ਼ੀਲਤਾ ਨੂੰ ਅਸੀਂ ਜੀਵਨ ਦਾ ਨਾਂ ਦਿੱਤਾ ਸੀ। ਸਵਾਰਥ ਦਾ ਇਹ ਪ੍ਰਥਮ ਰੂਪ ਮਨੁੱਖੀ ਹਉਮੈ ਤੱਕ ਉਮਰ ਦੇ ਸਮੇਂ ਨੂੰ ਹੰਢਾਉਂਦਾ ਹੋਇਆ ਮੌਤ ਦੇ ਡਰ ਤੱਕ ਪਹੁੰਚਦਾ ਹੈ ਕਿਉਂਕਿ ਮੌਤ ਦੇ ਅਟੱਲ ਹੋਣ ਦਾ ਰਹੱਸ (mystery) ਮਨੁੱਖੀ ਅਕਲ ਦੇ ਦਾਇਰੇ ਤੋਂ ਬਾਹਰ ਹੈ ਤੇ ਮਨੁੱਖੀ ਮਨ ਬੁੱਧੀ ਦੀ ਮਦਦ ਨਾਲ ਆਪਣੀਆਂ ਕਾਲਪਨਿਕ ਉਡਾਨਾਂ ਆਪਣੇ ਸਵਾਰਥ (ਮੌਤ ਤੋਂ ਬਚਾਉ) ਦੀ ਪੂਰਤੀ ਲਈ ਕਰਦਾ ਹੀ ਰਹਿੰਦਾ ਹੈ।

ਕਹਿੰਦੇ ਹਨ ਕਿ ਜੇਕਰ ਇੱਕ ਬਿੱਲੀ ਨੂੰ ਕਮਰੇ ਵਿੱਚ ਤਾੜ ਲਈਏ ਤੇ ਉਸ ਨੂੰ ਮਾਰਨਾ ਸ਼ੁਰੂ ਕਰ ਦੇਈਏ ਤਾਂ ਉਹ ਆਪਣੇ ਆਪ ਨੂੰ ਬਚਾਉਣ ਲਈ ਦੌੜਦੀ ਤੇ ਲੁਕਦੀ ਹੈ ਪਰ ਇੱਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਉਹ ਮਨੁੱਖ ਦੀ ਗਰਦਣ ਤੇ ਝਪਟਦੀ ਹੈ ਤੇ ਆਪਣੇ ਦੰਦਾਂ ਨਾਲ ਉਹ ਮਨੁੱਖ ਨੂੰ ਮਾਰਨਾ ਲੋੜਦੀ ਹੈ। ਇਸ ਸੰਸਾਰ ਵਿੱਚ ਮੌਤ ਦਾ ਭੈ ਹੈ ਜਿਹੜਾ ਮਨੋਵਿਗਿਆਨਕ ਤੌਰ ’ਤੇ ਵਿਚਾਰਿਆਂ ਮਨੁੱਖੀ ਸਵਾਰਥ ਤੇ ਸ੍ਵੈ ਰੱਖਿਆ ਦੀ ਭਾਵਨਾ ਦਾ ਹੀ ਰੂਪ ਹੈ। ਜੰਗ ਵਿੱਚ ਸਿਪਾਹੀ ਦੁਸ਼ਮਣ ਦੇਸ਼ ਦੇ ਸਿਪਾਹੀ ਨੂੰ ਕਿਸੇ ਬਦਲੇ ਦੀ ਭਾਵਨਾ ਕਾਰਣ ਨਹੀਂ ਮਾਰਦਾ ਕਿਉਂਕਿ ਜੇਕਰ ਉਸ ਨੂੰ ਛੋਟ ਦਿੱਤੀ ਜਾਵੇ ਕਿ ਉਹ ਦੁਸ਼ਮਣ ਨੂੰ ਮਾਰੇ ਜਾਂ ਛੱਡੇ ਤਾਂ ਉਹ ਕਦੇ ਵੀ ਮਾਰੇਗਾ ਨਹੀਂ। ਕਾਰਣ ਇਹ ਹੈ ਕਿ ਮਾਰਨ ਗਏ ਨੂੰ ਮਰਨ ਦਾ ਵੀ ਡਰ ਬਣਿਆ ਰਹਿੰਦਾ ਹੈ। ਉਹ ਜੰਗ ਵਿੱਚ ਬੰਦੂਕਾਂ ਤੋਪਾਂ ਨਾਲ ਦੂਜੇ ਨੂੰ ਇਸ ਲਈ ਮਾਰਦਾ ਹੈ ਕਿਉਂਕਿ ਉਸ ਨੂੰ ਆਪਣੇ ਮਰਨ ਦਾ ਡਰ ਬਣਿਆ ਰਹਿੰਦਾ ਹੈ। ਮਨੁੱਖ ਨੇ ਮੌਤ ’ਤੇ ਕਾਬੂ ਪਾਉਣ ਲਈ ਜਾਂ ਇੰਜ ਕਹੀਏ ਕਿ ਮਨੁੱਖੀ ਹਉਮੈ ਆਪਣੇ ਆਪ ਨੂੰ ਸਦੀਵੀ ਜੀਵਨ ਦੇਣ ਲਈ ਤੇ ਮਨੁੱਖ ਜਵਾਨੀ ਨੂੰ ਸਦੀਵੀ ਬਣਾਉਣ ਲਈ ਦਵਾਈਆਂ ਵੀ ਬਣਾਉਂਦਾ ਹੈ- ਦੁਆਵਾਂ ਵੀ ਘੜਦਾ ਹੈ। ਰੱਬ ਦੀ ਚਾਅ-ਪਲੋਸੀ ਤੇ ਸਿਫਤ ਸਲਾਹ ਵੀ ਕਰਦਾ ਹੈ। ਅਰਦਾਸਾਂ ਵੀ ਕਰਦਾ ਹੈ ਤੇ ਗ੍ਰੰਥਾਂ ਦੇ ਕੁੱਝ ਗੁੰਝਲਦਾਰ ਸੰਪਟ ਪਾਠ ਵੀ ਕਰਾਉਂਦਾ ਹੈ ਜਿਸ ਦਾ ਮੁੱਖ ਕਾਰਣ ਆਪਣੇ ਆਪ ਨੂੰ ਅਮਰ ਬਣਾਉਣਾ ਹੈ, ਮੌਤ ਤੋਂ ਬਚਾਉਣਾ ਹੈ।

ਜੇਕਰ ਮਨੁੱਖ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਕਰਾ ਦਿੱਤਾ ਜਾਵੇ ਕਿ ਮਨੁੱਖੀ ਮੌਤ ਤਾਂ ਰੱਬ ਕਰਦਾ ਹੈ ਤੇ ਸ਼ੈਤਾਨ ਉਸ ਨੂੰ ਅਮਰ ਜੀਵਨ ਦੇ ਸਕਦਾ ਹੈ ਤਾਂ ਸਾਰੇ ਧਾਰਮਿਕ ਅਦਾਰਿਆਂ ਵਿੱਚ ਸ਼ੈਤਾਨ ਦੀ ਜੈ-ਜੈ ਕਾਰ ਹੋਣ ਲੱਗ ਪਵੇ।

ਕੀ ਤੁਸੀਂ ਜਾਣਦੇ ਹੋ ਕਿ ਨਾਸਤਿਕਤਾ ਕਿਉਂ ਸ਼ੁਰੂ ਹੋਈ ? ਇਹ ਫਿਲਾਸਫੀ ਵਾਲਿਆਂ ਦਾ ਸਵਾਲ ਹੈ, ਚਲੋ ਆਪਾਂ ਵੀ ਗੱਲ ਕਰ ਵੇਖਦੇ ਹਾਂ।

ਜਦੋਂ ਮੌਤ ਦੇ ਭਾਣੇ ਵਰਤਣੇ ਨਾ ਰੁਕੇ, ਰੱਬ ਨੂੰ ਖੁਸ਼ ਕਰਕੇ ਮੌਤ ਦੀ ਘਟਨਾ ਦੇ ਘਟਣ ਤੋਂ ਰੋਕਣ ਲਈ ਮਨਾਉਣ ਹਿੱਤ ਕਈ ਮਿੰਨਤਾਂ ਕੀਤੀਆਂ, ਬਹੁਤ ਸਿਫਤਾਂ ਕੀਤੀਆਂ, ਕਈ ਮੰਤਰ ਪੜ੍ਹੇ, ਕਈ ਚਲੀਹੇ ਕੱਟੇ, ਕਈ ਤਰ੍ਹਾਂ ਦੀਆਂ ਸਾਧਨਾਵਾਂ ਕਲਪੀਆਂ, ਇਕੱਲੇ ਤੇ ਸੰਗਤ ਰੂਪ ਹੋ ਕੇ ਬਹੁਤ ਜਾਪ ਜਪੇ ਤੇ ਉੱਚੀ ਉੱਚੀ ਚੀਖ ਚੀਖ ਕੇ ਅਰਦਾਸਾਂ ਕੀਤੀਆਂ ਪਰ ਕੋਈ ਯਤਨ ਵੀ ਕਾਰਗਰ ਸਿੱਧ ਨਾ ਹੋਇਆ ਤਾਂ ਮਨੁੱਖ ਨੇ ਰੱਬ ਦਾ ਵਿਰੋਧ ਕਰਨ ਦਾ ਯਤਨ ਕੀਤਾ। ਆਪਣੇ ਘਰਾਂ ਵਿਚੋਂ ਹੀ ਨਹੀਂ ਆਪਣੇ ਵਿਸ਼ਵਾਸਾਂ ਵਿਚੋਂ ਉਸ ਨੂੰ ਦੇਸ਼ ਨਿਕਾਲਾ ਦੇਣ ਦੀ ਸੋਚੀ ਤਾਂ ਨਾਸਤਿਕਤਾ ਸ਼ੁਰੂ ਹੋਈ। ਇਹ ਕਿਸੇ ਲੰਬੀ ਦਾਰਸ਼ਨਿਕ ਸੋਚ ਤੇ ਸਮਝ ਦੀ ਉਪਜ ਨਹੀਂ ਸਗੋਂ ਇਹ ਪ੍ਰਤੀਕਰਮ ਵਜੋਂ ਹੀ ਸ਼ੁਰੂ ਹੋਈ ਹੈ। ਇਸ ਤਰ੍ਹਾਂ ਦੋ ਵਿਰੋਧੀ ਸੋਚ ਪੱਦਤੀਆਂ ਆਪਣੀਆਂ ਜੜ੍ਹਾਂ ਫੜ ਗਈਆਂ। ਰੱਬ ਵਾਲਿਆਂ ਨੇ ਸਵਰਗ ਦੇ ਸੁਫਨੇ ਸਿਰਜ ਦਿੱਤੇ ਤੇ ਉਨ੍ਹਾਂ ਵਿੱਚ ਅਰਾਮ ਤੇ ਖਰਮਸਤੀਆਂ ਵਾਲੇ ਸਦੀਵੀ ਜੀਵਨ ਦੀ ਕਲਪਨਾ ਕੀਤੀ ਅਤੇ ਰੱਬ ਲਈ ਹਜ਼ਾਰਾਂ ਤਰ੍ਹਾਂ ਦੀਆਂ ਮਿੰਨਤਾਂ, ਸਿਫਤਾਂ, ਵਿਧੀਆਂ ਤੇ ਸਿੱਧੀਆਂ ਤੇ ਹੋਰ ਯੋਗ ਦੀਆਂ ਪੱਦਤੀਆਂ ਆਰੰਭ ਕਰ ਲਈਆਂ ਤੇ ਨਾਸਤਿਕਤਾ ਵਾਲਿਆਂ ਨੇ ਵਿਗਿਆਨਕ ਖੋਜਾਂ ਤੋਂ ਉਮਰਾਂ ਦੀ ਲੰਬਾਈ ਤੇ ਸਦੀਵੀ ਜੀਵਨ ਜਿਉਣ ਦੀਆਂ ਦਵਾਈਆਂ ਬਣਾਈਆਂ ਤੇ ਹੋਰ ਦਾਰਸ਼ਨਿਕ ਯਤਨ ਵੀ ਕੀਤੇ।

ਇਕ ਪੁਰਾਣੇ ਬਜ਼ੁਰਗ ਦਾ ਗੁਰਮੰਤਰ ਨਾਸਤਿਕਤਾ ਵਾਲਾ ਸੁਣ ਲਵੋ

“ਯਾਵ ਜੀਵੇਤ ਸੁਖਮ ਜੀਵੇਤ।
ਰਿਣਮ ਕ੍ਰਿਤਵਾ ਘ੍ਰਿਤ ਪੀਵੇਤ।
ਦੇਹਸੀਆ ਭੂਤੱਸੀਆ।

ਪੁਨਰ ਆਗਮਨ ਕੁਤਾਹਾ॥

ਇਸ ਲਈ ਜਦੋਂ ਮਿਰਤਕ ਸਰੀਰ ਨੇ ਸੜ ਕੇ ਖਤਮ ਹੋ ਜਾਣਾ ਹੈ ਤੇ ਮੁੜ ਜਨਮ ਹੋਣਾ ਹੀ ਨਹੀਂ, ਇਸ ਲਈ ਖਾਓ ਪੀਓ ਤੇ ਆਨੰਦ ਕਰੋ। (ਘਿਉ ਖਾਉ ਭਾਵੇਂ ਉਧਾਰਾ ਲੈ ਕੇ ਹੀ)

ਇੱਕ ਗੱਲ ਹੋਰ ਕਰਨੀ ਹੈ ਕਿ ਚੌਥੀ ਅਵਸਥਾ (ਤੁਰੀਆ, ਸਹਿਜ ਆਦਿ) ਵਿੱਚ ਪਹੁੰਚਿਆ ਕੋਈ ਲੱਖਾਂ ਵਿਚੋਂ ਇੱਕ ਕੋਈ ਵਿਕੋਲਿਤਰਾ ਪਰਮਾਤਮਾ ਦੀਆਂ ਪੰਜ ਸ਼ਕਤੀਆਂ ਵਿਚੋਂ ਆਖਰੀ-ਸ਼ੁੱਧ ਵਿਦਿਆ ਜਾਂ ਸਹਿਜ ਵਿਦਿਆ ਦਾ ਗਿਆਤਾ ਹੋ ਜਾਂਦਾ ਹੈ (ਇਸ ਬਾਰੇ ਹੋਰ ਥਾਂ ਵੇਰਵੇ ਹਨ) ਪਰ ਇਸ ਪ੍ਰਾਪਤੀ ਉਪਰੰਤ ਉਸ ਵਿੱਚ ਉਤਪਤੀ (create) ਕਰਨ ਦੀ ਸ਼ਕਤੀ ਆ ਜਾਂਦੀ ਹੈ।

ਜਿਵੇਂ ਕਿ ਸਹਿਜਧਾਰਾ ਸਤਸੰਗੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਨੂੰ ਅਨਾਦੀ ਚਮਕਦਾਰ ਚੇਤੰਨਤਾ (Eternally Glowing Consciousness) ਮੰਨਿਆ ਗਿਆ ਹੈ, ਜਿਹੜਾ ਕਿ ਸਾਰੀਆਂ ਤਬਦੀਲੀਆਂ ਦਾ ਨਾ ਬਦਲਣਯੋਗ, ਪੱਕਾ, ਪੂਰਾ, ਅਟੱਲ ਤੇ ਅਮਰ ਸਿਧਾਂਤ ਹੈ। ਵੰਡਾਂ ਵਖਰੇਵਿਆਂ ਤੋਂ ਮੁਕਤ ਉਹ ਇੱਕ ਸਰਵਉੱਚ ਅਸਤਿਤਵ ਹੈ।

ਪ੍ਰਕਾਸ਼ਾਵਿਮਰਸ਼ਮਯ (Prakashovimarshamya) ਜਿਸ ਵਿੱਚ ਸ਼ਕਤੀ (Shakti) ਸਰਵਤ ਦੀ ਮਾਂ ਇਸ ਲਈ ਹੈ ਕਿਉਂਕਿ ਉਹ ਉਸੇ ਦੀ ਉਸੇ ਵਿੱਚ ਨਹਿੱਤ ਕਰਤਾਰੀ ਸ਼ਕਤੀ ਹੈ ਜੋ ਆਪਣੀ ਹੀ ਇੱਛਾ ਅਨੁਸਾਰ ਪਰਮ ਗਿਆਨ ਯੁਕਤ ਸੰਕਲਪ ਸਿਰਜਦੀ ਹੈ ਤੇ ਉਨ੍ਹਾਂ ਆਕਾਰਾਂ ਨੂੰ ਰੂਪਮਾਨ ਕਰਦੀ ਹੈ।

ਅੱਜ ਤੱਕ ਸਭ ਤੋਂ ਉਚੇਰੀ ਕਿਰਤ ਮਨੁੱਖ ਜਾਤੀ ਹੈ ਜਿਸ ਵਿੱਚ ਸ਼ਕਤੀਵਾਨ (ਸਰੀਰਕ, ਮਾਨਸਿਕ ਤੇ ਆਤਮਿਕ) ਮਨੁੱਖ ਹੈ ਤਾਂ ਸੁੰਦਰਤਾ, ਸੋਹਜ, ਭਾਵੁਕਤਾ ਤੇ ਪ੍ਰੇਮ ਭਗਤੀ ਦੀ ਸਰਵਉੱਚ ਔਰਤ ਹੈ। ਦੋਨੋਂ (ਮਨੁੱਖ ਤੇ ਇਸਤਰੀ) ਦੋ ਵੱਖਰੇ ਅਸਤਿਤੂ ਨਹੀਂ ਸਗੋਂ ਇੱਕ ਦੂਜੇ ਦੇ ਪੂਰਕ ਹਨ ਤੇ ਦੁੱਖ ਇਸ ਗੱਲ ਦਾ ਹੈ ਕਿ ਅਕਾਦਮਿਕ, ਕਲਾਤਮਕ, ਵਿਗਿਆਨਕਤਾ ਵਰਗੀ ਵਡੇਰੀ ਰੱਬੀ ਦਾਤ ਨਾਲ ਸ਼ਿੰਗਾਰੀ ਵਰਤਮਾਨ ਮਨੁੱਖ ਜਾਤੀ ਆਦਮੀ ਤੇ ਔਰਤ ਨੂੰ ਦੋ ਵਖਰੇਵੇਂ ਹੀ ਮੰਨ ਬੈਠੇ ਹਨ। ਇਸ ਲਈ ਸੰਸਾਰ ਵਿੱਚ ਦੁੱਖ ਦਰਦ ਬੁਰਿਆਈ ਲਾਚਾਰੀ ਹੈ ਤੇ ਆਨੰਦ ਤੇ ਖੁਸ਼ੀਆਂ ਦਾ ਪਾਸਾਰ ਬੀਤੇ ਦੀ ਕਹਾਣੀ ਬਣ ਕੇ ਰਹਿ ਗਏ ਹਨ। ਆਦਿ ਮਨੁੱਖ ਦੀਆਂ ਖੁੱਲ੍ਹਾਂ ਦੀ ਬੁਨਿਆਦ Basic Instincts (ਮੂਲ ਪਰਵਿਰਤੀਆਂ) ਜਿਸ ਦੀ ਬੁਨਿਆਦ ਵਿੱਚ ਮਨੁੱਖ ਜੋਨੀ ਨੂੰ ਅੱਗੇ ਤੋਰਨਾ ਸੀ ਪਰ ਆਧੁਨਿਕ ਮਾਨਵ ਅਕਲਾਂ ਵਾਲਾ ਆਪਣੀਆਂ ਸੁਸਿਖਿਅਤ Instincts ਨੂੰ ਆਪਣੀ emotions (ਭਾਵਨਾਵਾ) ਵਿੱਚ ਮਨੁੱਖ ਤੇ ਔਰਤ ਨੂੰ ਦੋ ਵੱਖਰੀਆਂ ਜੂਨਾਂ ਸਮਝਣ ਦਾ ਭਰਮ ਪਾਲ ਰਿਹਾ ਹੈ। ਔਰਤ ਆਪਣੀ ਸੁਤੰਤਰਤਾ ਦੇ ਸ਼ੈਦਾਅ ਵਿਚ, ਮਰਦ ਆਪਣੀ ਹਉਮੈਵਾਦੀ ਸੋਚ ਵਿੱਚ ਪਾਗਲ ਹੋ ਕੇ ਆਪਣੇ ਆਪ ਵਿੱਚ ਹੀ ਵੱਖਰੀ ਹੋਂਦ ਸਮਝਣ ਲੱਗ ਪਿਆ ਹੈ। ਨਿਰੀ ਮੂਰਖਤਾ, ਮਨੁੱਖ ਮਨੁੱਖ ਨੂੰ ਆਪਣੀ ਤੀਵੀਂ ਬਣਾ ਕੇ ਸ਼ਾਦੀ ਕਰ ਲੈਂਦਾ ਹੈ ਤੇ ਔਰਤ ਔਰਤ ਨੂੰ ਆਪਣਾ ਮਰਦ ਸਮਝ ਕੇ ਲਾਵਾਂ ਦੀਆਂ ਚਾਰ ਭੁਆਟਣੀਆਂ ਲੈ ਲੈਂਦੀ ਹੈ। ਜਦੋਂ ਇਹ ਪਾਗਲਪਨ ਦੁਨੀਆਂ ਵਿੱਚ ਹੁੰਦਾ ਹੈ ਤਾਂ ਸਾਰੀ ਦੁਨੀਆਂ ਇੱਕ ਪਾਗਲਖਾਨਾ ਹੀ ਹੋਈ ਕਿ ਨਹੀਂ। ਮਨੁੱਖ ਆਪਣੇ ਪਰਮਾਤਮਾ ਵੱਲ ਫਰਜ਼ ਦੀ ਕੋਤਾਹੀ ਕਰਕੇ ਨਿੱਜੀ ਖੁਸ਼ੀ ਵਿੱਚ ਗਲਤਾਨ ਹੋ ਗਿਆ ਹੈ। ਸਵਾਰਥੀ ਅਹੰਕਾਰੀ, ਨਿਜ ਭਗਤ ਕੁਰਾਹੇ ਪਿਆ।

ਕਿਉਂਕਿ ਗੱਲ ਤਾਂ ਆਪਾਂ (ਸਹਿਜ ਗੁਣ, ਸ਼ੁੱਧ-ਵਿਦਿਆ, ਸਹਿਜ ਗਿਆਨ) ਸਹਿਜ ਦੀ ਕਰਨ ਲੱਗੇ ਸਾਂ।

ਮਨੁੱਖੀ ਸੁਭਾਅ (ਪ੍ਰਕਿਰਤੀ) ਦੇ ਤਿੰਨ ਬੁਨਿਆਦੀ (genetic constituents) ਹੁੰਦੇ ਹਨ। ਸਤਵ-ਗੁਣ, ਰਜਸ-ਗੁਣ ਤੇ ਤਮਸ-ਗੁਣ। ਸਤਵ ਗੁਣ ਹਲਕਾ ਫੁਲਕਾ, ਚਾਨਣਾ, ਅਨੰਦ, ਅਮਨ ਦਾ ਖੇੜਾ ਤੇ ਜੀਵਨ ਵਿੱਚ ਚੰਗਿਆਈ ਦੇ ਸਿਧਾਂਤ ਦਾ ਪਾਲਕ, ਭਲਿਆ ਲੋਕਾਂ ਦੀ ਵਿਸ਼ੇਸ਼ਤਾ। ਰਜਸ- ਨੱਸਣ-ਭੱਜਣ ਕਾਰਜ ਸਿਧੀ ਭਰਿਆ, ਚਾਵਾਂ ਤਿੱਖੀਆਂ ਖਾਹਿਸ਼ਾਂ ਨਾਲ ਲੱਦਿਆ ਤੇ ਲਾਲਚਾਂ ਤੇ ਲਾਲਸਾਵਾਂ ਵਿੱਚ ਲਪੇਟਿਆ ਤੇ ਤਮਸ ਨਿਰਾ ਹਨੇਰਿਆਂ ਤੇ ਆਲਸ ਦਾ ਥੈਲਾ, ਮਾਯੂਸੀਆਂ, ਨਿਰਾਸ਼ਤਾਵਾਂ ਤੇ ਆਲਸ ਭਰਿਆ ਤੇ ਬਦਨਾਮੀਆਂ ਗਿਰਾਵਟਾਂ ਤੇ ਲਾਚਾਰੀਆਂ ਰੰਗਿਆ। ਪਰ ਜਦੋਂ "ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ" ਦਾ ਪਾਠ ਪੜ੍ਹ ਕੇ ਕੋਈ ਭਲਾ ਇਨ੍ਹਾਂ ਬੋਲਾਂ ਨੂੰ ਹੱਡੀਂ ਹੰਢਾਉਂਦਾ ਹੈ- ਸੰਸਾਰ ਦੀ ਅੱਗ ਵਿਚੋਂ ਲੰਘਦਾ ਸੱਚ ਕਮਾਉਂਦਾ ਹੈ ਤਾਂ ਉਪਰ ਵਾਲੇ ਦੀ ਨਜ਼ਰੀਂ ਸੋਹਣਾ ਲੱਗਦਾ ਹੈ ਤਾਂ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਸਹਿਜ ਵਿਦਿਆ (ਸ਼ੁੱਧ ਵਿਦਿਆ) ਦਾ ਪ੍ਰਕਾਸ਼ ਹੁੰਦਾ ਹੈ। ਇਹ ਤਾਂ ਉਸ ਦਾ ਹੀ ਹੋ ਜਾਣਾ ਹੈ। ਉਸੇ ਦੇ ਕਹੇ ਕੰਮ ਕਰਦੇ ਨੇ ਉਸ ਦੇ ਸਾਰੇ ਅੰਗ ਅਤੇ ਅਕਲਾਂ ਵੀ ਉਸੀ ਉਪਰ ਵਾਲੇ ਦੀਆਂ। ਉਹ ਸੰਸਾਰ ਦੀ ਲਛਮਣ ਰੇਖਾ ਟੱਪਦਾ ਹੈ ਪਰ ਉਨ੍ਹਾਂ ਪਲਾਂ ਵਿੱਚ ਸਹਿਜੜਾ ਹੁੰਦਿਆਂ ਸਹਿਜੇ ਸਹਿਜੇ ਚੱਲਦਿਆਂ ਜੇਕਰ ਜੀਵਾਤਮਾ ਸੁਸਤਾਉਂਦੀ ਹੈ, ਮਿਰਜੇ ਵਾਂਗ ਜੰਡ ਹੇਠਾਂ ਬੈਠ ਕੇ ਆਰਾਮ ਫੁਰਮਾਉਂਦੀ ਹੈ ਤੇ ਕੁੱਝ ਅਵੇਸਲੀ ਹੋ ਜਾਂਦੀ ਹੈ ਤਾਂ ਸੰਸਾਰ (ਸ਼ੈਤਾਨ) ਦੇ ਗੁਰਗੇ ਧਾਵਾ ਬੋਲ ਦਿੰਦੇ ਹਨ ਤੇ ਉਧਾਲ ਕੇ ਆਪਣੇ ਦੇਸ਼ ਹੀ ਮੋੜ ਲੈ ਜਾਂਦੇ ਹਨ, ਰੂਹ ਰਾਣੀ ਸਾਹਿਬਾਂ ਨੂੰ ਬੰਦੇ ਦੀ, ਅਲਾਹ ਹੀ ਬਚਾਏ ਉਸ ਘੜੀ।

ਸਪਸ਼ਟ ਕਰਨ ਹਿੱਤ ਆਖਿਆ ਜਾ ਸਕਦਾ ਹੈ ਕਿ ਜਦੋਂ ਕੋਈ ਜੀਵਾਤਮਾ ਮਾਇਆ ਅਤੇ ਮੌਤ ਦੇ ਪੰਚ ਕੰਚੁਕਾ (ਕਣਚੁਕਾ) ਦੇ ਪੜਦਿਆਂ ਦੇ ਹਨੇਰਿਆਂ ਦੇ ਪੜਦੇ ਪਾਸੇ ਕਰਦਾ ਹੈ ਤਾਂ ਉਸ ਨੂੰ ਸਾਰਾ ਸਮੁੱਚ ਹੀ ਇੱਕ ਰੂਪ ਨਜ਼ਰ ਆਉਂਦਾ ਹੈ। ਹੱਦ ਬੰਨੇ ਵੰਡੀਆਂ ਮੁੱਕ ਜਾਂਦੀਆਂ ਹਨ। ਮਾਇਆ ਸ਼ਬਦ ਸੰਸਕ੍ਰਿਤ ਦੇ ਮਾਂ ਤੋਂ ਬਣਦਾ ਹੈ ਜਿਸ ਦਾ ਅਰਥ ਹੈ ਮਾਪਣਾ। ਇਸ ਤਰ੍ਹਾਂ ਮਾਇਆ ਦਾ ਅਜੋਕਾ ਮਤਲਬ ਗਿਣਤੀਆਂ ਮਿਣਤੀਆਂ ਕਰਨ ਅਤੇ ਹੱਦ ਬੰਨੇ ਨਿਸ਼ਚਤ ਕਰਨਾ। ਮਾਇਆ ਦੇ ਪੰਜ ਕਣਚੁਕ ਹਨ- ਕਲਾ, ਵਿਦਿਆ (ਸੰਸਾਰਿਕ), ਰਾਗ, ਕਾਲ ਅਤੇ ਨੀਅਤੀ। ਇਸ ਤਰ੍ਹਾਂ ਸਮਾਂ ਸਥਾਨ ਤੇ ਰੂਪ ਦੇ ਅਕਾਰ ਵਿੱਚ ਸੀਮਾ ਬੱਧ ਕਰਕੇ ਸੰਸਾਰਿਕ ਮਾਇਆ ਜਾਲ ਬੁਣਿਆ ਜਾਂਦਾ ਹੈ।

ਸ਼ੁੱਧ ਵਿਦਿਆ (ਸਹਿਜ ਵਿਦਿਆ) ਅਸਲ ਵਿੱਚ ਜੀਵਾਤਮਾ ਨੂੰ ਵਖਰੇਵਿਆਂ ਦੇ ਜੰਜਾਲ ਤੋਂ ਸੁਤੰਤਰ ਕਰਕੇ ਏਕਤਾ ਦੇ ਧਾਗੇ ਵਿੱਚ ਪਰੋਣ ਦਾ ਗਿਆਨ ਤੇ ਪ੍ਰਕਾਸ਼ ਹੈ। ਇਹ ਰੱਬੀ ਗੁਣ ਹੈ, ਇਸ ਦਾ ਮਤਲਬ ਹੈ ਕਿ ਰੱਬਤਾ ਵਿੱਚ ਰਲਣ ਲੱਗਿਆਂ ਵੀ ਜੇਕਰ ਜੀਵਾਤਮਾ ਸ਼ੈਤਾਨ ਦੇ ਧੱਕੇ ਚੜ੍ਹ ਜਾਵੇ ਤਾਂ ਉਹ ਮਨੁੱਖ ਨੂੰ ਪੌੜੀ ਸਣੇ ਧੱਕਾ ਦੇ ਦਿੰਦਾ ਹੈ। ਮਨੁੱਖ ਨੂੰ ਪੈਖੜ ਪਾਉਣ ਵਾਲੇ ਦੋ ਸੰਗਲ ਹਨ- ਮਾਇਆ ਤੇ ਮੋਹ ਤੇ ਅਜਿਹਾ ਮਨਮੁਖ ਆਪਣੀ ਆਕੜ, ਹੈਂਕੜ, ਹੰਕਾਰ ਤੇ ਹਉਮੈ ਕਾਰਣ ਮਾਇਆ ਤੇ ਮੋਹ ਦੇ ਇੱਕ ਝਲਕਾਰੇ ਨਾਲ ਹੀ ਚੁੰਧਿਆ ਜਾਂਦਾ ਹੈ। ਕਈ ਵਾਰੀ ਤਾਂ ਉਹਦਾ ਇੱਕ ਪੈਰ ਉਪਰ ਤੇ ਦੂਜਾ ਪੌੜੀ 'ਤੇ, ਤੇ ਕਮਲਾ, ਬੁੱਧੂ ਲੂੰਬੜ ਪੌੜੀ ਨੂੰ ਹੀ ਚਿਮਟ ਜਾਂਦਾ ਹੈ ਤੇ ਧਰਤੀ ਤੇ ਪਟਕ ਦਿੱਤਾ ਜਾਂਦਾ ਹੈ।

ਯੂਰਪ ਵਿੱਚ ਪ੍ਰਚਲਿਤ ਈਸਾਈ ਮੱਤ ਦੀਆਂ ਸਥਾਪਤ ਰੂੜੀਆਂ ਤੇ ਈਸਾਈ ਮੱਤ ਦੇ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਓਢਣ ਵਿੱਚ ਕੂੜ ਕਮਾਉਂਦੇ ਰਾਜਿਆਂ, ਰਾਣਿਆਂ ਤੇ ਪਾਦਰੀਆਂ ਨੇ ਆਪਣੀਆਂ ਸਵਾਰਥੀ ਸੋਚਾਂ, ਚਾਲਾਂ ਤੇ ਚਲਾਕੀਆਂ ਨਾਲ ਅਜਿਹੀ ਵਿਚਾਰਧਾਰਾ ਭਰੀ ਕਿ ਲੋਕ ਸੌਂ ਗਏ ਤੇ ਚੋਰ ਬਿਨਾਂ ਕਿਸੇ ਡਰ, ਭੈ ਜਾਂ ਸਦਾਚਾਰਿਕਤਾ ਦੇ ਲੁੱਟਣ ਲੱਗੇ। ਕਾਰਲ ਮਾਰਕਸ ਵਿਚਾਰੇ ਸਾਊ ਬੰਦੇ ਨੇ ਹਾਅ ਦਾ ਨਾਅਰਾ ਮਾਰਿਆ ਤੇ ਆਖ ਦਿੱਤਾ, "ਧਰਮ ਲੋਕਾਂ ਲਈ ਅਫੀਮ ਹੈ।" ਫਿਰ ਉਹ ਰੁੱਝ ਗਿਆ ਗਰੀਬ ਲੋਕਾਂ, ਮਜ਼ਦੂਰਾਂ, ਕਿਸਾਨਾਂ ਤੇ ਭੁੱਖੇ ਢਿੱਡ ਲਈ ਆਹਰ ਕਰਨ ਦੇ ਤਰੀਕੇ ਲੱਭਣ ਅਰਥਚਾਰੇ ਦੀਆਂ ਖੋਜਾਂ ਵਿਚੋਂ ਤੇ ਲੋਕਾਂ ਨੂੰ ਉਨ੍ਹਾਂ ਦੀਆਂ ਭੁੱਖਾਂ, ਤੋਟਾਂ ਤੇ ਮਜਬੂਰੀਆਂ ਦੇ ਹੱਲ ਲੱਭਣ। ਅਜਿਹਾ ਕਰਦਿਆਂ ਉਹ ਭੁੱਲ ਗਿਆ ਇਹ ਆਖਣਾ ਕਿ "ਭਾਈ! ਅੱਜਕੱਲ੍ਹ ਦਾ ਸਥਾਪਿਤ ਧਰਮ ਰਾਜਿਆਂ ਤੇ ਵੱਡੇ ਪਾਦਰੀਆਂ ਦੀਆਂ ਤਿਜੌਰੀਆਂ ਭਰਨ ਲਈ ਹੈ ਤੇ ਗਰੀਬਾਂ ਦੀ ਰੱਬ ਦੇ ਨਾਂ ਤੇ ਕੀਤੀ ਜਾਂਦੀ ਲੁੱਟ- ਇਸ ਲਈ ਸਥਾਪਤ ਇਸਾਈ ਧਰਮ ਦਾ ਵਿਰੋਧ ਕਰੋ। ਉਸ ਨੇ ਪੈਗੰਬਰ ਈਸਾ ਸਾਹਿਬ ਬਾਰੇ ਕੁੱਝ ਨਹੀਂ ਕਿਹਾ।

✶✶✶✶

# ਅਮੀਬਾ

ਹੁਣ ਤੱਕ ਮੁੱਖ ਰੂਪ ਵਿੱਚ ਬਾਹਰੀ ਜਗਤ ਤੇ ਵਿਅਕਤੀ (ਸਾਧਕ) ਦੇ ਪ੍ਰਸਪਰ ਸਬੰਧਾਂ ਦਾ ਜ਼ਿਕਰ ਹੋਇਆ ਹੈ। ਲੋੜ ਹੈ ਕਿ ਹੁਣ ਉਸ ਦੇ ਅੰਤਰ ਜਗਤ (ਅੰਤਹਕਰਣ) ਦੀ ਬਾਤ ਪਾਈਏ। ਹਰ ਜੀਵਾਤਮਾ ਆਪਣੇ ਵਿਕਾਸ ਦੇ ਇੱਕ ਵਿਸ਼ੇਸ਼ ਪੜਾਅ 'ਤੇ ਵਿਚਰਦੀ ਹੈ ਤੇ ਵਿਕਸਤ ਹੋ ਰਹੀ ਹੈ। ਬਾਹਰੀ ਜਗਤ ਆਪਣੀ ਵਾਸਤਵਿਕਤਾ (objectivity) ਵਿੱਚ ਕਾਰਜਸ਼ੀਲ ਹੈ ਤੇ ਇਸ ਦਾ ਮਨੁੱਖੀ ਵਜੂਦ (existence) ਨਿੱਜੀ ਅਤੇ ਸਮੂਹ ਸਮੁੱਚ ਦਾ ਅੰਗ ਹੋ ਕੇ ਨਿਰੰਤਰ ਪ੍ਰਭਾਵ ਪਾਉਂਦਾ ਅਤੇ ਖੁਦ ਵੀ ਕਬੂਲਦਾ ਰਹਿੰਦਾ ਹੈ ਤੇ ਇਸੇ ਤਰ੍ਹਾਂ ਕਾਰਜਸ਼ੀਲ ਅੰਤਹਕਰਣ ਵੀ ਆਪਣੀਆਂ ਗਤੀਵਿਧੀਆਂ ਵਿੱਚ ਬਾਹਰੀ ਜਗਤ ਦੇ ਪ੍ਰਭਾਵਾਂ ਦਾ ਅਸਰ ਕਬੂਲਦਾ ਹੈ। ਇਹ ਦ੍ਵੰਦਾਤਮਿਕਤਾ (Dialectics) ਇੱਕ ਸਹਿਜ ਪ੍ਰਕਿਰਿਆ ਅਨੁਸਾਰ ਅੰਤਰੀ ਜਗਤ ਦੇ ਆਪਣੇ ਅਤੇ ਬਾਹਰੀ ਜਗਤ ਦੇ ਆਪਣੇ ਵੱਖੋ ਵੱਖ ਤੇ ਵਿਲੱਖਣ ਕਾਨੂੰਨਾਂ ਅਨੁਸਾਰ ਸਦਾ ਪ੍ਰਗਤੀ ਵੱਲ ਗਤੀਸ਼ੀਲ ਰਹਿੰਦੀ ਹੈ। ਇਸੇ ਸੰਦਰਭ ਨੂੰ ਸਦਾ ਚੇਤਨ ਰੂਪ ਵਿੱਚ ਸਵੀਕਾਰਦਿਆਂ ਤੇ ਸਦਾ ਜਾਗਰਿਤ ਰਹਿੰਦਿਆਂ ਹੀ ਅਸੀਂ ਮਨੁੱਖੀ ਅੰਤਹਕਰਣ ਦੀਆਂ ਸਹਿਜ, ਸਾਧਾਰਣ, ਕਰਾਮਾਤੀ ਤੇ ਰਮਜ਼ਾਂ ਭਰੀਆਂ ਸ਼ਕਤੀਆਂ ਦੇ ਪ੍ਰਬਲ ਪ੍ਰਗਟਾਅ ਦਾ ਨਿਰੀਖਣ ਕਰਨ ਦਾ ਯਤਨ ਕਰ ਸਕਦੇ ਹਾਂ।

ਆਮ ਮਨੁੱਖ ਦੇ ਮੁਕਾਬਲੇ ਵਿੱਚ ਬੁੱਧੀਮਾਨ ਸਾਧਕ ਲਈ ਅਨੁਸ਼ਾਸਿਤ ਜੀਵਨ (disciplined life) ਜੀਣਾ ਅਤਿ ਆਵਸ਼ਕ ਹੈ। ਜੇਕਰ ਉਹ ਆਪਣੀ ਉਪਜੀਵਕਾ ਲਈ ਕੀਤੇ ਜਾਣ ਵਾਲੇ ਕੰਮਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਸ਼ਚਤ ਸਮੇਂ ਪ੍ਰਤੀ ਚੇਤਨ ਰਹਿ ਸਕਣ ਦੀ ਸੰਭਾਵਨਾ ਰੱਖਦਾ ਹੋਵੇ ਤਾਂ ਉਸਨੂੰ ਨਿਸ਼ਚਤ ਸਮੇਂ 'ਤੇ ਜਾਗਣਾ, ਨਿਸ਼ਚਤ ਸਮੇਂ ਤੇ ਸੌਣਾ ਤੇ ਵਿਸ਼ੇਸ਼ ਤੌਰ 'ਤੇ ਨਿਸ਼ਚਤ ਵਿਧੀ ਅਨੁਸਾਰ ਸਵੇਰ ਦਾ ਜਾਪ (ਮੂਲ ਮੰਤਰ ਦੀ ਇੱਕ ਮਾਲਾ) ਨਿਸ਼ਚਤ ਸਮੇਂ 'ਤੇ ਕਰਨ ਉਪਰੰਤ ਹੀ ਭੋਜਨ ਛਕਣਾ ਬਣਦਾ ਹੈ। ਨਿਸ਼ਚਤ ਢੰਗ ਨਾਲ ਹੀ ਸ਼ਾਮ ਦਾ (ਸੂਰਜ ਛੁਪਾ ਸਮੇਂ) ਜਾਪ ਕਰਨ ਉਪਰੰਤ ਹੀ ਰਾਤ ਦਾ ਭੋਜਨ ਕਰਨਾ ਚਾਹੀਦਾ ਹੈ। ਇਸ ਨਾਲ ਜੀਵਨ ਦੀ ਤੋਰ ਵਿੱਚ ਇੱਕ ਰਿਦਮ (Rhythm) ਬਣਨ ਵਿੱਚ ਮਦਦ ਮਿਲਦੀ ਹੈ ਤੇ ਅੰਤਹਕਰਣ ਵਿੱਚ ਇਹ ਸਮੇਂ ਨਿਸ਼ਚਤ ਹੋ ਕੇ ਟਿਕ ਜਾਂਦੇ ਹਨ ਤੇ ਸਹਿਜੇ ਸਹਿਜੇ ਹੀ ਯਾਦ ਸਾਰਣੀ ਦਾ ਅੰਗ ਬਣ ਜਾਂਦੇ ਹਨ। ਸੁਭਾਅ ਦੀ ਨਰਮੀ, ਬੋਲੀ ਦੀ ਮਿਠਾਸ, ਉੱਠਣ ਬੈਠਣ ਦਾ ਸਲੀਕਾ ਤੇ ਨਜ਼ਰਾਂ ਵਿੱਚ ਦਇਆ ਭਾਵ ਜੀਵਾਤਮਾ ਨੂੰ ਸੁੱਖ, ਸ਼ਾਂਤੀ ਤੇ ਅਨੰਦ ਦਾ ਅਹਿਸਾਸ ਦਿੰਦੇ ਹਨ। ਮਨੁੱਖੀ ਰੂਹ ਵਿੱਚ ਇਸ ਤਰ੍ਹਾਂ ਆਤਮਾ-ਤੱਤ੍ਵ ਦੇ ਫੈਲਾਅ ਕਾਰਣ ਜੀਵ ਤੱਤ ਦੇ ਆਤਮ ਤੱਤ ਵਿੱਚ ਵਿਲੀਨ ਹੋਣ ਦੀ ਪ੍ਰਕਿਰਿਆ ਆਪਣੇ ਆਪ (ਸਹਿਜ ਦੀ ਧਾਰਾ ਵਾਂਗ) ਹੋਣੀ ਆਰੰਭ ਹੋ ਜਾਂਦੀ ਹੈ।

ਆਂਤਰਿਕ ਪ੍ਰਕਾਸ਼ ਤੇ ਵਿਕਾਸ ਸਬੰਧੀ ਵਿਚਾਰ ਕਰਨ ਤੋਂ ਪਹਿਲਾਂ ਆਪਾਂ ਸਹਿਜ ਦੇ ਉਨ੍ਹਾਂ ਅਰਥਾਂ ਬਾਰੇ ਜਾਣਕਾਰੀ ਲੈ ਲਈਏ ਜਿਨ੍ਹਾਂ ਅਰਥਾਂ ਵਿੱਚ ਅਸੀਂ ਇਸ ਸ਼ਬਦ ਦਾ ਪ੍ਰਯੋਗ ਕਰਾਂਗੇ। ਸਹਿਜ ਯੋਗ, ਸਹਿਜ ਮਾਰਗ, ਸਹਿਜ ਸਿਧੀ, ਪ੍ਰਗਤੀ ਦੀ ਸਹਿਜ ਗਤੀ, ਸਹਿਜ ਸੁਭਾਅ, ਸਹਿਜ ਆਂਤਰਿਕ ਯਾਤਰਾ, ਭਾਣੇ ਦਾ ਸਹਿਜ ਆਦਿ ਸ਼ਬਦਾਂ ਤੇ ਸੰਕਲਪਾਂ (Concepts) ਬਾਰੇ ਸਪੱਸ਼ਟ ਹੋ ਕੇ ਅਸੀਂ ਪ੍ਰਸਪਰ ਸਮਝ ਦੀ ਸਥਿਤੀ ਨੂੰ ਪ੍ਰਾਪਤ ਕਰ ਸਕਦੇ ਹਾਂ।

ਸਹਿਜ ਯੋਗ ਸਬੰਧੀ ਨੇੜਲੇ ਤੇ ਪ੍ਰਭਾਵਕਾਰੀ ਇਤਿਹਾਸ ਨੂੰ ਵਾਚਦਿਆਂ ਅਸੀਂ ਇਸ ਸੰਕਲਪ ਦੀ ਵਰਤੋਂ ਜੋਗੀਆਂ ਦੇ ਸਾਹਿਤ ਤੋਂ ਸ਼ੁਰੂ ਕਰਾਂਗੇ ਜਿਸ 'ਤੇ ਵਿਸ਼ੇਸ਼ ਤੇ ਵਿਲੱਖਣ ਖੋਜ ਭਰਪੂਰ ਪੁਸਤਕ ਡਾ. ਮੋਹਣ ਸਿੰਘ ਦੀਵਾਨਾ ਦੀ ਗੋਰਖਨਾਥ ਹੈ ਅਤੇ ਪੂਜਣਯੋਗ ਖੋਜਕਾਰ ਡਾ. ਹਜਾਰੀ ਪ੍ਰਸ਼ਾਦ ਦਿਵੇਦੀ ਦੀ ਪੁਸਤਕ ਨਾਥ ਸੰਪ੍ਰਦਾਇ ਹੈ।

ਅਮੀਬਾ ਵਿੱਚ ਅਣੂ ਤੋਂ ਜੀਵਾਣੂ ਬਣਨ ਦੇ ਕਰਮ ਵਿੱਚ ਚੇਤਨਤਾ ਦੀ ਜਾਗਰਿਤੀ ਹੀ ਹੈ।

ਅਣੂ+ਚੇਤਨਤਾ→ ਜੀਵਾਣੂ

ਤੇ ਜੀਵਾਣੂ ਬਣੇ ਅਣੂ ਅਮਰਤ-ਜੀਵਨ ਦੇਣ ਲਈ ਪ੍ਰਾਣ-ਵਾਯੂ ਦਾ ਸਦ-ਚੱਕਰ ਚਾਲੂ ਹੁੰਦਾ ਹੈ। ਪ੍ਰਾਣ-ਵਾਯੂ ਤੋਂ ਅਰਥ ਹੈ ਆਕਸੀਜਨ। ਚੇਤਨਤਾ ਦੇ ਸੰਚਾਰ ਦੀ ਸਮਝ ਤਦ ਹੀ ਸੰਪੂਰਣ ਹੁੰਦੀ ਹੈ ਜਦੋਂ ਅਸੀਂ ਪਰਮਾਤਮਾ ਪਰਮੇਸ਼ਵਰ ਦੀ ਮਨੁੱਖੀ ਸਮਝ ਨੂੰ ਆਧਾਰ ਮੰਨੀਏ। ਸਹਿਜਧਾਰਾ ਸੋਚ ਪਰਮਾਤਮਾ ਨੂੰ ਸਦੀਵੀ ਦਗਦੀ ਚੇਤਨਤਾ ਵਜੋਂ ਆਪਣੀ ਸਮਝ ਦਾ ਹਿੱਸਾ ਮੰਨਦਾ ਹੈ ਤੇ ਸ਼ਕਤੀ ਦੀ ਆਮਦ ਵੀ ਚੇਤਨਤਾ ਦਾ ਚੇਤਨ ਸੱਤਾ ਵਿੱਚ ਵੱਟ ਜਾਣਾ ਹੀ ਹੈ, ਵੱਖਰੇ ਹੋਣਾ ਨਹੀਂ। ਪਿਛਲੇ 10-15 ਸਾਲਾਂ ਵਿੱਚ ਕੀਤੇ ਲੈਕਚਰਾਂ ਵਿੱਚ ਇਸ ਅਗੰਮੀ ਕਰਤਾਰੀ ਘਟਨਾ ਨੂੰ ਮਨੁੱਖੀ ਆਤਮਾ ਦੀ ਜਨਮ-ਤਿਥੀ ਆਖਿਆ ਗਿਆ ਹੈ। ਮਨੁੱਖੀ ਆਤਮਾ ਤੇ ਪਰਮ-ਆਤਮਾ ਵਿੱਚ ਵੱਖਰੇਵੇਂ ਦਾ ਕਾਰਣ ਅਮੀਬਾ ਦੀ ਹੋਂਦ-ਸਥਿਤੀ ਵਿੱਚ ਆਪਣੀ ਮਰਜ਼ੀ ਨਾਲ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਤੇ ਸਿੱਟੇ ਵਜੋਂ ਹੋਈ ਕਿਰਿਆ ਕਾਰਣ ਕਰਮ-ਵਿਧਾਨ ਦਾ ਆਰੰਭ ਹੋਣਾ ਹੈ। ਸੁਕਰਮ ਤੇ ਕੁਕਰਮ ਦੇ ਆਰੰਭ ਹੋਣ ਨਾਲ ਵਿਕਾਸ ਪ੍ਰਕਿਰਿਆ (Evolution) ਦਾ ਆਰੰਭ ਹੋਣਾ ਹੈ। ਵਿਲੱਖਣਤਾ ਖਾਤਰ ਅਸੀਂ ਮਨੁੱਖੀ ਆਤਮਾ ਨੂੰ ਜੀਵਾਤਮਾ ਆਖਿਆ ਹੈ।

ਇਥੇ ਅਸੀਂ ਆਪਣੀ ਅਧਿਆਤਮਕ ਸਮਝ ਖਾਤਰ ਆਪਣੀ ਬੁੱਧੀ ਵਿਵੇਕ ਅਨੁਸਾਰ ਇਸ ਚਮਤਕਾਰੀ ਅਗੰਮੀ ਨਜ਼ਾਰੇ ਦੀ ਜਾਣਕਾਰੀ ਲੈ ਰਹੇ ਹਾਂ। ਸਾਡਾ ਮੰਤਵ ਜੀਵ-ਵਿਗਿਆਨੀਆਂ ਵਾਂਗ ਵਧੇਰੇ ਨਿਖੇੜਾਤਮਕ ਜਾਣਕਾਰੀ ਲੈਣਾ ਨਹੀਂ। ਇਸੇ ਸਮਝ ਦਾ ਆਧਾਰ ਅਗੇਰੇ ਜੀਵ-ਵਿਕਾਸ ਲਈ ਫਕੀਰ-ਦਾਰਸ਼ਨਿਕ ਵਿਗਿਆਨੀ ਡਾਰਵਿਨ (Darwin) ਦੀ ਵਿਚਾਰਧਾਰਾ ਨੂੰ ਠੀਕ ਮੰਨ ਕੇ ਚੱਲਣਾ ਹੈ ਜਿਹੜਾ ਕਿ ਬਾਹਰੀ ਦ੍ਰਿਸ਼ਟੀਗੋਚਰ ਵਿਕਾਸ ਦਾ ਮਾਡਲ ਹੈ।

ਇਸੇ ਵਿਕਾਸ ਤੇ ਵਿਕਾਸ ਪ੍ਰਕਿਰਿਆ ਦੀ ਆਂਤਰਿਕਤਾ ਦੀ ਸਮਝ ਸਾਡੇ ਵਿਸ਼ੇਸ਼ ਮਨੋਰਥ-ਧਾਰਮਿਕਤਾ ਦੇ ਮਹੱਤਵ ਖਾਤਰ ਵਿਲੱਖਣ ਮਨੁੱਖੀ ਸ਼ਖ਼ਸੀਅਤ ਦੇ ਮਨੋਵਿਗਿਆਨਕ ਪਾਸਾਰ ਦੀ ਜਾਣਕਾਰੀ ਦਾ ਆਧਾਰ ਅਸੀਂ ਸ਼ੈਵ-ਦਰਸ਼ਨ (Shavism-Philosophy) ਨੂੰ ਬਣਾਉਂਦੇ ਹਾਂ। ਵਿਸ਼ੇਸ਼ ਕਰਕੇ ਕਸ਼ਮੀਰ ਵਿੱਚ ਵਿਕਸਿਤ ਹੋਏ ਤ੍ਰਿਕ ਦਰਸ਼ਨ ਦੇ ਸਿਧਾਂਤ ਨੂੰ ਜਿਸ ਵਿੱਚ ਤਿੰਨ ਅਸਤਿਤਵ, ਤਿੰਨ ਸੱਚਾਈਆਂ ਨੂੰ ਮੰਨਿਆ ਜਾਂਦਾ ਹੈ। ਪਰਮਾਤਮਾ, ਪਰਕਿਰਤੀ ਤੇ ਮਨੁੱਖ- ਸ਼ਿਵ, ਸ਼ਕਤੀ ਤੇ ਅਣੂ। ਇਸੇ ਖਾਤਰ ਪਰਮਾਤਮਾ ਸ਼ਿਵ ਸ਼ੰਕਰ ਗਠਿਤ 77 ਸ਼ਿਵ-ਸੂਤਰਾਂ ਤੋਂ ਆਰੰਭ ਕਰਕੇ ਅਭਿਨਵਗੁਪਤ ਤੋਂ ਕਸ਼ੇਮਰਾਜ (ਸ਼ਿਵਸੂਤਰ ਵਿਮਰਸਨੀ) ਤੱਕ ਦੀ ਦਾਰਸ਼ਨਿਕਤਾ ਦੀ ਸਮਝ ਜ਼ਰੂਰੀ ਹੈ। ਵਿਚਾਰਾਂ ਦੀ ਵਧੇਰੇ ਉਧੇੜ-ਬੁਣ ਕਰਨ ਦੀ ਥਾਂ ਇਸ ਫਲਸਫੇ ਦੀ ਸਹਿਜ-ਸਮਝ ਖਾਤਰ ਕੁੱਝ ਵਿਚਾਰਾਂ ਕਰਨੀਆਂ ਜ਼ਰੂਰੀ ਹਨ। ਸੰਸਕ੍ਰਿਤ ਵਿੱਚ ਰਚਿਤ ਧਾਰਮਿਕ ਗ੍ਰੰਥ ਦੀ ਅਜੋਕੀ ਪੰਜਾਬੀਅਤ ਦੀ ਸਮਝ ਲਈ ਅਸੀਂ ਪਰਮ-ਸ਼ਿਵ ਨੂੰ ਅਕਾਲਪੁਰਖ ਆਖ ਸਕਦੇ ਹਾਂ। ਇਸ ਤਰ੍ਹਾਂ ਪਰਮ-ਸ਼ਿਵ (ਅਕਾਲ ਪੁਰਖ) ਦੇ ਦੋ ਪੱਖ ਹੁੰਦੇ ਹਨ। ਇੱਕ ਨੂੰ ਵਿਸ਼ਵੋਤਿਰਣਾ (Transcendental) ਅਤੇ ਦੂਜੇ ਨੂੰ ਕਰਤਾਰੀ (Creative) ਕਿਹਾ ਜਾਂਦਾ ਹੈ। ਕਰਤਾਰੀ ਪੱਖ ਨੂੰ ਸ਼ਿਵ-ਤਤ੍ਵ ਸੱਦਿਆ ਜਾਂਦਾ ਹੈ। ਇਸ ਨੂੰ ਪ੍ਰਥਮ ਸਪੰਦ (initial creative movement) ਜਾਂ ਪਹਿਲੀ ਕਾਰਜਸ਼ੀਲ ਗਤੀ ਆਖ ਸਕਦੇ ਹਾਂ। ਪਰਮ ਸ਼ਿਵ (ਅਕਾਲ-ਪੁਰਖ) ਦੀ ਇਸ ਕਰਤਾਰੀ ਸ਼ਕਤੀ ਨੂੰ ਸ਼ਕਤੀ ਤੱਤ੍ਵ ਆਖਦੇ ਹਨ ਜਿਸ ਨੂੰ ਅਸੀਂ ਕਰਤਾਪੁਰਖ ਆਖ ਸਕਦੇ ਹਾਂ। ਇਸ ਸ਼ਕਤੀ ਚੇਤਨਤਾ ਦਾ ਧਰੁਵੀਕਰਣ (Polarisation) ਕਰਦੀ ਹੈ ਅਹੰਮ (I) ਅਤੇ ਇਦਮ (this) ਵਿੱਚ ਜਿਸ ਨੂੰ ਅਸੀਂ subject ਅਤੇ object ਆਖਦੇ ਹਾਂ।

ਸ਼ਾਇਦ ਸਾਡੇ ਬਜ਼ੁਰਗਾਂ ਫਿਲਾਸਫਰਾਂ ਦੇ ਦਿਮਾਗਾਂ ਵਿੱਚ ਅਮੀਬਾ (Amoeba) ਦੇ ਜਨਮ ਦਾ ਖਿਆਲ ਘੁੰਮ ਰਿਹਾ ਹੋਵੇ। ਸ਼ਿਵ-ਸ਼ਾਸਤਰਾਂ ਵਿੱਚ ਇੱਕ ਸੰਕਲਪ ਹੈ ਚਿੱਤ (Chitta) ਦਾ ਜਿਸ ਦੇ ਅੰਗ ਹਨ- ਮਨ, ਬੁੱਧੀ ਤੇ ਅਹੰਕਾਰ। ਸੋਚਦੇ ਹੋਵੋਗੇ

ਅਣੂ+ਚਿੱਤ → ਜੀਵਾਣੂ

ਇਸ ਕਾਰਜ ਦੇ ਹੋਣ ਵੇਲੇ ਨਿਰਦੇਸ਼ਕ (Director) ਵੀ ਕੋਲ ਖਲੋਤਾ ਹੁਕਮ ਦੇ ਰਿਹਾ ਹੋਵੇਗਾ ਤੇ ਸਦ-ਨਿਰਦੇਸ਼ਨ ਨੂੰ ਧਿਆਨ ਵਿੱਚ ਰੱਖਦਿਆਂ ਆਪੇ ਦਾ ਇੱਕ ਨਿੱਕਾ ਜਿਹਾ ਅੰਸ਼ ਉਥੇ ਹੀ ਛੱਡ ਦਿੱਤਾ ਹੋਵੇਗਾ।

ਅਣੂ+ਚਿੱਤ=ਜੀਵਾਣੂ+ਆਤਮਾ=ਜੀਵਾਤਮਾ+ਸਰੀਰ

ਇੱਕ ਅਣੂ ਦਾ ਆਪਣੀ ਕੁੰਭਕਰਣੀ ਨੀਂਦ ਤੋਂ ਜਾਗ ਜਾਣਾ, ਸੰਸਾਰ ਤੇ ਜੀਵਨ ਦਾ ਆਰੰਭ ਹੋਣਾ ਹੈ। ਇਹ ਚਮਤਕਾਰ ਅਣੂ ਦਾ ਜੀਵਾਣੂ ਵਿੱਚ ਪਰਿਵਰਤਿਤ ਹੋਣਾ ਹੈ। ਪ੍ਰਾਣ ਗ੍ਰਹਿਣ ਦੀ ਇਸ ਪ੍ਰਕਿਰਿਆ ਦਾ ਪ੍ਰਣਾਮ ਹੈ ਕਿ ਇੱਕ ਅਣੂ ਵਿੱਚ ਆਪਣੀ ਮਰਜ਼ੀ ਤੇ ਸੁਤੰਤਰ ਗਤੀਸ਼ੀਲਤਾ ਦੇ ਗੁਣਾਂ ਦਾ ਅਰੰਭ ਤੋਂ ਹੈ।

Atma is foundational consciousness characterised by absolute freedom of knowledge and action.

Chitta (ਚਿੱਤ) is deeply effected with desire for objects of senses. ਆਤਮਾ ਅਧਾਰ ਭੂਤ ਚੇਤਨਤਾ ਹੈ ਜਿਸ ਦੇ ਗੁਣ ਹਨ ਗਿਆਨ ਦੀ ਸੰਪੂਰਣ ਸੁਤੰਤਰਤਾ ਤੇ ਕਾਰਜਸ਼ੀਲਤਾ ਜਦੋਂ ਕਿ ਚਿਤ ਉਹ ਸੂਖਮ ਤੱਤ ਹੈ ਜਿਸ ਵਿੱਚ Sense ਦੇ ਪਦਾਰਥਾਂ ਪ੍ਰਤੀ ਪ੍ਰਾਪਤੀ ਦੀ ਇੱਛਾ ਬਣੀ ਰਹਿੰਦੀ ਹੈ।

ਇਸ ਤਰ੍ਹਾਂ ਚਿੱਤ ਅਤੇ ਆਤਮ ਤਤ੍ਵ ਦੇ ਸੁਮੇਲ ਜੀਵਾਤਮ ਦੀ ਹੋਂਦ ਅਮੀਬਾ ਦੇ ਜਨਮ ਸਮੇਂ ਹੀ ਜਾਗ ਦੀ ਸਮਝ ਪੈਂਦੀ ਹੈ ਤੇ ਸਮਝਣ ਲਈ ਬੁੱਧੀ, ਸ੍ਵੈ ਹੋਂਦ ਕਾਇਮ ਰੱਖਣ ਲਈ ਅਹੰਕਾਰ ਤੇ ਸੰਕਲਪਾਂ (ਫੁਰਨਿਆਂ) ਲਈ ਮਨ, ਇਸ ਸਥੂਲਤਾ ਰੂਪ ਅਣੂ ਦੇ ਸਾਰਥਕ ਕਰਿੰਦੇ ਵਜੋਂ ਕੰਮ 'ਤੇ ਜੁਟ ਗਏ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਅਣੂ ਦੇ ਜਿੰਦਾ ਹੋਣ ਤੇ ਪ੍ਰਾਣ ਵਾਯੂ ਨਾਲ ਚਿੱਤ ਜਨਮ ਲੈਂਦਾ ਹੈ ਤਾਂ ਆਤਮ ਅੰਸ਼ ਦੀ ਆਮਦ ਕੀ ਇੰਨੀ ਹੀ ਸ਼ਕਤੀ ਵਿਹੀਨ ਹੁੰਦੀ ਹੈ ਕਿ ਜੀਵਤ ਅਣੂ ਰੱਬਤਾ ਵਿਰੋਧੀ ਵਿਸ਼ੇਸ਼ਤਾਵਾਂ ਵੀ ਗ੍ਰਹਿਣ ਕਰਨ ਲੱਗ ਪੈਂਦਾ ਹੈ। ਇਹ ਸੱਚ ਹੈ ਕਿ ਜੀਵ ਵੀ ਸੂਖਮ ਰੂਪ ਵਿੱਚ ਅਣੂ ਦੇ ਨਿੱਜੀ ਅਨੁਭਵ, ਉਸ ਦੀ ਕਿਰਿਆ ਪ੍ਰਤੀਕਿਰਿਆ ਦੇ ਸਿੱਟੇ ਵਜੋਂ ਉਪਜੇ ਸੂਖਮ ਸਬੰਧਤ ਪ੍ਰਭਾਵਾਂ ਦਾ ਮਨ ਆਧਾਰ ਹੁੰਦਾ ਹੈ ਤੇ ਆਤਮਾ ਤਤ੍ਵ ਵੀ ਸੂਖਮ ਰੂਪ ਵਿੱਚ ਹੀ ਪ੍ਰਵੇਸ਼ ਕਰਦਾ ਹੈ ਤੇ ਜੀਵ ਅਤੇ ਆਤਮਾ ਦੋਨੋਂ

ਸੂਖਮ ਰੂਪ ਵਿੱਚ ਹੀ ਰਹਿੰਦੇ ਹਨ ਪਰ ਅਣੂ ਰੂਪੀ ਘਰ ਵਿੱਚ ਜੀਵ ਅਤੇ ਆਤਮਾ ਇੱਕ ਰੂਪ ਹੋ ਜਾਂਦੇ ਹਨ। ਜੀਵਾਤਮਾ (Human Soul) ਜੇਕਰ ਜੀਵ ਵਜੋਂ ਮਨ, ਬੁੱਧੀ, ਅਹੰਕਾਰ ਅਤੇ ਪੰਜ ਸਵਾਦ ਦਾ ਸੂਖਮ ਰੂਪ ਹੈ ਤਾਂ ਆਤਮਾ ਦੀ ਚੇਤੰਨਤਾ ਵੀ ਤਾਂ ਗਿਆਨ ਅਤੇ ਕਾਰਜ (Action) ਲਈ ਸੁਤੰਤਰ ਹੁੰਦੀ ਹੈ ਕਿਉਂਕਿ ਉਹ ਆਦਰਸ਼ ਰੂਪ ਹੈ ਤੇ ਨਿਰਦੇਸ਼ਕ ਵੀ ਹੈ।

ਆਤਮਾ ਅੰਸ਼ ਦੀ ਕਾਰਜ ਵਿਧੀ ਵਿੱਚ ਹੈ ਕਿ ਉਹ ਜੀਵ ਸ਼ਕਤੀ ਨੂੰ ਆਦਰਸ਼ ਦੇਵੇ ਤੇ ਆਪ ਮੁਹਾਰੇਪਨ ਦੀ ਸੀਮਾ ਨਿਰਧਾਰਤ ਕਰੇ। ਜਦੋਂ ਕਿ ਜੀਵ ਸ਼ਕਤੀ ਪ੍ਰਕਿਰਤੀ ਦਾ ਆਪਣੇ ਸੰਪਰਕ ਅਤੇ ਸਪਰਸ਼ ਦੇ ਮੋਹ ਵਿੱਚ, ਆਕਰਸ਼ਨ ਵਿੱਚ ਲੁਭਾਇਮਾਨਤਾ ਦੀ ਮਾਇਆਵੀ ਜਕੜ ਕਾਰਣ ਆਪ ਮੁਹਾਰੀ ਅਰਾਜਕਤਾ ਵਿੱਚ ਆਪਣੀ ਮਨ-ਮਈ ਕਾਲਪਨਿਕਤਾ, ਬੌਧਿਕ ਤਕੜੀ ਦੇ ਪਾਸਕੂ ਵਾਲੇ ਮਨਮੁਖੀ ਸੋਚ ਭਰਪੂਰ ਆਕੜ ਕਾਰਣ ਅਰਾਜਕਤਾਵਾਦੀ ਹੋ ਸਕਦੀ ਹੈ।

ਇਥੇ ਜੀਵਤ ਅਣੂ ਤੋਂ ਮਨੁੱਖ ਤੱਕ ਦਾ ਸਫਰ ਵੱਖੋ ਵੱਖਰੇ ਪੰਛੀ ਪਸ਼ੂ ਜੀਵਨ ਦਾ ਵਿਸਥਾਰ ਨਾਲ ਇਥੇ ਵਰਨਣ ਕਰਨਾ ਲੋੜ ਤੋਂ ਲੰਮਾ ਖਿਲਾਰਾ ਨਾ ਪਾਉਣ ਦਾ ਕਾਰਣ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਸਬੰਧੀ ਲਾਇਬ੍ਰੇਰੀਆਂ ਵਿੱਚ ਮਹਾਨ ਵਿਦਵਾਨਾਂ, ਫਿਲਾਸਫਰਾਂ ਤੇ ਪੈਗੰਬਰ ਸਾਹਿਬਾਨ ਦਾ ਵੱਡਮੁੱਲਾ ਗਿਆਨ ਦਾ ਖਜ਼ਾਨਾ ਉਪਲਭਧ ਹੈ, ਜ਼ਰੂਰ ਵਾਚਣਾ ਚਾਹੀਦਾ ਹੈ ਪਰ ਇਨ੍ਹਾਂ ਵਖਰੇਵਿਆਂ ਦੀ ਬੁਨਿਆਦ ਵਿੱਚ ਜੋ ਵਿਚਾਰ ਪਿਆ ਹੈ ਉਹ ਜਾਨਣਾ ਆਵਸ਼ਕ ਹੈ।

ਸੰਸਾਰ ਵਿੱਚ ਹੀ ਵੇਖਦੇ ਹਾਂ ਤਾਂ ਕਿੰਨੀਆਂ ਧਰਤੀਆਂ ਤੇ ਕਿੰਨੇ ਸਮੁੰਦਰ ਹਨ। ਹਰ ਥਾਂ ’ਤੇ ਜੀਵਨ ਜੰਮਦਾ ਹੈ, ਪਲਰ ਰਿਹਾ ਹੈ ਅਤੇ ਅਲੋਪ ਹੁੰਦਾ ਰਹਿੰਦਾ ਹੈ। ਇਹ ਪ੍ਰਕਿਰਿਆ ਆਦਿ ਕਾਲ ਤੋਂ ਹੀ ਜਾਰੀ ਹੈ। ਸਾਡੇ ਸੂਰਜ ਮੰਡਲ ਵਿੱਚ ਸਾਡੀ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤਾਂ ਪੂਰਾ ਗੋਲ ਆਕਾਰ ਵਿੱਚ ਨਹੀਂ, ਧਰਤੀ ਵੀ ਆਪਣੇ ਪਹਾੜਾਂ, ਖਾਈਆਂ ਤੇ ਸਮੁੰਦਰ ਦੀਆਂ ਗਹਿਰਾਈਆਂ ਕਾਰਣ, ਇੱਕ ਸਮਤਲ ਗੋਲ ਅਕਾਰੀ ਨਹੀਂ। ਸੂਰਜ ਦੁਆਲੇ ਘੁੰਮਦਿਆਂ ਧਰਤੀ ਦਾ ਕੋਣ $66^0$ ਡਿਗਰੀ ਦਾ ਹੈ, $90^0$ ਡਿਗਰੀ ਦਾ ਨਹੀਂ ਜਿਸ ਕਾਰਣ ਵੱਖੋ ਵੱਖਰੇ ਮੌਸਮਾਂ ਦੀ ਅਤੇ ਸੰਪੂਰਣ ਵਿਲੱਖਣਤਾ ਤੇ ਨਿਵੇਕਲੇਪਨ ਦੀ ਹੋਂਦ ਹੈ। ਦਿਨ ਤੇ ਰਾਤ ਦੇ ਵੱਡੇ ਛੋਟੇ ਹੋਣ ਦਾ ਵਰਤਾਰਾ ਹੈ। ਕਿਤੇ ਪਾਣੀ ਬਿਲਕੁਲ ਨਹੀਂ, ਕਿਤੇ ਜਲ ਹੈ ਤੇ ਕਿਤੇ ਜਲ ਬਰਫ ’ਚ ਵਟਿਆ ਪਿਆ ਹੈ। ਕਿਤੇ ਤਾਂ ਬਰਫਾਂ ਵਿਚੋਂ ਵੀ ਜਵਾਲਾਮੁਖੀ ਫਟ ਪੈਂਦੇ ਹਨ ਤੇ ਕਿਤੇ ਸਰਦੀਆਂ ਦੇ ਤਾਪਮਾਨ ਮਾਈਨਸ (Minus) ਡਿਗਰੀ ’ਤੇ ਹਨ। ਅਣੂ ਤਾਂ ਹਰ ਥਾਂ ਵਿਆਪਕ ਹੈ ਹਰ ਥਾਂ ਜੀਵਤ ਹੈ ਤੇ ਜੀਵੰਤ ਹੋ ਰਿਹਾ, ਇਸ ਲਈ ਵੱਖੋ ਵੱਖਰੇ ਹਾਲਾਤਾਂ ਤੇ ਭੂਗੋਲਿਕ ਸਥਿਤੀਆਂ ਵਿੱਚ ਵਿਚਰਦੇ ਜੀਵਨ-ਅਣੂਆਂ, ਪਸ਼ੂਆਂ, ਪੰਛੀਆਂ ਤੇ ਆਪਣੇ ਆਲੇ ਦੁਆਲੇ ਦੇ ਹਾਲਾਤਾਂ ਵਿੱਚ ਪ੍ਰਕਿਰਤਕ ਚੀਜ਼ਾਂ ਨਾਲ ਪ੍ਰਤੀਕਿਰਿਆ (Reaction) ਵੀ ਵੱਖਰੀ ਸੁਭਾਅ (Nature) ਦੇ ਹੋਣ ਕਾਰਣ ਵਖਰੇਵੇਂ ਤੇ ਵੱਖਰੀਆਂ ਪਸੂਆਂ, ਪੰਛੀਆਂ ਤੇ ਮਨੁੱਖਾਂ ਦੀਆਂ ਜਾਤੀਆਂ ਹੁੰਦੀਆਂ ਹਨ ਤੇ ਬਣਦੀਆਂ ਰਹਿੰਦੀਆਂ ਹਨ।

ਤੁਸੀਂ ਸਿਆਣੇ ਇਸ ਦਾ ਵਿਸਥਾਰ ਸਮਝਣ ਲਈ ਪੂਰੇ ਸਿਆਣੇ ਹੋ ਅਤੇ ਹੋਰ ਗਿਆਨ ਹਾਸਲ ਕਰਕੇ ਹੋਰ ਵੀ ਸਮਝ ਵਾਲੇ ਬਣ ਜਾਵੋਗੇ। ਸੋ ਹੋਰ ਵਿਸਥਾਰ ਤੋਂ ਬਚੀਏ।

ਇਸ ਲਈ ਅਸੀਂ ਮਨੁੱਖ ਜਾਤੀ ਤੱਕ ਪਹੁੰਚ ਚੁੱਕੀ ਜ਼ਿੰਦਗੀ ਬਾਰੇ ਹੀ ਸੋਚਾਂਗੇ ਤੇ ਸਾਡੀ ਸੋਚ ਦਾ ਕੇਂਦਰ ਵੀ ਮਨੁੱਖੀ ਅੰਤਹਕਰਣ ਹੀ ਹੈ। ਕਿਰਿਆ ਪ੍ਰਤੀਕਿਰਿਆ ਦੇ ਦ੍ਵੰਦਾਤਮਕ ਟਕਰਾਅ ਦੀਆਂ ਆਂਤਰਿਕ ਮਨੋਵਿਗਿਆਨਕ ਮਜਬੂਰੀਆਂ, ਖਿੱਚਾਂ, ਤਨਾਓ ਪਕੜ ਤੇ ਦੂਰੀਆਂ ਦੇ ਸੰਘਰਸ਼ ਵਿਕਸਿਤ ਹੋ ਰਹੇ ਮਨੁੱਖ ਜੀਵਨ ਦੀ ਇਹ ਵਿਥਿਆ ਸਾਡਾ ਇਤਿਹਾਸ ਹੈ।

ਸਰਵ ਵਿਆਪਕ ਵਿਕਾਸ ਕਰਮ ਦੀ ਸਹਿਜਧਾਰਾ- ਪੱਧਰ ਧਰਤੀਆਂ ਉੱਤੇ ਵਗਦੇ ਦਰਿਆ ਦੇ ਪਾਣੀਆਂ ਵਾਂਗ ਸ਼ਾਂਤ ਨਿਰੰਤਰ ਵਹਾਅ ਵਿੱਚ ਕਾਰਜਸ਼ੀਲ ਰਹਿੰਦੀ ਹੈ। ਦਰਿਆ ਦੇ ਵਗਦੇ ਪਾਣੀ ਨੂੰ ਜੇਕਰ ਧਿਆਨ ਨਾਲ ਨਿਰਖਦੀ ਨਜ਼ਰੇ ਵੇਖੀਏ ਤਾਂ ਜਿਵੇਂ ਉਹ ਆਦਿ ਰਹਿਤ, ਅੰਤ ਰਹਿਤ ਇੱਕ ਨਿਰਮਲ ਧਾਰਾ ਸਦੀਵੀ ਵਿੱਚ ਆਈ ਜਾ ਰਹੀ ਹੈ ਤੇ ਜਾਈ ਜਾ ਰਹੀ ਹੈ।

ਵਧੇਰੇ ਤੀਬਰ ਬੁੱਧੀ ਨਾਲ ਤੇ ਨੀਝ ਭਰੀ ਦ੍ਰਿਸ਼ਟੀ ਨਾਲ ਵਾਚੀਏ ਤਾਂ ਜਨਮਾਂ-ਜਨਮਾਂਤਰਾਂ ਦਾ ਚੱਕਰ ਵੀ ਬੱਸ ਜਿਵੇਂ ਚੱਲਦਾ ਹੀ ਰਹਿੰਦਾ ਹੋਵੇ।

ਇੱਕ ਮਨੁੱਖ ਦਾ ਸਰੀਰ ਠੰਡਾ ਹੋ ਜਾਂਦਾ ਹੈ। ਰੂਹ-ਤੱਤ ਉਡਾਰੀ ਮਾਰ ਜਾਂਦਾ ਹੈ ਤੇ ਅਲੋਪ ਹੋ ਜਾਂਦਾ ਹੈ। ਸੂਖਮ ਸਰੀਰੀ ਜੀਵ ਆਪਣੇ ਸਥੂਲ (ਹੱਡ ਮਾਸ ਦੇ) ਸਰੀਰ ਦਾ ਤਿਆਗ ਕਰਦਾ ਹੈ ਤੇ ਚੱਲਦਾ ਬਣਦਾ ਹੈ। ਅਕਲ ਵਾਲੇ ਬਾਬੇ ਦੱਸਦੇ ਹਨ ਕਿ ਸੂਖਮ ਸਰੀਰ ਬੱਸ ਜੀਵਾਤਮਾ ਤੇ ਪੰਜ ਭੂਤਾਂ ਦਾ ਸੂਖਮ ਰੂਪ ਹੀ ਟੁਰ ਜਾਂਦਾ ਹੈ ਤੇ ਸਰੀਰ ਨੂੰ ਅਗਨ ਭੇਟ ਕਰ ਦਿੱਤਾ ਜਾਂਦਾ ਹੈ।

ਜੀਵਾਤਮਾ ਦੇ ਜਿਸ ਅਨੁਭਵ (experience) ਨੂੰ ਮੌਤ ਆਖਦੇ ਹਨ, ਉਹ ਕੀ ਹੈ? ਸਥੂਲ ਸਰੀਰ ਵਿੱਚ ਭਾਣੇ ਅਨੁਸਾਰ ਲਗਾਤਾਰ ਵਧਦਾ ਘਟਦਾ ਸਮਾਂ ਇਸ ਪੰਚ ਭੂਤੀ ਅਕਾਰ ਨੂੰ ਹੰਢਾ ਕੇ ਤੇ ਕੀਤਿਆਂ ਦੀਆਂ ਕਮਾਈਆਂ ਨਾਲ ਅਮੀਰ ਗਰੀਬ ਹੋ ਕੇ ਇਹ ਜੀਵਾਤਮਾ ਆਪਣੀਆਂ ਸਮੇਂ ਤੇ ਸਥਾਨ (Time and Space) ਦੀਆਂ ਸੀਮਾਵਾਂ ਤੋਂ ਮੁਕਤੀ ਪ੍ਰਾਪਤ ਕਰਕੇ ਆਜ਼ਾਦ ਹੁੰਦੀ ਹੈ ਤਾਂ

ਸੂਖਮ ਸਰੀਰੀ ਬੰਧਨਾਂ ਵਿਚੋਂ ਜੀਵ ਆਤਮਾ ਆਪਣੇ ਵੱਡੇ ਪਾਸਾਰੀ ਮੰਡਲਾਂ ਵਿੱਚ ਚਲੀ ਜਾਂਦੀ ਹੈ ਤੇ ਜੀਵ ਵੀ ਆਪਣੀਆਂ ਰੋਕਾਂ ਟੋਕਾਂ ਤੇ ਨਿਰਦੇਸ਼ਤ ਗਤੀਵਿਧੀਆਂ ਤੋਂ ਸੁਤੰਤਰ ਹੋ ਜਾਂਦਾ ਹੈ। ਇਹ ਸਮਾਂ ਜੀਵ ਦਾ ਨਿਰਲੇਪ ਤੇ ਸੁਤੰਤਰ ਸ੍ਵੈ-ਮੁਲਾਂਕਣ ਕਰਨ ਦਾ ਹੁੰਦਾ ਹੈ।

ਸਪੱਸ਼ਟਤਾ ਲਈ ਸਿਆਣਿਆਂ ਤੋਂ ਸਿੱਖੀਆਂ, ਅਪਣਾਈਆਂ ਤੇ ਸਮੇਂ ਦੀ ਲਗਾਤਾਰ ਵਿਕਾਸਮੁਖੀ ਪ੍ਰਵਰਤਨਸ਼ੀਲਾਂ ਕਾਰਣ ਵਧਾ-ਘਟਾ ਕੀਤੀ ਉਸ ਦੀਆਂ ਗੱਲਾਂ ਕਰੀਏ। ਸਥੂਲ ਸਰੀਰ ਦੀ ਸਥੂਲਤਾ ਤੋਂ ਮੁਕਤ ਹੋ ਕੇ ਸੂਖਮ ਜਿਸ ਹੋਂਦ ਅਸਤਿਤਵ ਨੂੰ ਹੰਢਾਉਂਦਾ ਹੈ ਉਸ ਸੂਖਮ ਸਰੀਰ ਵਿੱਚ ਪੰਜ ਤਨਮਾਤਰਾ+ਮਨ+ਬੁੱਧੀ+ਅਹੰਕਾਰ ਇਹ ਪੰਜ ਤਨਮਾਤਰਾ ਸ਼ਬਦ, ਸਪਰਸ਼, ਰੂਪ, ਰਸ, ਗੰਧ ਅਸਲ ਵਿੱਚ ਸਥੂਲ ਸਰੀਰ ਦੀ ਬਣਤਰ ਵਿੱਚ ਆਏ ਪੰਜ ਮਹਾਂਭੂਤਾਂ ਦਾ ਹੀ ਸੂਖਮ ਅੰਸ਼ ਮਾਤਰ ਹਨ।

1. ਆਕਾਸ਼ – ਸ਼ਬਦ ਤਨਮਾਤਰਾ
2. ਵਾਯੂ – ਸਪਰਸ਼ ਤਨਮਾਤਰਾ
3. ਅਗਨੀ – ਰੂਪ ਤਨਮਾਤਰਾ
4. ਪਾਣੀ ਜਲ – ਰਸ ਤਨਮਾਤਰਾ
5. ਪ੍ਰਿਥਵੀ – ਗੰਧ ਤਨਮਾਤਰਾ

| Sr. No. | Name of the Shakti from which each class of letters is produced | Name of the letters | Name of the Corresponding Tattvas |
|---|---|---|---|
| 1. | ਅ | ਕ, ਖ, ਗ, ਘ, ਙ | ਪ੍ਰਿਥਵੀ, ਜਲ, ਅਗਨੀ, ਵਾਯੂ, ਆਕਾਸ਼<br>5 Gross Elements |
| 2 | ੲ | ਚ, ਛ, ਜ, ਝ, ਞ | ਸ਼ਬਦ, ਸਪਰਸ਼, ਰੂਪ, ਰਸ, ਗੰਧ<br>5 Tanmatras |
| 3 | ਰੀ<br>Ree | ਟ, ਠ, ਡ, ਢ, ਣ | ੳਪਸਥ, ਪਾਯੂ, ਪਾਦ, ਪਾਣੀ, ਵਾਕ<br>5 Organs of Action<br>ਕਰਮ ਇੰਦਰੀਆਂ |
| 4 | ਲਰੀ<br>Lree | ਤ, ਥ, ਦ, ਧ, ਨ | ਪ੍ਰਾਣ, ਰਸਨਾ, ਚਕਸ਼ੂ, ਚਮੜੀ, ਸ੍ਰੋਤ<br>5 Organs of Sense<br>ਗਿਆਨ ਇੰਦਰੀਆਂ |
| 5 | ੳ | ਪ, ਫ, ਬ, ਭ, ਮ | ਮਨ, ਅਹੰਕਾਰ, ਬੁੱਧੀ, ਪ੍ਰਕਿਰਤੀ, ਪੁਰਸ਼<br>The Psychic Apparatus<br>The Primal Matter and<br>The Limited experient |

ਜਿਹੜੇ ਸਹਿਜਧਾਰਾ ਸਤਿਸੰਗ ਦੇ ਸਿਖਿਆਰਥੀ ਹਨ ਉਨ੍ਹਾਂ ਦੀ ਸਮਝ ਲਈ ਜਿਹੜੀ ਦੋ ਪ੍ਰਤੀਸ਼ਤ (2%) ਆਜ਼ਾਦੀ ਦਾ ਜ਼ਿਕਰ ਅਸੀਂ ਕਰਦੇ ਆਏ ਹਾਂ, ਇਹ ਮੌਤ ਤੋਂ ਪਿੱਛੋਂ ਤੇ ਜਨਮ ਤੋਂ ਪਹਿਲਾਂ ਦਾ ਸਮਾਂ ਉਸ ਤਰ੍ਹਾਂ ਦੀ ਆਜ਼ਾਦੀ ਦਾ ਵਿਸਤ੍ਰਿਤ ਰੂਪ ਨਹੀਂ ਹੈ। ਉਸ ਆਜ਼ਾਦੀ ਸਮੇਂ ਜੀਵ ਸਿਰਫ ਜੀਵ ਵਜੋਂ ਕਿਰਿਆਸ਼ੀਲ ਨਹੀਂ ਸੀ ਸਗੋਂ ਜੀਵਾਤਮਾ ਵਜੋਂ ਕਮਾਈ ਕਰਦਾ ਸੀ ਤੇ ਇਹੀ ਉਸ ਦੇ ਵਹੀਖਾਤੇ ਵਿੱਚ ਸੁਕਰਮ ਤੇ ਕੁਕਰਮ ਵਜੋਂ ਗਿਣਿਆ ਜਾਂਦਾ ਸੀ ਪਰ ਇਹ ਮੌਤ-ਜ਼ਿੰਦਗੀ ਦੇ ਦਰਮਿਆਨ ਅਨੁਭਵ ਕਿਸੇ ਪ੍ਰਾਲਭਧ (Destiny) ਦਾ ਹਿੱਸਾ ਨਹੀਂ ਹੁੰਦਾ ਤੇ ਨਾ ਹੀ ਹੋ ਸਕਦਾ ਹੈ। ਸਹਿਜਧਾਰਾ ਸਤਿਸੰਗ ਦੀ ਸੋਚ ਅਨੁਸਾਰ ਮਨੁੱਖ ਜਾਤੀ ਤੱਕ ਪਹੁੰਚੇ ਹਰ ਜੀਵਾਤਮਾ ਨੂੰ

ਘੱਟ ਤੋਂ ਘੱਟ 2% ਸੋਚਣ ਵਿਚਾਰਨ ਤੇ ਕੰਮ ਕਰਨ ਦੀ ਖੁੱਲ੍ਹ ਹੈ ਅਤੇ ਇਹੋ ਹੀ ਖੁੱਲ੍ਹ ਜੋ ਵਿਕਸਤ ਤੇ ਸਿਆਣੇ ਸੱਜਣਾਂ ਵਿੱਚ 2% ਤੋਂ ਵੀ ਵਧ ਹੁੰਦੀ ਹੈ। ਸੰਸਾਰਿਕ ਦਰਵਾਜਿਆਂ ਤੇ ਪਹਿਰੇਦਾਰ ਖੜ੍ਹੇ ਕਰ ਸਕਣੇ ਤੇ ਸੀਮਾਵਾਂ ਤੇ ਰੋਕਾਂ ਸਥਾਪਤ ਕਰਨ ਦੀ ਸ਼ਕਤੀ ਦਾ ਬਦਲ ਵਾਲੇ ਵਿਅਕਤੀਆਂ ਵਿੱਚ ਇਹ 20 ਤੋਂ 30 ਪ੍ਰਤੀਸ਼ਤ ਤੱਕ ਹੋ ਜਾਂਦੀ ਹੈ ਪਰ ਸੁਭਾਅ ਦੀ ਫਕੀਰੀ, ਵਿਵਹਾਰ ਦੀ ਸਾਦਗੀ ਤੇ ਸੱਚਾਈ-ਜੀਵਨ ਤੋਰ ਦਾ ਸਹਿਜ, ਸਰਾਫਤ ਤੇ ਸਿਆਣਪ ਤੇ ਅਨੰਦ ਦੀਆਂ ਮੌਜ ਮਸਤੀਆਂ ਦੀ ਆਮਦ ਜਾਂ ਇੰਜ ਕਹਿ ਲਈਏ ਕਿ ਉਹਦੇ ਰੰਗ ਵਿੱਚ ਰੰਗੇ ਹੋਏ (ਆਪਣੀ ਮਰਜ਼ੀ ਨਾਲ ਤੇ ਉਹਦੀ ਰਹਿਮਤ ਸਦਕਾ) ਅਗੰਮੀ ਵਜਦਾਂ ਦੇ ਸਹਿਜ ਸਾਧ- ਹੁੰਦੇ ਹੋਏ ਵੀ ਅਣਹੋਏ ਜਿਹੇ ਰਸੀਏ ਕੋਈ ਕੋਈ ਤਾਂ 50% ਮਰਜ਼ੀ ਦੇ ਮਾਲਕ ਹੋ ਨਿਬੜਦੇ ਹਨ। ਕੋਈ ਵਿਰਲਾ ਤਾਂ ਅਜਿਹਾ ਵੀ ਹੁੰਦਾ ਹੈ ਕਿ ਜਦੋਂ ਉਹ ਜ਼ੁਬਾਨ ਖੋਲਦਾ ਹੈ ਤਾਂ ਬੋਲ ਕਿਸੇ ਹੋਰ ਦੇ ਸੁਣੀਦੇ ਹਨ। ਇਸ ਯੁੱਗ ਦੇ ਪੈਗੰਬਰ ਨਾਨਕ ਪਾਤਸ਼ਾਹ ਦੀ ਤਾਂ ਗੱਲ ਹੀ ਕੀ ਕਰਨੀ ਹੈ। ਬਾਬਾ ਸੁਲਤਾਨ ਬਾਹੂ :-

"ਅਲਾਹ ਹੂ ਦਾ ਅਵਾਜਾ ਆਵੇ, ਕੁੱਲੀ ਨੀਂ ਫਕੀਰ ਦੀ ਵਿਚੋਂ..."

ਸਾਧਕ ਜਗਤ-ਕਿਰਿਆ ਸਮੇਂ ਆਪਣੇ ਯਤਨ, ਆਪਣੀ ਸਰੀਰਕ ਤੇ ਮਾਨਸਿਕ ਸਾਧਨਾ ਕਰਦਾ ਹੋਇਆ ਲੋੜੀਂਦੀ ਗਿਆਨ ਪ੍ਰਾਪਤੀ ਗਿਆਨ ਦੇ ਸਰੋਤ ਆਪਣੇ ਗੁਰੂ ਜੀ ਪਾਸੋਂ ਲੈਂਦਾ ਹੈ ਇਸ ਤਰ੍ਹਾਂ ਉਹ ਤਾਮਿਸਕ, ਰਜਿਸ ਤੇ ਸਾਤਵਿਕ ਬਿਰਤੀਆਂ ਤੇ ਵਿਜਈ ਹੋਣ ਲਈ ਯਤਨਸ਼ੀਲ ਹੁੰਦਾ ਹੈ। ਅਨੁਸ਼ਾਸਿਤ ਸਾਧਕ ਗਿਆਨ ਦੀ ਲੋਅ ਵਿੱਚ ਆਪਣੀਆਂ ਕਮਜ਼ੋਰੀਆਂ ਦੇ ਸੁਧਾਰ ਕਰਕੇ ਉਸ ਜੀਵਨ ਜਾਂਚ ਤੋਂ ਜਾਣੂ ਹੋ ਜਾਂਦਾ ਹੈ ਜਿਸਨੂੰ ਸੰਸਕ੍ਰਿਤ ਸਾਹਿਤ ਵਿੱਚ ਸ਼ੁੱਧ ਵਿਦਿਆ ਦਾ ਨਾਂ ਦਿੱਤਾ ਗਿਆ ਹੈ। ਸ਼ੁੱਧ ਵਿਦਿਆ ਨਾਲ ਰੌਸ਼ਨ ਜੀਵਾਤਮਾ ਅਜਿਹੇ ਅਸਤਿਤ੍ਵ ਦੀ ਪ੍ਰਾਪਤੀ ਕਰਦੀ ਹੈ ਜਿੱਥੇ ਪਹੁੰਚ ਕੇ ਬਿਰਤੀ ਸਹਿਜ ਨੂੰ ਪ੍ਰਾਪਤ ਕਰਦੀ ਹੈ। ਸਹਿਜ ਅਵਸਥਾ ਕਿਸੇ ਵਿਲੱਖਣ ਤੇ ਵਰੋਸਾਏ ਅਲਾਹ ਦੇ ਪਿਆਰੇ ਨੂੰ ਪ੍ਰਾਪਤ ਹੁੰਦੀ ਹੈ ਜਿੱਥੇ ਪਹੁੰਚ ਕੇ ਹਰ ਇੱਕ ਕੀਤਾ ਹੋਇਆ ਕਾਰਜ ਨਾ ਤਾਂ ਸੁਕਰਮ ਹੁੰਦਾ ਹੈ ਤੇ ਨਾ ਹੀ ਕੁਕਰਮ ਸਗੋਂ ਅ-ਕਰਮ ਹੀ ਹੁੰਦਾ ਹੈ ਜਿਥੇ ਜਾ ਕੇ ਨਾ ਤਾਂ ਮਨ (ਕਲਪਨਾ) ਅਤੇ ਨਾ ਹੀ ਬੁੱਧੀ (ਸੋਚ ਵਿਚਾਰ) ਕਾਰਜਸ਼ੀਲ ਰਹਿੰਦੀ ਹੈ, ਦੋਨੋਂ ਹੀ ਸ਼ਾਂਤ ਹੋ ਜਾਂਦੀਆਂ ਹਨ। ਕਰਮ ਸਭ ਸਹਿਜ ਵਿੱਚ ਆਪਣੇ ਆਪ ਹੋਈ ਜਾਂਦੇ ਹਨ ਬਿਨਾਂ ਉਚੇਚ ਤੋਂ।

ਇਸ ਨੂੰ ਅਸੀਂ ਸਰਲ ਭਾਸ਼ਾ ਵਿੱਚ ਇੰਜ ਆਖ ਸਕਦੇ ਹਾਂ ਕਿ ਸਹਿਜ ਅਵਸਥਾ ਨੂੰ ਪ੍ਰਾਪਤ ਵਿਅਕਤੀ ਜੋ ਵੀ ਕੰਮ ਕਰਦਾ ਹੈ ਉਹ ਭਾਣੇ ਵਿੱਚ ਹੀ ਹੁੰਦਾ ਹੈ। ਇਸ ਲਈ ਇਹ ਕੰਮ ਜਨਮਾਂ ਜਨਮਾਂਤਰਾਂ ਵਿੱਚ ਭਟਕਣ ਦੇ ਆਧਾਰ ਕਰਮ ਸੰਗ੍ਰਹਿ ਦਾ ਹਿੱਸਾ ਨਹੀਂ ਬਣਦਾ ਸਗੋਂ ਸਾਧਕ ਜੀਵਤ ਹੁੰਦਿਆਂ ਹੀ ਜੀਵਨ ਮੁਕਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਪਰ ਇਹ ਯਾਤਰਾ ਇੰਨੀ ਅਸਾਨ ਨਹੀਂ। ਸਹਿਜ ਅਵਸਥਾ ਦੀ ਪ੍ਰਾਪਤੀ ਸਹਿਜੇ ਸਹਿਜੇ ਹੁੰਦੀ ਹੈ। ਇਹ ਕੋਈ ਦੀਵੇ ਦੇ ਜਗਣ ਕਾਰਣ ਹੋਣ ਵਾਲੇ ਚਾਨਣ ਵਾਂਗ ਨਹੀਂ ਹੁੰਦੀ। ਗਿਆਨੀ ਦੱਸਦੇ ਹਨ ਕਿ ਤਾਮਸਿਕ, ਰਜਿਸ ਤੇ ਸਾਤਵਿਕ ਬਿਰਤੀਆਂ ਦਾ ਅਨੁਭਵੀ ਸਫਰ ਬਹੁਤ ਲੰਬਾ, ਬਿਖੜਾ ਤੇ ਉਲਝਣਾਂ ਭਰਿਆ ਦੌਰ ਹੈ ਜਿਸ 'ਤੇ ਸੋਚ ਵਿਚਾਰ ਕੇ ਸਹਿਜੇ-ਸਹਿਜੇ ਚੇਤੰਨ ਹੋ ਕੇ ਤੁਰਨਾ ਪੈਂਦਾ ਹੈ। ਰਾਹ ਦੇ ਕੰਡਿਆਂ ਤੋਂ ਬਚਣ ਲਈ ਕਦਮ ਬੋਚ-ਬੋਚ ਕੇ ਰੱਖਣੇ ਹੁੰਦੇ ਹਨ ਅਤੇ ਆਪਣੇ ਅੰਦਰ ਦੇ ਘਰ ਵਿੱਚ ਬਹੁਤ ਖਬਰਦਾਰ ਹੋ ਕੇ ਚੌਂਕੀਦਾਰੀ ਕਰਨੀ ਹੁੰਦੀ ਹੈ ਤੇ ਸ਼ੈਤਾਨ ਤੇ ਉਸ ਦੇ ਚਮਚਿਆਂ ਤੋਂ ਘਰ ਦੇ ਹਰ ਖੱਲ ਖੂੰਜੇ ਨੂੰ ਸਾਫ ਰੱਖਣਾ ਪੈਂਦਾ ਹੈ ਕਿਤੇ ਇਹ ਨਾ ਹੋਵੇ ਕਿ ਦੁਸ਼ਮਣ ਦੇ ਚੂਹੇ ਇਨ੍ਹਾਂ ਲੁਕਵੀਆਂ ਥਾਵਾਂ ਵਿੱਚ ਆਪਣੀਆਂ ਖੁੱਡਾਂ ਪੁੱਟ ਕੇ ਰਹਿਣ ਨਾ ਲੱਗ ਜਾਣ।

✶✶✶✶

# ਗਿਆਨ ਤੇ ਵਿਗਿਆਨ

ਜੋ ਕੁੱਝ ਲਿਖਿਆ ਜਾਣਾ ਹੈ ਬਾਕੀ ਉਸ ਨੂੰ ਸਪੱਸ਼ਟ ਢੰਗ ਨਾਲ ਸਮਝਣ ਸਮਝਾਉਣ ਲਈ ਜ਼ਰੂਰੀ ਹੈ ਕਿ ਗਿਆਨ ਅਤੇ ਵਿਗਿਆਨ ਦੇ ਸ਼ੁੱਧ ਅਰਥ ਸਮਝ ਲਈਏ। ਗਿਆਨ ਤੋਂ ਅਰਥ Intuitive knowledge ਤੋਂ ਹੈ ਅਤੇ ਵਿਗਿਆਨ ਤੋਂ ਅਰਥ ਮਨੁੱਖੀ ਗਿਆਨ ਤੋਂ ਹੈ ਜਿਸਦੀ ਸਮਝ ਕਾਰਣ ਤੇ ਕਾਰਜ ਦੇ ਕਰਮ-ਚੱਕਰ ਵਜੋਂ ਹੁੰਦੀ ਹੈ ਜਿੱਥੇ ਆ ਕੇ ਪਰਕਿਰਤਕ ਦੁਨੀਆਂ ਵਿੱਚ ਦ੍ਵੰਦਆਤਮਿਕਤਾ ਦਾ ਅਧਿਐਨ ਤੇ ਸਰਵੇਖਣ ਮਨੁੱਖ ਦੁਆਰਾ ਘੜੇ ਫਾਰਮੂਲਿਆਂ ਅਨੁਸਾਰ ਕੀਤਾ ਜਾਂਦਾ ਹੈ। ਜਿਵੇਂ ਬਾਬੇ ਕਾਰਲ ਮਾਰਕਸ ਵਾਲੀ ਕਾਮਰੇਡੀ ਫਾਰਮੂਲੇਸ਼ਨ- Thesis + Antithesis = Synthesis ਤੇ ਇਸੇ ਸਿਨਥੈਸਿਸ ਬਾਰੇ ਫਿਲਾਸਫਰੀ ਕਥਨ ਭਰਾ ਲੈਨਿਨ ਦਾ- “ਜਿਹੜਾ ਮਨੁੱਖ ਸਭ ਤੋਂ ਪਿੱਛੋਂ ਹੱਸਦਾ ਹੈ ਉਹ ਸਭ ਤੋਂ ਸੋਹਣਾ ਹੱਸਦਾ ਹੈ” ਅਰਥਾਤ ਸਿਨਥੈਸਿਸ ਆਪਣੇ ਸਿੱਟਾਗਤ ਵਰਤਾਰੇ ਵਿੱਚ ਹਾਂ ਪੱਖੀ ਹੁੰਦਾ ਹੈ ਤੇ ਪ੍ਰਗਤੀਸ਼ੀਲ ਹੋਣ ਕਾਰਨ ਵਿਕਾਸਮੁਖੀ ਹੁੰਦਾ ਹੈ। ਕੁੱਝ ਹੋਰ ਸਕਿਆਂ ਦੇ ਨਾਮ ਵੀ ਸਨਮਾਨ ਵਜੋਂ ਲਿਖ ਦੇਈਏ- ਕਿਤੇ ਅਕ੍ਰਿਤਘਣ ਹੀ ਨਾ ਸਦਾਈਏ ਤੇ ਬਖਸ਼ੇ ਨਾ ਜਾਈਏ। ਸ਼ਿਵ ਜੀ ਮਹਾਰਾਜ, ਮਹਾਤਮਾ ਬੁੱਧ ਸ਼ਾਹ ਫਕੀਰ, ਰਿਸ਼ੀ ਅਸ਼ਟਾਵਕਰ, ਗੀਤਾ ਵਾਲਾ ਰੰਗਲਾ ਸੱਜਣ ਕ੍ਰਿਸ਼ਨ ਭਗਵਾਨ ਤੇ ਪੈਗੰਬਰੀ ਹਸਤਾਖਰ ਬਾਬਾ ਨਾਨਕ, ਮੁਖੀਏ ਮਹਾਂਪੁਰਸ਼ ਮਨੁੱਖਤਾ ਦੇ ਪੈਗੰਬਰ। ਉਨ੍ਹਾਂ ਦੇ ਸਾਥੀਆਂ ਵਿਚੋਂ ਲਾਰਡ ਕਰਾਈਸਟ, ਲਾਰਡ ਮੁਹੰਮਦ ਸਾਹਿਬ, ਯੂਨਾਨੀ ਮਿੱਤਰ Plato ਤੇ ਮਹਾਂਪੁਰਸ਼ ਕਨਫਿਊਸ਼ਸ਼। ਹਾਥੀ ਦੀ ਪੈੜ ਵਿੱਚ ਸਾਰਿਆਂ ਦੀਆਂ ਪੈੜਾਂ- ਐਵੇਂ ਉਚੇਚ ਤੇ ਰੋਕ ਨਾ ਕਰਿਉ ਹੋਰਾਂ ਸੱਜਣਾਂ ਮਿੱਤਰਾਂ ਦੇ ਨਾਂ ਆਪੇ ਆਪਣੀ ਮਰਜ਼ੀ ਨਾਲ ਭਰ ਲਵੋ। ਐਵੇਂ ਨਾਰਾਜ਼ ਨਾ ਹੋਇਓ, ਜੇਕਰ ਆਪਣਾ ਨਾਮ ਵੀ ਲਿਖਣ ਨੂੰ ਜੀਵਾਤਮਾ ਕਹੇ ਤਾਂ ਲਿਖ ਦਿਉ- ਪਰ ਲਿਖਿਉ ਸੋਚ ਸਮਝ ਕੇ, ਹੋਸ਼ਿਆਰ ਰਿਹੋ। ਆਪਣਾ ਕੱਦ ਵੀ ਉੱਚਾ ਕਰਕੇ ਸੋਹਣੇ ਸੱਜਣਾਂ ਦੇ ਮੇਚ ਦਾ ਕਰਨਾ ਪਵੇਗਾ। ਇਹ ਨਾ ਹੋਵੇ ਐਵੇਂ ਉਸ ਬਾਬੇ ਤੇ ਇੱਕ ਹੋਰ ਬਾਬਾ ਵਾਂਗੂੰ ਨਮੋਸ਼ੀ ਨਾ ਉਠਾਉਣੀ ਪਵੇ ਤੇ ਜਗ ਵਿੱਚ ਥੂ ਥੂ ਹੋਵੇ ਤੇ ਜੰਗਲੀ ਜਾਨਵਰਾਂ ਵਾਂਗ ਖੁੱਡਾਂ ਵਿੱਚ ਲੁਕ ਕੇ ਜਾਨ ਬਚਾਉਣੀ ਪਵੇ।

ਅਜੋਕੇ ਜੁੱਗ ਦਾ ਸਭ ਤੋਂ ਸੋਹਣਾ ਮੁੰਡਾ ਜਿਸਦਾ ਨਾਮ ਹੈ ਖਲੀਲ ਜਿਬਰਾਨ ਉਹਨੂੰ ਤਾਂ ਗਲਵਕੜੀ ਪਾ ਕੇ ਚੁੰਮਣ ਬਿਨਾਂ ਗੱਲ ਵੀ ਨਹੀਂ ਤੁਰਦੀ। ਨੇੜਲਿਆਂ ਵਿੱਚ ਅਰਬਿੰਦ ਘੋਸ਼, ਜੇ. ਕ੍ਰਿਸ਼ਨਾ ਮੂਰਤੀ ਤੇ ਕਮਲਾ ਲਾਈਲਗ ਅਚਾਰੀਆ ਰਜ਼ਨੀਸ਼ ਥੋੜ੍ਹਾ ਜਿਹਾ, ਦਸਵੇਂ ਗੁਰੂ ਦਾ ਲਾਡਲਾ ਬੰਦਾ ਬਹਾਦਰ, ਸਤਿਗੁਰੂ ਰਾਮ ਸਿੰਘ ਜੀ, ਰਾਮ ਕ੍ਰਿਸ਼ਨ ਪਰਮਹੰਸ ਤੇ ਹੋਰ ਮਹਾਂਪੁਰਸ਼ ਮੁਖੀਏ ਦਾ ਨਾਮ ਲਿਖਦਿਆਂ ਦਿਲ ਨੂੰ ਧਰਵਾਸ ਜਿਹਾ ਹੁੰਦਾ ਹੈ ਤੇ ਉਨ੍ਹਾਂ ਕਾਰਣ ਇਹ ਜੱਗ ਵੀ ਸੋਹਣਾ ਸੋਹਣਾ ਜਿਹਾ ਲੱਗਣ ਲੱਗ ਪੈਂਦਾ ਹੈ।

ਮਹਾਂਪੁਰਖ ਮੁਖੀਏ ਦਾ ਕੱਦ ਕਦੋਂ ਵਧ ਕੇ ਪੈਗੰਬਰ ਵਾਲਾ ਹੁੰਦਾ ਹੈ ਜਦੋਂ ਉਹ ਬੇਅੰਤ ਗੁਣਾਂ ਵਿੱਚ ਇਹ ਵਾਧੇ ਕਰ ਲਵੇ। ਪੈਗੰਬਰ ਪਾਸ ਉਸ ਦੇ ਆਪਣੇ ਸਮੇਂ, ਸਥਾਨ ਤੇ ਖੇਤਰੀ ਸੰਦਰਭ ਵਿੱਚ ਵਿਕਸਿਤ ਇਤਿਹਾਸਕ ਸਥਿਤੀ ਵਿੱਚ ਹੋ ਸਕੀ ਗਿਆਨ ਵਿਗਿਆਨ ਦੀ ਰੌਸ਼ਨੀ ਵਿੱਚ ਇੱਕ ਵਿਲੱਖਣ, ਅਨੁਪਮ ਤੇ ਨਵੀਂ ਸਮਝ ਤੇ ਪਹੁੰਚ ਅਨੁਸਾਰ ਪਰਮਾਤਮਾ, ਪ੍ਰਕਿਰਤੀ ਤੇ ਮਨੁੱਖ ਬਾਰੇ ਸੂਝ ਬੂਝ ਹੁੰਦੀ ਹੈ। ਉਹ ਸੰਸਾਰ ਤੇ ਸੰਸਾਰਿਕਤਾ ਬਾਰੇ ਵਿਸ਼ੇਸ਼ ਦ੍ਰਿਸ਼ਟੀਕੋਣ ਰੱਖਦਾ ਇੱਕ ਨਵਾਂ ਸੁਪਨਿਆਂ ਦਾ ਸੰਸਾਰ ਸਿਰਜਦਾ ਹੈ ਤੇ ਇਸ ਦੀ ਪ੍ਰਾਪਤੀ ਲਈ ਇੱਕ ਕਿਰਿਆਤਮਕ ਪਹੁੰਚ (Practical approach) ਦੀ ਰੂਪ ਰੇਖਾ ਦੱਸਦਾ ਹੈ। ਮਹਾਂਪੁਰਖ ਮੁਖੀਏ, ਪੀਰ ਫਕੀਰ ਵਿੱਚ ਇਨ੍ਹਾਂ ਸਰਵਉੱਚ ਰੱਬ ਦਿਆਂ ਬੰਦਿਆਂ (ਪੈਗੰਬਰ ਸਾਹਿਬਾਨ) ਤੋਂ ਗਿਣਨਾਤਮਕ ਤੇ ਗੁਣਾਤਮਕ ਪੱਖੋਂ ਸ਼ਕਤੀਆਂ ਦਾ ਥੈਲਾ ਕੁੱਝ ਹੌਲਾ ਹੋਣ ਕਰਕੇ ਸਫਰ ਕੁੱਝ ਸੌਖਾ ਰਹਿੰਦਾ ਹੈ।

ਸੰਸਾਰਿਕਤਾ ਦਾ ਇਤਿਹਾਸਕ ਆਰੰਭ ਕਿਸੇ ਇੱਕ ਥਾਂ ’ਤੇ ਰੌਸ਼ਨੀ ਦੇ ਅਣੂ ਦੀ ਇੱਕ ਮਟਕ ਚਾਲ ਤੋਰ ਇੱਕ ਦੂਜੇ ਰੌਸ਼ਨੀ ਦੇ ਹੀ ਅਣੂ ਨਾਲ ਜੁੜਨਾ, ਗਲਵਕੜੀ ਪਾ ਇਕਮਿਕ ਹੋ ਜਾਣਾ ਸੀ। ਇਸ ਇਕਮਿਕ ਹੋਣ ਦੀ ਕਿਰਿਆ ਦਾ ਪ੍ਰਤੀਕਰਮ ਸੀ ਉਨ੍ਹਾਂ ਦਾ ਇੱਕ ਦੂਜੇ ਨਾਲ ਖਿੱਚ ਦਾ ਉਤਪੰਨ ਹੋਣਾ- ਚੇਤਨ ਸੱਤਾ ਦਾ ਚੇਤੰਨ ਚੋਜ। ਵਿਸਥਾਰ ਲਈ Cotton-Candy ਵਾਲੀਆਂ ਸੀਡੀਆਂ ਸੁਣ ਲੈਣੀਆਂ ਚਾਹੀਦੀਆਂ ਹਨ। ਇਹੋ ਹੀ ਆਖ ਸਕਦੇ ਹਾਂ। ਨਾਮਕਰਣ ਤਾਂ ਕਰੀਏ ਜੇ ਜਾਣੀਏ ਤੇ ਸਮਝੀਏ। ਇਸ ਲਈ ਚਕਰਿਤ ਹੋ ਕੇ ਜੋ ਆਇਆ ਉਹ ਹੀ ਆਖ ਦਿੱਤਾ। ਆਪਣੀ ਖਿੱਚ ਕਾਰਣ ਇੱਕ ਜੋਗ ਦਾ ਲਗਾਤਾਰ ਹੋਣਾ ਤੇ ਖਿੱਚ ਦਾ ਵੱਡੇ ਸੰਘਣੇਪਣ ਦਾ ਇੱਕ ਵੱਖਰਾ ਰੰਗ ਗ੍ਰਹਿਣ ਕਰਨਾ ਤੇ ਦ੍ਰਿਸ਼ਟੀਗੋਚਰ ਹੋਣਾ ਇਹ ਉਸ ਦੀ ਲੀਲਾ ਹੈ। ਇਸ ਲੀਲਾ ਵਿੱਚ ਖਿੱਚ ਦੇ ਇੱਕ ਸਿਧਾਂਤ ਦਾ ਕਾਰਜਸ਼ੀਲ ਕਰਨਾ ਤੇ ਇਸ ਪ੍ਰਕਿਰਿਆ ਦਾ ਆਪਣੇ ਆਪ ਹੀ ਲਗਾਤਾਰ ਹੋਣ ਦਾ ਕਾਰਜ ਆਰੰਭ ਹੋਣਾ, ਇਹ ਉਸ ਦੀ ਰਜ਼ਾ ਸੀ। ਇਹ ਉਸ ਦੀ ਰਜ਼ਾ ਅਨੁਸਾਰ ਸੀ ਤੇ ਉਸ ਦੀ ਰਜ਼ਾ ਵਿੱਚ ਹੀ ਸੀ ਪਰ ਇਸ ਸਿਧਾਂਤਿਕਤਾ ਵਿੱਚ ਬੰਨ੍ਹੇ ਜਾਣਾ ਮਨੁੱਖੀ ਸਮਝ ਵਿੱਚ ਆਉਂਦਾ ਹੈ। ਸਿਧਾਂਤਕ ਨਿਖੇੜ ਦੀ ਇਤਿਹਾਸਕਤਾ ਦੁਆਰਾ ਪ੍ਰਵੀਨਤਾ, ਪਰਪੱਕਤਾ ਤੇ ਪ੍ਰਮਾਣੀਕਤਾ ਦੀ ਪਕੜ ਮਨੁੱਖ ਦੇ ਵਿਕਸਤ ਰੂਪ ਦੀ ਸਮੇਂ ਤੇ ਸਥਿਤੀ ਤੋਂ ਹੀ ਗਿਣੀ ਜਾਣੀ ਬਣਦੀ ਹੈ।

ਸਰਲ ਢੰਗ ਨਾਲ ਸਮਝਣ ਲਈ ਅਸੀਂ ਸੋਚੀਏ ਕਿ ਹਲਕੀ ਸੁਨਹਿਰੀ ਰੌਸ਼ਨੀ ਨਾਲ ਸਾਰਾ ਖਾਲੀ ਜਹਾਨ ਤੇ ਅਸਮਾਨ ਭਰਿਆ ਪਿਆ ਹੈ। ਸਾਡੇ ਸਾਹਮਣੇ ਇਸ ਸਰਵ ਵਿਆਪਕ ਹਲਕੀ ਸੁਨਹਿਰੀ ਭਾਅ ਮਾਰਦੀ ਰੌਸ਼ਨੀ ਵਿੱਚ ਸਾਡੀਆਂ ਅੱਖਾਂ ਸਾਹਮਣੇ ਇੱਕ ਥਾਂ ਸੰਘਣੀ ਸੁਨਹਿਰੀ ਰੌਸ਼ਨੀ ਦਾ ਰੰਗ ਲੈ ਲਵੇ। ਇਸ ਦਾ ਕਾਰਣ ਸਾਨੂੰ ਮਹਿਸੂਸ ਹੋਵੇ ਕਿ ਇੱਕ ਥਾਂ ਤੋਂ ਹਲਕੀ ਜਿਹੀ ਰੁਮਕੀ ਹਵਾ ਚੱਲੇ ਜਿਸ ਕਾਰਣ ਇੱਕ ਥਾਂ ਰੌਸ਼ਨੀ ਕੁੱਝ ਸੰਘਣੀ ਕੁੱਝ ਗੂੜ੍ਹੀ ਜਿਹੀ ਜਾਪਣ ਲੱਗ ਜਾਵੇ। ਇਸ ਸਰਵ ਵਿਆਪਕ ਹਲਕੀ ਸੁਨਹਿਰੀ ਭਾਅ ਮਾਰਦੀ "ਚੇਤਨ ਸਮੁੱਚ" ਨੂੰ ਆਪਾਂ ਨਿਰੰਕਾਰ ਨਿਰਗੁਣ ਪਰਮਾਤਮਾ ਆਖ ਦੇਈਏ, ਅਲੱਖ ਨਿਰੰਜਣ ਦੇ ਮਸਤ ਅਨੰਦਿਤ ਖਿੜੇ ਖਿੜੇ ਅਲਾਪ ਵਾਲੇ ਜੋਗੀਆਂ ਦਾ ਪਰਮਾਤਮਾ ਸ਼ਿਵ ਸੱਦ ਲਈਏ ਤੇ ਇਸ ਵਿੱਚ ਹੋਈ ਸੂਖਮ, ਕੋਮਲ, ਰੁਮਕਦੀ ਪੁਰਵਾਈ ਸੁਗੰਧ ਸੁਮੀਰ ਨੂੰ ਆਪਾਂ ਸ਼ਕਤੀ ਆਖ ਲਈਏ, ਪ੍ਰਭੂ ਦੀ ਮਾਇਆ ਆਖ ਲਈਏ। ਇਹ ਸਭ ਕੁੱਝ ਬਦਲਿਆ, ਇਹ ਸੂਤੇ ਹੀ ਹੋਈ ਇੱਕ ਕਿਰਿਆ ਹੈ ਜਿਸ ਤੋਂ ਇੱਕ ਘਟਨਾ ਹੀ ਘਟਿਤ ਹੋਈ ਹੈ। ਇਸ ਦਾ ਕਾਰਣ ਕੋਈ ਅਵਾਜ਼ ਨਹੀਂ ਹੈ। ਇਸ ਕੁੱਝ ਕੁੱਝ ਚੁੱਪ-ਚਾਪ ਵਿੱਚ ਚੁਪਕੇ ਚੁਪਕੇ ਇੱਕ ਗਤੀਸ਼ੀਲਤਾ ਦਾ ਆਰੰਭ ਹੈ ਇਹ ਕੁੱਝ ਅਣਹੋਇਆ ਜਿਹਾ ਹੋਇਆ ਤੇ ਇਸ ਨੂੰ ਜਾਨਣ ਸਮਝਣ ਲਈ, ਕਰੋੜਾਂ ਸਾਲਾਂ ਬਾਅਦ ਜੰਮੇ ਮਨੁੱਖ ਨੇ, ਸ਼ਕਤੀ ਦਾ ਨਾਮ ਦੇ ਦਿੱਤਾ ਹੈ- ਸ਼ਿਵਾ ਦੀ ਸ਼ਕਤੀ, ਪ੍ਰਭੂ ਦੀ ਮਾਇਆ। ਇਸ ਦੇ ਹੋਣ ਨਾਲ ਜੇਕਰ ਪੈਗੰਬਰ ਨਾਨਕ ਪਾਤਸ਼ਾਹ ਦੀ ਬਾਣੀ ਨੂੰ ਸੁਣੀਏ ਤਾਂ ਇੰਜ ਆਖ ਸਕਦੇ ਹਾਂ ਕਿ ਅਕਾਲਪੁਰਖ ਦਾ ਇੱਕ ਹੋਰ ਨਾਂ ਕਰਤਾਪੁਰਖ ਵੀ ਪੈ ਗਿਆ।

ਧੁਨੀਆਂ ਦਾ ਉਠਣਾ, ਆਵਾਜ਼ ਦਾ ਆਉਣਾ- ਸ਼ਬਦ ਦਾ ਬੋਲੀ ਵਿੱਚ ਵਟਣਾ ਤਾਂ ਮਾਨਯੋਗ ਵੱਡੇ ਵਡੇਰੇ ਦੇ ਤਰਲੇ ਹੀ ਸਨ ਇਸ ਮਹਾਨ ਚਮਤਕਾਰ ਦੀ ਸਮਝ ਦੇ ਜੋ ਬਹੁਤ ਸਾਰਥਕ ਸਨ ਤੇ ਸਾਰਥਕ ਸਿੱਧ ਵੀ ਹੋਏ। ਪਰ ਇਸ ਅੱਜ ਵਿੱਚ ਚੱਲ ਰਹੀ ਇਸ ਕਲਮ ਦੀ ਸਮਝ ਦਾ ਹੋਰ ਕੁੱਝ ਨਹੀਂ ਹੋਇਆ, ਨਾ ਕੁੱਝ ਵਾਪਰਿਆ। ਬਸ ਸਿਰਫ ਇੱਕ ਅਣਹੋਇਆਂ ਵਰਗੀ ਹਿਲਜੁਲ ਹੀ ਹੋਈ ਜਿਸਨੂੰ ਸਿਰਫ ਗਤੀ, ਤੋਰ ਜਾਂ ਸਿਰਫ ਗਤੀਸ਼ੀਲਤਾ ਆਖ ਸਕਦੇ ਹਾਂ। ਚੁਪ-ਚਾਪ ਸ਼ੂਨਯ ਪਈ ਹੋਂਦ ਵਿੱਚ ਕੁੱਝ ਹੋਇਆ। ਹੋਣ ਵਿੱਚ ਗਤੀ (motion) ਨੇ ਹੋਣਾ ਹੀ ਹੁੰਦਾ ਹੈ। ਹੋਰ ਕੁੱਝ ਵੀ ਨਹੀਂ ਹੋਇਆ, ਇਹ ਸੰਪੂਰਣ ਸੱਚ ਹੈ। ਇਹੋ ਹੀ ਸੱਚ ਹੈ।

ਸੋਚਣ ਵਾਲਿਉ ਫਿਲਾਸਫਰ ਮਿੱਤਰੋ ਜਾਂ ਰੁੱਸੇ ਹੋਏ ਮਿੱਤਰੋ, ਆਉ ਵਿਚਾਰਾਂ ਦੀ ਸਾਂਝ ਪਾਈਏ। ਸਰਵ ਹਿੱਤ ਵਿੱਚ ਇਹੋ ਹੀ ਲੋੜੀਂਦਾ ਹੈ ਤੇ ਜ਼ਰੂਰੀ ਹੈ ਤੇ ਜੇ ਮੰਨੀਏ ਤਾਂ ਇਹ ਫਰਜ਼ ਵੀ ਬਣਦਾ ਹੈ।

ਹੁਣ ਦੂਜੀ ਗੱਲ ਛੇੜੀਏ....

ਗਤੀਸ਼ੀਲਤਾ ਕਾਰਣ ਕੁੱਝ ਥਾਂ ਵਿੱਚ ਚਮਕਦਾਰ ਹਲਕੇ ਸੁਨਹਿਰੇਪਣ ਵਾਲੀ ਜਾਗ੍ਰਿਤ ਜੋਤ ਦੀ ਸਰਵ ਵਿਆਪਕਤਾ ਦੇ ਵਿੱਚ ਹੀ ਇੱਕ ਛੋਟੀ ਜਿਹੀ, ਅਤਿ ਛੋਟੀ ਜਿਹੀ ਥਾਂ 'ਤੇ ਸੋਨੇ ਰੰਗੀ ਭਾਅ ਦਾ ਸੰਘਣੀ ਹੋ ਜਾਣਾ- ਗੂੜ੍ਹੀ ਹੋ ਜਾਣਾ। ਇਸ ਸਰਵ ਵਿਆਪਕ ਹੋਂਦ (existence) ਦੇ ਇੱਕ ਨਿੱਕੜੇ ਜਿਹੇ, ਮਲੂਕ ਜਿਹੇ ਮਹੀਨਤਮ ਦੋ ਅਣੂਆਂ ਦੀ ਸਰਵਪ੍ਰਥਮ ਮਿਲਣ ਦੀ ਕਿਰਿਆ- ਇਹ ਆਦਿਕਾਲੀਨ ਜੋਗ ਦੀ ਕਿਰਿਆ ਦੇ ਵਾਪਰ ਜਾਣ ਦੇ ਸਿੱਟੇ ਵਜੋਂ ਇੱਕ ਵਿਰੋਧ ਖੜ੍ਹਾ ਹੋ ਗਿਆ ਪ੍ਰਾਚੀਨਤਮ ਆਦਿ ਪਲੀ ਵਿਰੋਧ। ਇੱਕ ਮਹੀਨਤਮ ਅਣੂ ਦਾ ਇੱਕ ਮਹੀਨਤਮ ਅਣੂ ਵੱਲ ਹੁੰਦੀ ਗਤੀ ਤੇ ਗਤੀ ਕਾਰਣ ਹੁੰਦੀ ਨੇੜਤਾ ਤੇ ਨੇੜਤਾ ਨਾਲ ਪੈਦਾ ਹੋਣ ਵਾਲੀ ਨਿਵੇਕਲੀ ਵਿਲੱਖਣ ਖਿੱਚ, ਜਿਸ ਨੂੰ ਅਜੇ ਅਸੀਂ ਮਨੁੱਖਾਂ ਨੇ ਕੱਲ ਹੀ gravitational pull ਵਜੋਂ ਨਾਮਕਰਣ ਕੀਤਾ ਹੈ। ਇਹੋ ਹੀ ਪ੍ਰਥਮ ਵਿਰੋਧ ਦਾ ਸਿੱਟਾ ਹੈ ਤੇ ਅਗਲੇਰੇ ਇਤਿਹਾਸਕ ਵਰਤਾਰੇ ਦਾ ਆਧਾਰ ਕਾਰਣ ਵੀ।

ਸਾਂਝੀਆਂ ਸੋਚਾਂ ਦੀ ਫੇਰ ਲੋੜ ਹੈ ਸੋਚਵਾਨ ਸੱਜਣੋ।

****

# Gravitation

## (ਗਰੁਤਾਕਰਸ਼ਨ)

ਸੰਸਾਰ ਦੀ ਸਾਰੇ ਵਿਰੋਧਾਂ ਦੀ ਮਾਂ ਸਿਰਫ gravitational pull ਹੀ ਹੈ। ਸੰਸਾਰ ਦੀਆਂ ਸਭ ਦ੍ਰਿਸ਼ਟੀਮਾਨ ਹੋਂਦਾਂ ਦੀ ਮਾਂ ਗਤੀ (motion) ਹੈ। ਹੋਰ ਜ਼ਿਆਦਾ ਹੈਰਾਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਦੋਨਾਂ ਵਿਚਕਾਰ ਵੀ ਸਦੀਵੀ ਦੁਸ਼ਮਣੀ ਹੈ ਇੱਕ ਦੂਜੇ ਨੂੰ ਇੱਕ ਪਲ ਵੀ ਨਹੀਂ ਸੁਖਾਂਦੀਆਂ।

ਲਿਖੀ ਜਾਂਦੇ ਹੱਥ ਦੀ ਲਿਖਾਈ ਮੇਰੇ ਦਿਮਾਗ ਦੇ ਪੱਲੇ ਨਹੀਂ ਪੈਂਦੀ ਤੇ ਉਹ ਵਿਚਾਰਾ ਕਰ ਵੀ ਤਾਂ ਕੁੱਝ ਨਹੀਂ ਸਕਿਆ। ਹੁਕਮ ਦੇ ਕੇ ਮਸਲ (muscle) ਢਿੱਲੇ ਕਰ ਦਿੱਤੇ ਹੱਥ ਦੇ, ਕਲਮ ਰੁਕ ਗਈ, ਇਹ ਗੱਲ ਸਮਝੋਂ ਹੀ ਬਾਹਰ ਹੋ ਗਈ। ਹੁਣ ਇਸ ਦੇ ਅਰਥ ਤਾਂ ਕੋਈ ਫਕੀਰਾਂ ਦੇ ਸ਼ਾਹ ਸੁਲਤਾਨ ਬਾਹੂ ਦੇ ਹੀ ਕਿਸੇ ਸੂਫੀ ਪੁੱਤਰ ਨੂੰ ਹੀ ਪਤਾ ਹੋਣੇ ਐਂ।

ਸਰਲ ਕੀਤਿਆਂ ਗੱਲ ਇਸ ਤਰ੍ਹਾਂ ਬਣਦੀ ਲੱਗਦੀ ਹੈ ਕਿ ‘10×10’ ਦੇ ਇੱਕ ਕਮਰੇ ਵਿੱਚ ਚਾਰੇ ਦੀਵਾਰਾਂ ਵਿੱਚ ਇੱਕ ਇੱਕ magnet ਲਾ ਦਿਉ ਬਰਾਬਰ ਸ਼ਕਤੀ ਦੇ। ਬਿਲਕੁਲ ਵਿਚਕਾਰ 50% ਸ਼ਕਤੀ ਦਾ magnet (ਮੈਗਨਟ) ਲਗਾ ਦਿਉ ਤੇ ਛੱਤ ਤੇ ਮੈਗਨਟ ਲਗਾ ਦਿਉ, ਉਸ ਸ਼ਕਤੀ ਦਾ ਕਿ ਧਰਤੀ ਦੀ gravitational pull ਸ਼ਕਤੀਹੀਨ ਹੋ ਜਾਵੇ। ਇਸੇ ਕਮਰੇ ਵਿੱਚ ਚਾਰ ਲੋਹੇ ਦੀਆਂ ਚਾਰ ਨਿੱਕੀਆਂ ਗੇਂਦਾਂ ਟੇਬਲ ਤੇ ਇਸ ਤਰ੍ਹਾਂ ਰੱਖੋ ਕਿ ਉਹ ਲੱਕੜੀ ਦੇ ਚਾਰੋਂ ਮੇਜ਼ਾਂ ਤੇ ਚਾਰੇ ਮੈਗਨਟ ਅਤੇ ਦਰਮਿਆਨੇ magnet ਦੇ ਦਰਮਿਆਨੇ ਟਿਕ ਜਾਣ ਲੱਕੜੀ ਦੇ ਪਹਿਲਾਂ ਤੋਂ ਹੀ ਫਿਟ ਕੀਤੀ ਛੜੀ ਨਾਲ ਦਰਮਿਆਨ ਟਿਕਾਏ magnet ਨੂੰ ਇੱਕ ਪਾਸੇ ਛੇੜੋ, ਉਹ ਇਸ ਪਾਸੇ ਨਹੀਂ ਆਵੇਗੀ ਕਿਉਂਕਿ ਦਰਮਿਆਨ ਵਾਲਾ magnet ਅੱਧੀ ਸ਼ਕਤੀ ਦਾ ਹੈ। ਸਗੋਂ ਉਹ ਉਸ ਦੇ ਵਿਰੁੱਧ ਦੀਵਾਰ ਵਿੱਚ ਲੱਗੇ magnet ਵੱਲ ਜਾਵੇਗੀ, ਜ਼ਰੂਰ ਜਾਵੇਗੀ। ਇਹ ਗੱਲ ਤਾਂ ਹਰ ਵਿਗਿਆਨੀ (Scientist) ਨੂੰ ਪਤਾ ਵੀ ਹੈ ਪਰ ਇਸ ਤਜਰਬੇ Experiment ਤੋਂ ਆਪਾਂ ਨੂੰ ਇਹ ਸਮਝ ਪਈ ਕਿ ਗਤੀ (motion) ਆਪਣੇ ਆਪ ਹੀ automatically ਸ਼ੁਰੂ ਹੋ ਗਈ। ਇਸ ਤੋਂ ਆਪਾਂ ਨੂੰ ਇਹ ਸਮਝ ਆ ਗਈ ਕਿ ਗਤੀ (motion) ਦੇ ਹੋਣ ਲਈ ਕੋਈ ਫੈਕਟਰੀਆਂ ਵਿੱਚ ਸਾਡੇ ਬਣਾਏ ਹੋਏ ਇੰਜਣਾਂ ਦੀ ਲੋੜ ਨਹੀਂ, ਨਾ ਹੀ ਮਹਿੰਗੇ ਪੈਟਰੋਲ ਦੀ ਲੋੜ ਹੈ ਤੇ ਨਾ ਹੀ ਹਉਮੈ ਨਾਲ ਗਰਦਣ ਅਕੜਾਈ ਖੜੇ ਮਨੁੱਖ ਦੀ। ਕਹਿਣ ਦਾ ਮਤਲਬ ਇਹ ਹੈ ਕਿ ਇਸ ਸਦੀਵੀ ਵਾਪਰਦੀ ਪ੍ਰਕਿਰਿਆ ਨੂੰ ਸਮਝਦੇ ਇਸ ਨੂੰ ਅਗੰਮੀ ਚਮਤਕਾਰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਅਲਾਹ ਮੀਆਂ ਦਾ ਸ਼ੁਕਰ ਕਰਨਾ ਚਾਹੀਦਾ ਹੈ ਹੋਰ ਅਸੀਂ ਕਰ ਵੀ ਕੀ ਸਕਦੇ ਹਾਂ।

ਇੱਕ ਗੱਲ ਹੋਰ ਕਿ ਜੇਕਰ ਦੋ ਸ਼ਕਤੀਸ਼ਾਲੀ magnets (ਚੁੰਬਕਾਂ) ਦੇ ਦਰਮਿਆਨ ਅਣੂਆਂ ਦਾ ਇਹ ਸਮੂਹ (ਇਕ ਦੂਜੇ ਨਾਲ loosely ਜੁੜਿਆ ਹੋਇਆ) ਰੱਖ ਦਿੱਤਾ ਜਾਵੇ ਤੇ ਚੁੰਬਕਾਂ ਦੀ ਸ਼ਕਤੀ ਵਧਾਈ ਜਾਵੇ ਤਾਂ ਦਰਮਿਆਨ ਦਾ ਰੱਖਿਆ ਅਣੂ ਸਮੂਹ ਵਿਖਰਨ ਲੱਗਦਾ ਹੈ। ਚੁੰਬਕਾਂ ਦੀ ਚੁੰਬਕੀ ਸ਼ਕਤੀ ਦੇ ਖੇਤਰ ਦੀ ਚੁੰਬਕੀ ਸ਼ਕਤੀ ਉਸ ਨੂੰ ਬਿਖੇਰ ਦੇਵੇਗੀ, ਸਿਰਫ ਉਹੋ ਹੀ ਅਣੂ ਬਾਕੀ ਬਚੇਗਾ ਜਿਹੜਾ ਬਿਲਕੁਲ ਵਿਚਕਾਰ ਟਿਕਿਆ ਰਹਿ ਜਾਵੇਗਾ। ਇਸ ਤੋਂ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਬ੍ਰਹਿਮੰਡ ਵਿੱਚ ਜੇਕਰ ਚੁੰਬਕੀ ਸ਼ਕਤੀ ਨਾਲ ਅਣੂ ਜੁੜਦੇ ਤੇ ਬ੍ਰਹਮੰਡੀ ਪਿੰਡ (bodies) ਬਣਦੇ ਜਾਂਦੇ ਹਨ ਤਾਂ ਬ੍ਰਹਮੰਡੀ ਪਿੰਡ ਦੇ ਆਪਸੀ ਨੇੜਤਾ ਤੇ ਦੂਰੀ ਕਾਰਣ ਹੋਰ ਬਣਨ ਤੇ ਬਿਖਰਨ ਟੁੱਟਣ ਦੀ ਕਿਰਿਆ ਵੀ ਹੁੰਦੀ ਰਹਿੰਦੀ ਹੈ ਤੇ ਆਪਾਂ ਤਾਂ ਇਸ ਪਰਥਾਂਏ ਇਹ ਹੀ ਆਖ ਸਕਦੇ ਹਾਂ–

“ਕਰੇ ਕਰਾਏ ਆਪੇ ਆਪ
ਮਾਨਸ ਕੈ ਕਿਛ ਨਾਹੀ ਹਾਥੁ ॥”

ਬੱਲੇ! ਬੱਲੇ!! ਵਾਹ! ਵਾਹ!! ਕਹੇ ਬਿਨਾਂ ਕੋਈ ਬੰਦਾ ਕਿਵੇਂ ਰਹਿ ਸਕਦਾ ਹੈ।

ਇਹ ਕੁੱਝ ਅਨਾਦੀ ਕਾਲ ਤੋਂ ਚੱਲਦਾ ਆਇਆ ਹੈ ਤੇ ਚੱਲਦਾ ਹੀ ਜਾਂਦਾ ਹੈ ਬੱਸ ਚੱਲਦਾ ਹੀ ਚੱਲਦਾ ਹੈ।

ਇਥੇ ਆਪਾਂ ਵਿਸਥਾਰ ਨਹੀਂ ਕਰ ਸਕਦੇ। ਪਰ ਜੇਕਰ ਤੁਸੀਂ ਲੋੜ ਮਹਿਸੂਸ ਕਰੋ ਤਾਂ ਰੂਸੀ ਸਾਇੰਸਦਾਨਾਂ ਦੀਆਂ ਕਿਤਾਬਾਂ ਪੜ੍ਹ ਲਵੋ ਜਾਂ ਇਕੱਲੀ ਕਿਤਾਬ Origin of the Earth ਹੀ ਕਾਫੀ ਹੈ।

ਇਥੇ ਅਗੰਮੀ-ਅਰੰਭੀ ਵਰਤਾਰੇ ਨਾਲ ਜਿਸ ਨੂੰ ਭਾਣਾ ਆਖ ਕੇ ਜ਼ਿਆਦਾ ਸਮਝ ਆ ਜਾਂਦੀ ਹੈ, ਸਮੁੱਚੇ ਬ੍ਰਹਮੰਡ ਵਿੱਚ ਗਰੂਤਾ ਸ਼ਕਤੀ (gravitational pull) ਨਾਲ ਬ੍ਰਹਮੰਡੀ ਪਿੰਡ ਬਣਦੇ ਟਿਕਦੇ ਹਨ। ਗਤੀ (motion) ਕਾਰਣ ਅਣੂ ਤੱਕ ਦਾ ਅੰਦਰੂਨੀ ਤੇ ਧਰਤੀਆਂ ਦਾ ਬਾਹਰੀ ਪ੍ਰਬੰਧ ਚੱਲਦਾ ਹੈ ਪਰ ਇਸ ਵਰਤਾਰੇ ਵਿੱਚ ਕੁੱਝ ਵੀ ਗੋਲ ਚਾਲਾਂ ਵਿੱਚ ਨਹੀਂ ਚੱਲਦਾ। ਚਾਲਾਂ ਦਾ ਕੋਨ ਵੀ $90^0$ ਨਹੀਂ ਹੈ ਇਹ ਸਿਸਟਮ ਵੀ ਅਸਿਮਟਰੀ ਹੈ। ਮਨੁੱਖ ਦੇ ਸਿੱਖੇ ਤੇ ਘੜੇ ਫਾਰਮੂਲਿਆਂ ਅਨੁਸਾਰ ਸੰਪੂਰਣ ਰੂਪ ਵਿੱਚ ਠੀਕ ਕੁੱਝ ਵੀ ਨਹੀਂ ਵਾਪਰਦਾ ਪਰ ਫੇਰ ਵੀ ਅਸੰਖਾ ਸਾਲਾਂ ਤੋਂ ਇਹ ਪ੍ਰਬੰਧ ਚੱਲੀ ਜਾਂਦਾ ਹੈ। ਇਹ ਅਚੰਭਾ ਹੈ ਤੇ ਇਹੋ ਹੀ ਚਮਤਕਾਰ ਹੈ। ਇਹੋ ਮਨੁੱਖੀ

ਹਉਮੈ ਨੂੰ ਨਕੇਲ ਪਾਉਣ ਦਾ ਆਖਰੀ ਹਥਿਆਰ ਹੈ। ਸੋਚੋਗੇ- ਸੋਚੀ ਜਾਉਗੇ- ਸੋਚ ਸੋਚ ਵਿੱਚ ਥਕ ਜਾਉਗੇ "ਆਖਰ ਪੁੱਤ ਜਗਜੀਤਿਆ, ਮੁੜ ਹੱਟੀ ਬਹਿਣਾ" ਇੰਜ ਵੀ ਤਾਂ ਆਖ ਸਕਦੇ ਹਾਂ "ਆਖਰ ਪੁੱਤ ਜਗ ਘੁੰਮਿਆ ਮੁੜ ਹੱਟੀ ਬਹਿਣਾ" ਗੱਲ ਦੀ ਪਕੜ ਕਰੀਏ ਤੇ ਅਨੰਦਿਤ ਹੋ ਜਾਈਏ।

ਇੰਜ ਅਣੂਆਂ ਦੇ ਮਹੀਨਤਮ ਹਿੱਸਿਆਂ ਦੇ ਆਪਸੀ ਜੋਗਾਂ ਤੋਂ ਵੱਖੋ ਵੱਖਰੀਆਂ ਮਿੱਟੀਆਂ, ਪੱਥਰੀਆਂ, ਰੰਗ ਬਰੰਗੀਆਂ ਪਦਾਰਥਕ ਹੋਂਦਾਂ ਤੇ ਤਰਲ ਵਸਤੂਆਂ ਦੀ ਬਣਤਰ ਦੀ ਕਹਾਣੀ ਕਰਦਿਆਂ ਜਾਂ ਸੁਣਦਿਆਂ ਅਸ਼! ਅਸ਼!! ਹੀ ਕਰ ਸਕੀਦਾ ਹੈ ਤੇ ਫੇਰ ਉਹ ਦਿਨ ਵੀ ਤਾਂ ਚੜ੍ਹਦਾ ਹੈ ਜਦੋਂ ਅਣੂ ਜੀਵਤ ਹੋ ਜਾਂਦਾ ਹੈ ਜਿਸਨੂੰ ਸਮਝਦਾਰ ਜੀਵ ਵਿਗਿਆਨੀ ਅਮੀਬਾ ਸੱਦਦੇ ਹਨ। ਇਸ ਤੋਂ ਅੱਗੇ ਕਥਾ ਦਾ ਰਸ ਰੰਗ ਹੀ ਬਦਲ ਜਾਂਦਾ ਹੈ।

ਅਮੀਬਾ ਤੋਂ ਮਨੁੱਖ ਬਣਦੇ ਜੀਵ ਦੇ ਸਫਰ ਦੀ ਕਹਾਣੀ ਕਈ ਵਾਰ ਸਮਝੀ ਸਮਝਾਈ ਗਈ ਹੈ, ਕੈਸਿਟਾਂ ਵਿੱਚ ਵੀ ਦਰਜ ਹੈ ਤੇ ਉਂਝ ਵੀ ਜ਼ਿਕਰ ਆਉਂਦਾ ਹੈ, ਅਸੀਂ ਜੇਕਰ ਗੁਣਾਂ ਲਈ ਤਮੋਗੁਣ, ਰਜੋਗੁਣ, ਸਤੋਗੁਣ ਤੇ ਸਹਿਜ ਦਾ ਚੌਮੁਖੀਆ ਦੀਵਾ ਜਗਾਉਂਦੇ ਹਾਂ ਤਾਂ ਅੰਡਜ, ਜੇਰਜ, ਸੇਤਜ, ਉਤਭੁਜ ਦੀ ਉਤਪਤੀ ਦੇ ਚੌਰਸਤੇ ਦੀ ਵੀ ਗੱਲ ਕਰ ਦਿੰਦੇ ਹਨ। ਅਮੀਬਾ ਦੀ ਆਮਦ ਆਬ ਦੀ ਆਮਦ ਕਾਰਣ ਹੋਈ। ਆਬ ਨੇ ਖੁਸ਼ਕ ਅਣੂਆਂ ਸੰਗ ਪਿਆਰ ਪਾਇਆ ਤਾਂ ਅਮੀਬਾ ਆਇਆ। ਇੱਕ ਹੋਰ ਨਵੀਂ ਗੱਲ ਛਿੜ ਗਈ।

ਸਿੱਟੇ ਵਜੋਂ ਅਣੂ ਵਿੱਚ ਆਈ ਪਾਣੀ ਦੀ ਤਰਲਤਾ ਕਾਰਣ ਗੁਣਾਂ ਦਾ ਵਾਧਾ ਹੋਇਆ। ਹੁਣ ਮੂਲ ਪ੍ਰਵਿਰਤੀਆਂ (Basic instincts) ਫੁਟ ਨਿਕਲੀਆਂ ਜਿਨ੍ਹਾਂ ਕਾਰਣ ਸੂਖਮ ਰੂਪੀ ਮਨ ਜਾਗਿਆ। ਇਸੇ ਨਵੇਂ ਉਡਾਅ-ਵਿਕਾਸ ਮੁਖੀ ਪਰਿਵਰਤਨ ਦਾ ਕਾਰਣ ਬਣੀ ਅਜੇ ਤੱਕ ਸੁੱਤੀ ਪਈ ਆਤਮਾ (ਚੇਤੰਨ ਸੱਤਾ) ਨੇ ਅੰਗੜਾਈ ਲਈ ਤੇ ਅੱਖਾਂ ਖੋਲ੍ਹਣ ਲੱਗੀ। ਸਾਡੀ ਸੋਹਣੀ ਸੁਨੱਖੀ ਆਦਰਸ਼ ਜਹੀ-ਆਤਮਾ। ਧਰਤੀ ਤੇ ਜੀਵਨ ਦਾ ਵਿਕਾਸ ਜਿਸ ਵਿੱਚ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਗੁੰਝਲਦਾਰ ਮਨੋਸਥਿਤੀਆਂ ਦੀ ਉਤਪਤੀ ਸੰਭਵ ਹੋਈ ਹੈ ਤੇ ਜਿਸ ਵਿੱਚ ਮੰਜ਼ਿਲ ਵਜੋਂ ਆਤਮਾ ਖੜ੍ਹੀ ਹੈ ਦੀ ਚਰਚਾ ਹੀ ਜੀਵਤ ਹੋਂਦਾਂ ਦਾ ਮਨੁੱਖ ਦਾ ਇਤਿਹਾਸ ਹੈ।

✶✶✶✶

# ਸ਼ਕਤੀ ਅਤੇ ਸਰੀਰ

ਸਰੀਰ ਬਣਨ ਵੇਲੇ ਸਥੂਲ ਬਣਨ ਤੇ ਚੇਤਨਤਾ/ਆਤਮਾ ਤਤੂ ਨਾਲ ਨਹੀਂ ਚੱਲਦੀ। ਇਸ ਨੂੰ ਇੰਜ ਵੀ ਆਖ ਸਕਦੇ ਹਾਂ ਕਿ ਪਦਾਰਥ (matter) ਦੀ ਸਥੂਲਤਾ ਸ਼ਕਤੀ (energy) ਦਾ ਇੱਕ ਕੇਂਦਰ ਮੰਨ ਕੇ ਸੰਘਣੇ (Condense) ਅਤੇ ਇਸ ਸਹਿਜ ਧੀਮੀ ਪਰਿਵਰਤਨ ਵਿੱਚ ਸੰਘਣੇ ਦਰ ਸੰਘਣੇ ਐਨੇ ਹੋ ਜਾਣਾ ਕਿ ਦ੍ਰਿਸ਼ਟੀਯੋਗ ਹੋ ਜਾਣਾ ਤੇ ਇਸੇ ਪ੍ਰਕਿਰਿਆ ਵਿੱਚ ਚੇਤਨਤਾ ਦਾ ਉਸੇ ਹੀ ਸਹਿਜਤਾ ਨਾਲ ਅਲੋਪ ਹੋ ਜਾਣਾ ਵਾਪਰਦਾ ਹੈ। ਇਹ ਤਾਂ ਇਉਂ ਲੱਗਦਾ ਹੈ "ਜੈਸੀ ਮੈਂ ਆਵੇ ਖਸਮ ਕੀ ਬਾਣੀ" ਪਰ ਸੱਚ ਖਸਮ ਹੀ ਜਾਣੇ, ਕੋਈ ਦਾਅਵਾ ਨਹੀਂ।

ਜਲ ਤੇ ਥਲ ਦੀ ਬਣਤਰ ਤੇ ਪਿਛੋਂ ਜਦੋਂ ਜਲ ਵਿੱਚ ਕੋਈ ਅਣੂ ਜੀਵਤ ਹੁੰਦਾ ਹੈ, ਨਾਲ ਹੀ ਉਸ ਦੀ ਜਾਗ੍ਰਿਤੀ ਵੀ ਆਰੰਭ ਹੋ ਜਾਂਦੀ ਹੈ, Divine law of evolution ਵਿੱਚ ਇਸਨੂੰ ਆਤਮਾ ਦੇ ਜਨਮ ਹੋਣ ਵਜੋਂ ਯਾਦ ਕੀਤਾ ਗਿਆ ਹੈ।

ਵਿਕਾਸ ਦੇ ਅਗੰਮੀ ਸਿਧਾਂਤ ਨੂੰ ਵਿਸਥਾਰ ਨਾਲ ਵਿਚਾਰਦਿਆਂ ਅਸੀਂ ਸ਼ਕਤੀ (energy) ਦੇ ਸੂਖਮ ਤੋਂ ਸਥੂਲ ਰੂਪ ਵਿੱਚ ਪਰਿਵਰਤਿਤ ਹੋਣ ਦਾ ਜ਼ਿਕਰ ਕੀਤਾ ਸੀ ਤੇ ਚੇਤੰਨ ਸੱਤਾ ਵਿਚੋਂ ਅਗੰਮੀ ਸਿਧਾਂਤ (ਭਾਣਾ) ਦੇ ਵਰਤਾਰੇ ਵਜੋਂ ਚੇਤਨਤਾ ਦੇ ਨਿਖੇੜ ਦਾ ਤੇ ਸੱਤਾ ਦੇ ਅਣੂਆਂ ਵਿੱਚ ਬਦਲਣ ਦਾ ਜ਼ਿਕਰ ਕੀਤਾ ਸੀ। ਚੇਤਨਤਾ ਦੇ ਜਾਣ ਦੇ process (ਪ੍ਰਕਿਰਿਆ) ਵਿੱਚ ਅਣੂ ਵਿੱਚ ਸੁਤੇ ਹੀ ਆਕਰਸ਼ਣ ਸ਼ਕਤੀ ਦਾ ਸਹਿਜ ਹੀ ਪੈਦਾ ਹੋਣਾ ਤੇ ਇਸੇ ਖਿੱਚ ਸ਼ਕਤੀ ਦੇ ਜ਼ੋਰ ਕਾਰਣ ਅਣੂਆਂ ਦਾ ਇੱਕ ਦੂਜੇ ਨਾਲ ਜੁੜਨਾ ਤੇ ਛੋਟੇ ਅਣੂ ਸਮੂਹ ਦਾ ਲਗਾਤਾਰ ਵੱਡੇ ਵਿੱਚ ਵਧਦੇ ਜਾਣ ਤੇ ਛੋਟੇ ਦਾ ਵੱਡੇ ਆਕਾਰ ਦੀ ਸ਼ਕਤੀਸ਼ਾਲੀ ਖਿੱਚ ਕਾਰਣ ਖਿੱਚੇ ਜਾਣ ਦਾ ਜ਼ਿਕਰ ਕੀਤਾ ਸੀ। ਸੰਪੂਰਣ ਬ੍ਰਹਿਮੰਡ ਵਿੱਚ ਇਸ ਵਰਤਾਰੇ ਦਾ ਲਗਾਤਾਰ ਹੋਣਾ ਤੇ ਹੁੰਦੇ ਰਹਿਣ ਕਾਰਣ ਤੇ ਸਿੱਟੇ ਵਜੋਂ ਵੱਖੋ ਵੱਖ ਗ੍ਰਹਾਂ ਉਪ ਗ੍ਰਹਿਆਂ ਦਾ gravitational pull ਕਾਰਣ ਵੱਖੋ ਵੱਖਰੀਆਂ ਸਥਿਤੀਆਂ ਤੇ ਟਿਕਵਾਂ ਇੱਕ ਅਗੰਮੀ ਵਰਤਾਰਾ ਹੈ ਜਿਸ ਵਿੱਚ plus something ਦੇ ਅਲੱਖ ਸਿਧਾਂਤ ਅਨੁਸਾਰ ਜਿਸ ਦਾ ਆਧਾਰ ਹਰ ਇੱਕ ਅਣੂ, ਪ੍ਰਮਾਣੂ, ਧਰਤੀਆਂ, ਸੂਰਜਾਂ ਦੀ ਅੰਤਰ ਗਤੀ ਤੇ ਬਾਹਰੀ ਬ੍ਰਹਿਮੰਡ ਵਿੱਚ ਗਤੀਸ਼ੀਲਤਾ ਕਾਰਣ ਅਸਚਰਜ ਜਨਕ ਘਟਨਾਵਾਂ ਦਾ ਵਾਪਰਨਾ ਤੇ ਗ੍ਰਹਾਂ, ਉਪਗ੍ਰਹਾਂ ਦੇ ਤਲਾਂ ਤੇ ਬ੍ਰਹਿਮੰਡ ਵਿੱਚ ਹੁੰਦੀਆਂ ਖਿੱਚਾਂ ਤੇ ਗਤੀਆਂ ਕਾਰਣ ਹੁੰਦੀਆਂ ਘਟਨਾਵਾਂ ਕਾਰਣ ਤਬਦੀਲੀਆਂ ਦਾ ਵਾਪਰਨਾ ਤੇ ਸਰਵ ਬ੍ਰਹਿਮੰਡਾਂ ਦੀ ਸਦਨਵੀਨੀਕਰਣ ਦੀ ਲਗਾਤਾਰ ਪ੍ਰਕਿਰਿਆ ਦਾ ਵਾਪਰਨਾ ਸਾਡੇ ਇਤਿਹਾਸ ਦਾ ਹਿੱਸਾ ਹੈ। ਇਹ ਇਤਿਹਾਸਕਤਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਲਈ ਆਪਾਂ ਸਾਰੇ ਹੀ ਸਾਧਾਰਣ ਵਿਅਕਤੀ ਆਪਣਾ ਜ਼ਿਆਦਾ ਸਮਾਂ ਨਾ ਲਾਈਏ। ਜੋ ਸੱਜਣ ਲੋੜ ਸਮਝਣ, ਉਹ ਆਧੁਨਿਕ ਭੌਤਿਕ ਵਾਦੀਆਂ ਨੂੰ ਉਸ ਮਹਾਨ ਵਿਗਿਆਨੀ, ਡਾਰਵਿਨ ਨੂੰ ਪੜ੍ਹ ਲੈਣ। ਪਰ ਜਿੱਥੇ ਜਾ ਕੇ ਸਾਡਾ ਤੁਅੱਲਕ ਜ਼ਿਆਦਾ ਹੀ ਨੇੜੇ ਦਾ ਹੋ ਜਾਂਦਾ ਹੈ, ਆਪਾਂ ਉਥੋਂ ਆਪਣੀ ਲੋੜ ਕਾਰਨ ਆਰੰਭ ਕਰ ਦਿੰਦੇ ਹਾਂ।

## ਸ਼ਾਕਸੀ (Witness)

ਸ਼ਾਕਸੀ ਦਾ ਪ੍ਰਗਟਾਅ ਉਸੇ ਸਥਿਤੀ ਵਿੱਚ ਹੁੰਦਾ ਹੈ ਜਦੋਂ ਅਣੂ (ਮਨੁੱਖ) ਜੀਵਾਤਮਾ ਆਪਣੇ ਪੰਜ ਸਵਾਦਾਂ ਤੇ ਨਿਰਣਾਇਕ ਵਿਜੇ ਪ੍ਰਾਪਤ ਕਰ ਲਵੇ ਤੇ ਇਨ੍ਹਾਂ ਦੀ ਲੋੜ ਆਧਾਰਿਤ ਵਰਤੋਂ ਕਰਨ ਦੇ ਸਮਰੱਥ ਹੋਵੇ ਤੇ ਸਵਾਮੀ ਹੋ ਨਿਬੜੇ। ਉਸ ਸਥਿਤੀ ਵਿੱਚ ਸ਼ਾਕਸੀ ਭਾਵ ਸਰੀਰ ਸ਼ਾਖਸੀ ਹੋਂਦ ਦਾ ਪ੍ਰਗਟਾਅ ਹੁੰਦਾ ਹੈ ਤੇ ਉਹ ਆਦਰਸ਼ ਵਜੋਂ ਦਿਸ਼ਾ ਨਿਰਦੇਸ਼ ਸਹਿਜ ਭਾਵ ਨਾਲ ਹੀ ਦੇਣਾ ਸ਼ੁਰੂ ਕਰ ਦਿੰਦਾ ਹੈ।

****

# ਕੁੰਡਲਿਨੀ ਤੇ ਕੁੰਡਲਿਨੀ ਜਾਗਰਿਤੀ

ਆਖਰ ਇਹ ਕੁੰਡਲਿਨੀ ਕੀ ਬਲਾ ਹੈ ? ਬਲਾ ਇਸ ਲਈ ਕਹਿੰਦੇ ਹਾਂ ਕਿ ਹਰ ਕੋਈ ਸੰਤ, ਸਾਧ ਤਾਂ ਬਣਦਾ ਨਹੀਂ ਕਿ ਅਨੁਭਵ ਤੇ ਪ੍ਰਕਾਸ਼ ਦੇ ਖੇਤਰ ਵਿੱਚ ਜਾਵੇ ਤੇ ਸੱਚ ਦਾ ਅਨੰਦ ਅਨੁਭਵ ਕਰੇ। ਬੱਸ ਕੁੱਝ ਪੁਰਾਤਨ ਗ੍ਰੰਥਾਂ ਦਾ ਅਧਿਅਨ ਕਰਕੇ ਜਾਂ ਪ੍ਰਵਚਨਾਂ ਦੀਆਂ ਟੇਪਾਂ ਸੁਣ ਸੁਣਾ ਕੇ ਬਾਣਾ ਧਾਰਨ ਕਰ ਲੈਂਦਾ ਹੈ ਤੇ ਸੱਚ ਦੀ ਖੋਜ ਨਹੀਂ ਕਰਦਾ। ਕੁੰਡਲਿਨੀ ਦਾ ਸੰਕਲਪ ਸੁਆਦ ਭਰਪੂਰ ਹੈ ਤੇ ਜਣਾ ਖਣਾ ਕੰਨ-ਰਸ ਵਿੱਚ ਉਲਝ ਜਾਂਦਾ ਹੈ ਕਿਉਂਕਿ ਇਹ ਮਿੱਠੀਆਂ-ਮਿੱਠੀਆਂ ਕਾਮੁਕ ਗੱਲਾਂ ਚੰਗੀਆਂ ਲੱਗਦੀਆਂ ਹਨ। ਬਿਹਾਰੀ ਦੀ ਸੱਤ-ਸਈ, ਵਾਰਸ ਦੀ ਹੀਰ ਦੇ ਨਵੇਂ ਗ੍ਰੰਥ ਤੇ ਸ਼ਿਵ ਦੀ ਲੂਣਾ ਦੀ ਲੋਕ ਪ੍ਰਸਿੱਧੀ ਵਿੱਚ ਉਪਰੋਕਤ ਮਨੋਵਿਗਿਆਨਕ ਸਚਾਈ ਵੀ ਜ਼ਿੰਮੇਵਾਰ ਹੈ। ਪਰ ਬਿਹਾਰੀ ਦੀ, ਵਾਰਸ ਦੀ ਤੇ ਸ਼ਿਵ ਬਟਾਲਵੀ ਦੀ ਸਾਹਿਤਕ ਮਾਨਤਾ ਨੂੰ ਸਲਾਮ ਕਰਦਾ ਹਾਂ। ਸ਼ਿਵ ਦਾ ਲੋਕਪ੍ਰਿਅ ਸ਼ੇਅਰ ਤਾਂ ਏਹੋ ਹੀ ਹੈ

ਮੈਂ ਅੱਗ ਟੁਰੀ ਪਰਦੇਸ
ਇਕ ਹਿਕੜੀ ਮੇਰੇ ਹਾੜ ਤਪੇਂਦਾ
ਦੂਜੀ ਤਪਦਾ ਜੇਠ
ਨੀ ਮੈਂ ਅੱਗ ਟੁਰੀ ਪਰਦੇਸ॥

ਜਿਸ ਗੰਭੀਰ ਵਿਚਾਰ ਲਈ ਉਪਰੋਕਤ ਕਹਾਣੀ ਪਾਈ ਹੈ ਕਿ ਸ਼ਕਤੀ ਮਾਂ (ਸ਼ਿਵ ਜੀ ਦੀ ਅਰਧਾਂਗਣੀ) ਜਦੋਂ ਬ੍ਰਹਿਮੰਡ ਦੀ ਰਚਨਾ ਦੀ ਆਕਾਰ ਸਿਰਜਕ ਬਣਦੀ ਹੈ ਤਾਂ ਇਸ ਕਾਰਜ ਸਿੱਧੀ ਲਈ ਆਪੇ ਦੇ ਇੱਕ ਹਿੱਸੇ ਨੂੰ ਵੱਖਰਾ ਤਖੱਲਸ ਦੇ ਦਿੰਦੀ ਹੈ ਤੇ ਸੰਸਾਰ-ਸਿਰਜਕ-ਸ਼ਕਤੀ ਵਜੋਂ ਵੱਖਰਾ ਨਾਮਕਰਣ ਹੋ ਜਾਂਦਾ ਹੈ ਤੇ ਮਾਇਆ (Illusion) ਵਜੋਂ ਕਾਰਜਸ਼ੀਲ ਰਹਿੰਦੀ ਹੈ। ਬਿੰਦ (ਸਿਰਜਣ ਸ਼ਕਤੀ) ਤੇ ਨਾਦ (ਸ਼ਬਦ ਜੋਤ) ਵਜੋਂ ਰਚਨਾ ਕਰਦੀ ਹੈ ਤੇ ਨਵੇਂ ਗੁਣ ਗ੍ਰਹਿਣ ਕਰਦੀ ਹੈ। ਇਹ ਕੁੰਡਲਿਨੀ (Vital power) ਅਖਵਾਉਂਦੀ ਹੈ ਜਿਸ ਵਿੱਚ ਬਿੰਦ ਰੂਪੀ ਕਾਮ-ਸ਼ਕਤੀ ਤੇ ਨਾਦ ਰੂਪੀ ਕੋਮਲ ਕਲਾਵਾਂ ਹੁਨਰਾਂ ਦੀ ਸ਼ਕਤੀ ਆਪਣੇ ਆਪ ਤੇ ਮਿਸ਼ਨਾਂ ਦੀ ਪੂਰਤੀ ਲਈ ਜੁੜ ਬੈਠਦੇ ਹਨ। ਸਪੱਸ਼ਟ ਕਰਨ ਲਈ ਇੰਜ ਆਖ ਸਕਦੇ ਹਾਂ ਕਿ ਨਾਦ ਖੇਤਰ ਵਿੱਚ ਕੱਚੀ ਬਾਣੀ (ਗੁਰਬਾਣੀ ਦੇ ਸੰਦਰਭ ਵਿਚ) ਲੱਚਰ ਸਾਹਿਤ, ਗੁਫ਼ਾਵਾਂ ਦੇ ਬੁੱਤ, ਨੰਗੇਜ ਭਰਪੂਰ ਚਿੱਤਰ ਤੇ ਕਾਮੁਕ ਨਾਚ ਤੇ ਖਚਰੇ ਬੋਲ ਤੇ ਮਨੁੱਖਾਂ ਤੇ ਜੀਵਾਂ ਦੀ ਹਵਸ ਜੋ ਜੰਗਲ ਦੀ ਅੱਗ ਤੇ ਸੁਨਾਮੀ ਦੇ ਹੜਾਉਂਦੇ ਪਾਣੀਆਂ ਵਾਂਗ ਫੈਲਦੀ ਹੈ। ਇਸ ਦਾ ਅਧਿਕਾਰ ਖੇਤਰ ਮਨੁੱਖੀ ਦੇਹ ਦਾ ਅਰਧ ਭਾਗ (ਹੇਠਲਾ ਹਿੱਸਾ) ਹੈ ਜਦੋਂ ਕਿ ਉਰਧ ਭਾਗ (ਉੱਪਰਲਾ ਹਿੱਸਾ) ਚੰਦ ਦੀ ਚਮਕ ਰੱਖਦਾ ਹੈ। ਸਿਆਣੇ ਲੋਕ, ਰੱਬ ਦੇ ਬੰਦੇ, ਸਾਡੇ ਰਹਿਬਰ, ਗੁਰਪੀਰ, ਪੈਗੰਬਰ ਸੱਚ ਦੇ ਕਰਿੰਦੇ ਸਹਿਜ ਦੀ, ਅਨੁਸ਼ਾਸਨ ਦੀ ਤੇ ਸੰਕੋਚ ਦੀ ਸੋਚ ਤੇ ਸਮਝ ਦਿੰਦੇ ਹਨ। ਜਦੋਂ ਕਿ ਕਈ ਸ਼ੈਤਾਨ (ਭਗਵਾਨ ਦਾ ਵਿਰੋਧੀ) ਦੇ ਤਨਖਾਹਦਾਰ ਗੁਲਾਮ, ਆਚਾਰੀਆ ਰਜਨੀਸ਼ ਵਾਂਗ ਭਗਵਾਨ ਕਹਾਉਂਦੇ ਭਗ ਭਗਤ- ਸੰਤੁਸ਼ਟਤਾ ਦਾ ਪਾਠ ਪੜ੍ਹਾਉਂਦੇ ਹਨ। ਲੋਕਾਂ ਨੂੰ ਅਖੌਤੀ ਅਧਿਆਤਮਕ ਗਿਆਨ ਦੇ ਭੰਬਲ ਭੂਸੇ ਵਿੱਚ ਪਾ ਕੇ ਕਿਤੇ ਦੇ ਨਹੀਂ ਛੱਡਦੇ। ਨਾ ਉਹ ਰੱਬ ਦੇ ਬਣਦੇ ਹਨ ਨਾ ਜੱਗ ਉਨ੍ਹਾਂ ਨੂੰ ਸਾਂਭਦਾ ਹੈ। ਗਾਲਾਂ ਕੱਢਦੇ ਤੇ ਗਾਲਾਂ ਸੁਣਦੇ, ਨਿੱਤ ਨਵਾਂ ਨਾਮ ਧਰਾਉਂਦੇ, ਮਿੱਟੀ ਹੋ ਮਿੱਟੀ ਵਿੱਚ ਜਾ ਸਮਾਉਂਦੇ ਹਨ। ਅੰਗਰੇਜ਼ੀ ਸਾਹਿਤ ਵਿੱਚ ਇੱਕ ਨਾਟਕ ਹੈ Doctor Faustus by Marlowe ਜਿਸ ਵਿੱਚ ਨਾਇਕ ਆਪਣੀ ਆਤਮਾ ਸ਼ੈਤਾਨ ਹੱਥ ਵੇਚਦਾ ਹੈ। ਉਹ ਪੜ੍ਹੋ ਤੇ ਇਨ੍ਹਾਂ ਦੇ ਅੰਤਹਕਰਣ ਦੀ ਦੁਰਗਤੀ ਸਮਝੋ।

ਤੰਤਰਵਾਦ ਭਾਵੇਂ ਉਹ ਬੋਧੀ, ਜੈਨੀ ਜਾਂ ਜੋਗੀਆਂ ਵਾਲਾ ਹੋਵੇ। ਕਿਸੇ ਸੁੰਦਰ ਬਾਲਾ ਦੀ ਖੋਜ ਕਰਨ ਉਪਰੰਤ ਭੇਖੀ ਸੰਤ ਜਾਂ ਜੋਗੀ ਆਪਣੇ ਝੂਠੀ ਵਰਤੋਂ ਨਾਲ ਸੁੱਚੇ ਸਲੋਕਾਂ ਨੂੰ ਜੂਠੇ ਕਰਕੇ ਧਾਰਮਿਕ ਰਸਮਾਂ ਰਿਵਾਜਾਂ ਨਾਲ ਸ਼ਿੰਗਾਰ ਕਰਦੇ ਹਨ।

ਸਹਿਜਧਾਰਾ ਸਤਿਸੰਗ ਦੇ ਪਰਚੇ ਜੀਵਨ-ਜਾਚ ਸਬੰਧੀ ਧਾਰਮਕ ਸੇਧਾਂ ਵਿੱਚ ਵਰਣਿਤ ਕੰਨਾਂ ਦੇ ਕੱਚੇ, ਅਕਲ ਦੇ ਥੋਥੇ, ਪਿਛਲੱਗ ਚੇਲੇ ਉਸ ਵਿਚਾਰੀ ਕੁਆਰੀ ਨੂੰ ਮੱਥਾ ਟੇਕਦੇ ਹਨ, ਪੈਸੇ ਭੇਂਟ ਕਰਦੇ ਹਨ, ਤੋਹਫੇ ਦਿੰਦੇ ਹਨ ਤੇ ਇਹ ਸਾਰੇ ਝੂਠੇ ਤੇ ਝੂਠ ਦੇ ਪੁਲੰਦੇ ਉਸ ਨਿੱਕੀ ਪਵਿੱਤਰ ਕੰਨਿਆ ਦੀ ਬੁੱਧੀ ਫੇਰ ਦਿੰਦੇ ਹਨ। ਇਸ ਤਰ੍ਹਾਂ ਉਹ ਜਿਉਂਦੀ ਕੁੜੀ ਤੋਂ ਇੱਕ ਵਰਤਣ ਦੀ ਚੀਜ਼ ਵਿੱਚ ਵਟ ਜਾਂਦੀ ਹੈ ਜਿਸ ਨੂੰ ਇੱਕ ਸਾਧ-ਝੋਟਾ ਟੱਕਰਾਂ ਮਾਰ ਮਾਰ ਕੇ ਅਧਮੋਈ ਕਰ ਦਿੰਦਾ ਹੈ। ਇਸ ਖਿੱਚ ਧੂਹ ਵਿੱਚ ਇੱਕ ਪਲ ਆਉਂਦਾ ਹੈ ਜਿਸ ਨੂੰ ਮਨੋਵਿਗਿਆਨੀ ਆਪਾ-ਭੁੱਲ-ਪਲ ਦਾ ਨਾਮ ਦਿੰਦੇ ਹਨ। ਜਿਸ ਨੂੰ ਇਹ ਭੇਖੀ ਸਾਨ੍ਹ ਤੇ ਕਚ ਘਰੜ ਵਿਕਾਊ ਪਾੜ੍ਹੇ, ਅਧਿਆਤਮ ਪ੍ਰਾਪਤੀ ਦੀ ਚਰਮ ਸੀਮਾ ਗਰਦਾਨਦੇ ਹਨ।

ਸਿਆਣਿਓ! ਅੱਖੜ ਤੇ ਰੜਕਵੇਂ ਸ਼ਬਦਾਂ ਦੀ ਵਰਤੋਂ ਵੱਲ ਨਾ ਜਾਈਏ, ਅਰਥਾਂ ਦੀ ਪਕੜ ਕਰੀਏ।

ਜਦੋਂ ਗੋਰਖਨਾਥ ਜੋਗੀਸ਼ਵਰ ਰਚਿਤ ਗੋਰਖ ਬੋਧ ਪੜ੍ਹਦੇ ਹਾਂ ਤੇ ਸਵਾਲ/ਜਵਾਬ ਵਿੱਚ ਪਹੁੰਚਦੇ ਹਾਂ ਤਾਂ ਉਹ ਸੱਪਣੀ ਦੀ ਗੱਲ ਕਰਦਾ ਹੈ।

ਕੁੰਡਲਿਨੀ– Sex Power ਹਿਰਸ, ਸਪਣੀ-ਸ਼ਕਤੀ– ਇਕੋ ਗੱਲ।

ਅਰਧ ਵਿੱਚ ਸ਼ਕਤੀ

ਉਰਧ ਵਿੱਚ ਸ਼ਿਵਾ।

ਪੇਟ ਲਈ ਅੰਨ, ਹਿਰਸ ਲਈ ਬਾਘਿਨੀ (ਔਰਤ ਵਿੱਚ ਆਦਮੀ ਤੋਂ 8 ਗੁਣੀ ਹੁੰਦੀ ਹੈ, ਆਦਮੀ ਸਿਰਫ ਸਾਧਕ ਮਾਤਰ ਹੈ।

ਜਦੋਂ ਸ਼ਕਤੀ ਨੂੰ ਸੱਪਣੀ ਮੰਨਦੇ ਹਾਂ। ਸ਼ਿਵ ਜੀ ਨੂੰ ਸੱਪ ਮੰਨਿਆ ਗਿਆ ਹੈ ਤੇ ਸੱਪ ਨੂੰ ਹਿਰਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਤੇ ਸ਼ਿਵ ਦੇ ਗਲ ਵਿੱਚ ਪਾਇਆ ਜਾਂਦਾ ਹੈ।

ਤਾਂਤਰਿਕਾਂ ਦਾ ਪਿਉ ਮਛੰਦਰ ਨਾਥ ਔਰਤ ਦੀ ਵਰਤੋਂ ਅਧਿਆਤਮਕ ਪ੍ਰਾਪਤੀਆਂ ਲਈ ਕਰਨ ਦੀ ਗੱਲ ਕਰਦਾ ਹੈ। ਇਹ ਸਾਰਾ ਚੱਕਰ ਤੇ ਫਲਸਫਾ ਸਾਧਾਂ ਦੇ ਸਵਾਦ ਪੂਰਤੀ ਨੂੰ ਅਧਿਆਤਮ ਨਾਮ ਦੇਣਾ ਹੀ ਹੈ।

ਬਿੰਦ-ਸ਼ਕਤੀ ਹੀ ਕੁੰਡਲਿਨੀ ਹੈ।

ਕੁੰਡਲਿਨੀ ਜਾਗਰਿਤੀ ਹਵਸ ਨੂੰ ਜਾਗਰਿਤ ਕਰਨ ਦਾ ਧਾਰਮਿਕ ਨਾਮ ਹੈ। - ਕੁੰਡਲਿਨੀ ਜਾਗਰਿਤੀ ਦਾ ਅਰਥ ਹੈ ਕਿ ਬੰਦੇ ਨੇ ਇਸਤਰੀ ਸੰਗ ਸਮੇਂ ਦੀ ਚਰਮ ਸੀਮਾ ਵਿੱਚ ਬਿੰਦ ਦਾ ਪਰਵਾਹ ਇੰਜ ਕੀਤਾ ਜਿਵੇਂ ਕਿ ਇੱਕ ਦੂਜੇ ਨਾਲ ਚੱਕਰਵਾਤ ਲਿਪਟਦੇ ਹਨ, ਸਰਪ ਨੇ ਸਰਪਣੀ ਦੇ ਸਰੀਰ ਵਿੱਚ ਕੀਤਾ। ਇੱਕ Self-forgetfullness (ਸ੍ਵੈ ਭੁਲਾਵੇ) ਦਾ ਅਹਿਸਾਸ ਅਨੁਭਵ ਹੋਇਆ। ਉਹ ਇਸ ਸ੍ਵੈ ਭੁਲਾਵੇ ਨੂੰ ਅਧਿਆਤਮਕ ਅਨੁਭਵ ਦਾ ਭੁਲੇਖਾ ਪਾਉਂਦਾ ਹੈ। ਪਾਗਲ ਚੇਲਿਆਂ ਨੂੰ ਪਾਗਲ ਬਣਾਉਂਦਾ ਹੈ।

**ਹਵਸ** : ਇਹ ਸਾਰਾ ਫਲਸਫਾ ਤੇ ਚੱਕਰ ਸਾਧਾਂ ਦੀ ਸਵਾਦ ਪੂਰਤੀ ਨੂੰ ਅਧਿਆਤਮਕਤਾ ਦੀ ਪਰਾਪਤੀ ਤੇ ਪੂਰਤੀ ਦਾ ਨਾਮ ਦੇ ਕੇ ਓਢਣ ਵਿੱਚ ਚੋਰੀ ਚੋਰੀ ਹਵਸ ਦੀ ਅੱਗ ਬੁਝਾਉਣਾ ਹੈ।

ਗਿਆਨ ਦੇ ਚਾਨਣ ਵਿੱਚ ਅਧਿਆਤਮਕ ਪ੍ਰਾਪਤੀਆਂ ਕੇਵਲ ਦਿਲ ਦੇਣ ਦਾ, ਸਮਰਪਤ ਕਰਨ ਤੇ ਆਦੇਸ਼ ਪਾਲਣਾ ਵਿੱਚ ਹੈ। ਇਹ ਕੁੰਡਲਿਨੀ ਜਾਗਰਿਤੀ ਇੜਾ, ਸ਼ੁਸ਼ਮਨਾ, ਪਿੰਗਲਾ, ਸਰੀਰਕ ਵਿਕਾਸ ਪੰਧ ਦੇ ਪੜਾਉ। ਦਸਮ ਦੁਆਰਾਂ ਵਿੱਚ ਕਲਾਬਾਜੀਆਂ ਜਾਂ ਮੰਤਰ ਰਟਣ ਵਿੱਚ ਨਹੀਂ ਹੈ। ਪੁਰਾਣੇ ਅਚਾਰੀਆ (ਪ੍ਰੋਫੈਸਰ) ਦਿਮਾਗੀ ਸ਼ਰਾਰਤਾਂ ਕਰਦੇ ਹਨ ਤੇ ਕਰਵਾਉਂਦੇ ਹਨ। ਹੱਡ ਮਾਸ ਦੀ ਪਾਲਣਾ ਹੁੰਦੀ ਹੈ ਹੋਰ ਕੁੱਝ ਨਹੀਂ। ਇਹ ਉਤੇਜਨਾ ਬਚਪਨ ਦੇ 12 ਸਾਲ ਤੇ 60 ਸਾਲ ਤੋਂ ਬਾਅਦ ਦੇ ਸਾਲਾਂ ਵਿੱਚ ਕਿਉਂ ਖਤਮ ਰਹਿੰਦੀ ਹੈ। ਰੱਬੀ ਭਾਣਾ ਹੈ ਕਿ ਜੱਗ ਵਿੱਚ ਸੰਸਾਰਿਕਤਾ ਨੂੰ ਜਾਰੀ ਰੱਖਣ ਲਈ ਇਹ ਜ਼ਰੂਰੀ ਹੈ। ਇਸੇ ਲਈ ਇਸ ਦਾ ਧਾਰਮਿਕ ਕੋਈ ਕੰਮ ਨਹੀਂ ਸਿਰਫ ਮਨੁੱਖਤਾ ਨੂੰ ਪੈਦਾ ਕਰਨ ਦਾ ਇੱਕ ਤਰੀਕਾ ਹੈ। ਪੁਰਾਤਨ ਸਮੇਂ ਵਿੱਚ ਭਾਰਤੀ ਔਰਤ ਦੀ ਕਬੀਲੇ ਵਿੱਚ ਸਰਦਾਰੀ– West ਦਾ Single Parent (ਮਾਤਾ) ਦਾ ਤੌਰ ਤਰੀਕਾ ਇਲਮ ਸੂਚਕ ਹੈ। ਅਧਿਆਤਮਕ ਉਠਾਓ ਲਈ ਇਸ ਮਨੁੱਖ ਰਚਨਾ ਲਈ ਵਰਤੀਦੀ ਪ੍ਰਾਕਿਰਤਕ ਸ਼ਕਤੀ ਨੂੰ ਸਿੱਧੇ ਤੌਰ 'ਤੇ ਵਰਤਣਾ ਲੋਕਾਂ ਨੂੰ ਬੇਵਕੂਫ ਬਣਾਉਣ ਤੇ ਆਪ ਉੱਲੂ ਬਣਨ ਤੋਂ ਵਧ ਕੁੱਝ ਨਹੀਂ- ਹਾਂ ਇਸ ਸ਼ਕਤੀ ਦੀ transformation ਅਧਿਆਤਮਕ ਰਸ ਵਿੱਚ ਸਹਿਜ, ਸੋਹਜ ਤੇ ਅਨੁਸਾਸਨ ਪੈਦਾ ਕਰਦੀ ਹੈ)

- ਤਾਂਤਰਿਕ ਬਿੰਦ ਦੀ ਸੰਤੁਸ਼ਟਤਾ ਨੂੰ ਅਧਿਆਤਮਕ ਅਨੰਦ ਦੀ ਸੰਤੁਸ਼ਟਤਾ ਸਮਝਦਾ ਹੈ ਮੂਰਖ ਹੈ।

ਬਿੰਦ ਦੀ ਸੰਤੁਸ਼ਟਤਾ ਤੋਂ ਪਿਛੋਂ ਬੰਦਾ ਤਮੋਗੁਣੀ ਪ੍ਰਗਟਾਵੇ ਕਰਦਾ ਹੈ ਉਹ ਸੁਸਤ ਹੋ ਜਾਂਦਾ ਹੈ ਕਮਜ਼ੋਰੀ ਦਾ ਅਹਿਸਾਸ ਕਰਦਾ ਹੈ। ਦਿਲ ਆਰਾਮ ਕਰਨ ਨੂੰ ਸੌਣ ਨੂੰ ਕਰਦਾ ਹੈ ਉਹ ਨਿੱਸਲ ਹੋ ਜਾਂਦਾ ਹੈ। ਨਿਰਾਸ਼ਾਵਾਦੀ ਸੋਚ, ਤਮੋਗੁਣੀ ਭਾਵ।

ਜਦੋਂ ਕਿ ਪਰਮਾਤਮਾ ਨਾਲ ਜੁੜਨ ਦਾ ਅਨੁਭਵ ਖੁਸ਼ੀ ਦਿੰਦਾ ਹੈ। ਆਨੰਦ ਦਾ ਹੁਲਾਰਾ ਦਿੰਦਾ ਹੈ, ਦਿਲ ਖਿੜਦਾ ਹੈ ਤੇ ਕਰਮਸ਼ੀਲ ਹੁੰਦਾ ਹੈ। ਬੰਦੇ ਵਿੱਚ ਜਾਗਰਿਤੀ ਆਉਂਦੀ ਹੈ। ਜਿਉਂ ਜ਼ਿੰਦਗੀ ਕਿਰਿਆਸ਼ੀਲ ਖੁਸ਼ੀ ਭੋਗਦੀ ਹੈ, ਅੱਖਾਂ ਵਿੱਚ ਚਮਕ ਆਉਂਦੀ ਹੈ, ਅੰਗਾਂ ਵਿਚੋਂ ਖੁਸ਼ੀ ਫੁੱਟਦੀ ਹੈ।

– ਇਹ ਸਹਿਜ ਧਾਰਾ ਦਾ ਹਿੱਸਾ ਹੈ।

– ਜੇਕਰ ਇਸੇ ਹੀ ਸੰਕਲਪ ਕੁੰਡਲਿਨੀ ਜਾਗਰਿਤੀ ਨੂੰ ਵਰਤੀਏ ਤਾਂ ਆਪਾਂ ਆਖਾਂਗੇ ਕਿ ਆਪਣੀ ਹਵਸ ਨੂੰ ਅਨੁਸ਼ਾਸਿਤ ਤੇ ਨਿਯਮ ਬੱਧ ਕਰੋ, ਸੰਜਮੀ ਬਣੋ। ਇਹ ਸਭ ਕੁੱਝ ਆਪ ਸਮਝ ਨਾਲ ਕਰੋ, ਕਿਸੇ ਬਾਹਰੀ ਹੁਕਮ ਦੀ ਪਾਲਣਾ ਕਾਰਣ ਨਹੀਂ। ਇਸ ਨੂੰ ਜੇਕਰ ਮਨੋਵਿਗਿਆਨਕ ਵਿਆਖਿਆ ਕਰੋਗੇ ਤਾਂ ਆਖਾਂਗੇ ਕਿ Sex Power ਨੂੰ transform ਕਰਕੇ ਆਪਣੀ Reserve ਸ਼ਕਤੀ ਬਣਾਉਣਾ ਤੇ ਆਪਣੇ ਮੋਹ ਨੂੰ ਰੱਬੀ ਪਿਆਰ ਵਿੱਚ ਪਰਿਵਰਤਿਤ (ਵਟਾ) ਕਰ ਦੇਣਾ ਕਿਉਂਕਿ ਰੋਕ ਕੇ ਰੱਖਿਆ ਪਾਣੀ (ਡੈਮ ਬਣਾ ਕੇ) ਉਸੇ ਦਿਸ਼ਾ ਨੂੰ ਵਗਦਾ ਹੈ ਜਿਸ ਪਾਸੇ ਦਾ ਉਸਨੂੰ ਰਸਤਾ ਦੇਈਏ

"ਬੁਲਿਆ ਮਨ ਦਾ ਕੀ ਸਮਝਾਉਣਾ
ਐਧਰੋਂ ਪੁੱਟਣਾ ਉਧਰ ਲਾਉਣਾ"
– ਗੁਰੂ ਹੀ ਪੰਥ-ਪ੍ਰਕਾਸ਼ ਕਰਦਾ ਹੈ ਤੇ ਡੈਮ ਦੀ ਸਹੀ ਦਿਸ਼ਾ ਵੀ ਦੱਸਦਾ ਹੈ।

ਇਹ ਹਵਸ ਆਪਣੇ ਆਪ ਵਿੱਚ ਰਚਨਾਤਮਕਤਾ (creativity) ਹੈ ਕਿਉਂਕਿ ਰੱਬੀ ਮਨੋਰਥ ਜੋ ਇਸ ਦੀ ਕਾਰਜਸ਼ੀਲਤਾ ਪਿੱਛੇ ਕੰਮ ਕਰਦਾ ਹੈ ਉਹ ਮਨੁੱਖ ਜਾਤੀ ਨੂੰ ਅੱਗੇ ਵਧਾਉਣਾ ਹੈ। ਬੱਚੇ ਪੈਦਾ ਕਰਨਾ ਹੈ। ਜੇਕਰ ਇਸ ਦੀ ਸੰਭਾਲ ਕਰਕੇ ਕੁੱਝ ਸ਼ਕਤੀ ਬਚਾ ਲਈ ਜਾਵੇ ਤਾਂ ਉਹ ਸ਼ਕਤੀ ਆਪਣੇ ਸੁਭਾਓ ਅਨੁਸਾਰ ਰਚਨਾਤਮਕ ਹੀ ਰਹੇਗੀ- ਸਾਹਿਤ ਰਚਨਾ, ਸਮਾਜ ਸੇਵਾ ਕਰਨੀ, ਅਧਿਆਤਮਕਤਾ ਵਿੱਚ ਅੱਗੇ ਟੁਰਨਾ ਤੇ ਟੁਰਨ ਵਿੱਚ ਸਹਾਇਤਾ ਕਰਨੀ, ਇਹ ਸ਼ਕਤੀ ਇਸ ਤਰ੍ਹਾਂ ਦੇ ਰੂਪਾਂ ਤਹਿਤ ਪਰਿਵਰਤਿਤ ਹੁੰਦੀ ਹੈ।

उलटि सकती कुण घरि आणी

ਉਲਟੀ ਸ਼ਕਤੀ ਕੁਣ ਘਰਿ ਆਣੀ।
To what place (ghar) do you bring the reversed power (ulti sakti) to rest?
उलटि सकती आप घरि आणी

ਉਲਟੀ ਸ਼ਕਤੀ ਆਪ ਘਰ ਆਣੀ।
The reversed power (Shakti, Vital Power) is brought back to the self, its original home.
Sex Power + Nad Shakti = Fine Arts

ਅਸਲ ਵਿੱਚ ਸ਼ਕਤੀ (Shakti) (ਸ਼ਿਵ ਦੀ ਅਰਧੰਗਣਾ) ਦਾ ਦੁਨਿਆਵੀ ਰੂਪ ਹੋ ਕੇ ਵਿਚਰਦੀ ਹੈ। ਸੰਕੋਚ ਤੇ ਅਨੁਸ਼ਾਸਨ ਨਾਲ ਇਸ ਨੂੰ (ਉਲਟੀ ਸ਼ਕਤੀ ਨੂੰ) transformed state ਵਿੱਚ ਲਿਆਂਦਾ ਜਾਂਦਾ ਹੈ ਤਾਂ ਇਸ ਦਾ ਪਿਆਰ ਪਰਮਜੋਤੀ ਨਾਲ ਹੋ ਜਾਂਦਾ ਹੈ। (ਨਾ ਰੋਕ ਠੀਕ ਹੈ ਤੇ ਨਾ ਹੀ ਸੰਤੁਸ਼ਟਤਾ) ਸੰਜਮ ਵਿੱਚ ਤੋਰਨਾ ਹੀ ਪ੍ਰਾਪਤੀਆਂ ਦਾ ਸੋਮਾ ਹੈ।

ਨਾਦ- ਸੰਸਾਰਿਕ ਨਾਦ ਤੋਂ ਮਤਲਬ ਸਾਰੇ ਕੋਮਲ ਕਲਾਵਾਂ ਵਿੱਚ ਪ੍ਰਗਟਾਓ ਹੈ। --ਸੰਗੀਤ, ਸਾਹਿਤ, ਬੁੱਤ-ਤਰਾਸ਼ੀ, ਨਾਚ ਆਦਿ।

✶✶✶

# ਧਰਮ

ਹਿੰਦੋਸਤਾਨ ਦੇ ਇਤਿਹਾਸਕ, ਸੰਦਰਭ (context) ਵਿੱਚ ਵੇਖੀਏ ਤਾਂ ਸਮਝ ਪੈਂਦੀ ਹੈ ਕਿ ਧਰਮ ਸ਼ਬਦ ਦਾ ਅਰਥ ਸੁਚਾਰੂ ਢੰਗ ਨਾਲ ਆਪਣੇ ਫਰਜ਼ਾਂ ਦੀ ਪਾਲਣਾ ਕਰਨੀ ਹੈ। ਧਰਮ ਤੇ ਧਰਮ ਦਾ ਵਿਰੋਧ-ਅਧਰਮ ਦੋ ਇੱਕ ਦੂਜੇ ਦੀਆਂ ਵਿਰੋਧੀ ਜੀਵਨ-ਜਾਚਾਂ ਹੀ ਹਨ। ਜਦੋਂ ਸਾਡਾ ਵਿਵਹਾਰ ਤੇ ਕਾਰਜ ਵਿਧੀ ਮਨੁੱਖੀ ਜੀਵਨ ਨੂੰ ਵਿਕਾਸ ਵੱਲ, ਖੇੜੇ ਵੱਲ ਲੈ ਕੇ ਜਾਂਦੀ ਹੈ ਤਾਂ ਇਸਨੂੰ ਧਰਮ ਦਾ ਪਾਲਣ ਕਰਨਾ ਆਖਦੇ ਸਨ। ਪਰ ਜੇਕਰ ਲੜਾਈਆਂ, ਝਗੜਿਆਂ, ਲੁੱਟਾਂ-ਖੋਹਾਂ, ਰਿਸ਼ਵਤਾਂ, ਬੇਈਮਾਨੀਆਂ ਨਾਲ ਦੂਜਿਆਂ ਦਾ ਆਰਥਿਕ, ਸਰੀਰਕ, ਮਾਨਸਿਕ ਜਾਂ ਆਤਮਿਕ ਨੁਕਸਾਨ ਜਾਂ ਸ਼ੋਸ਼ਣ ਕੀਤਾ ਜਾਵੇ ਤਾਂ ਇਸ ਨੂੰ ਅਧਰਮ ਸੱਦਿਆ ਜਾਂਦਾ ਸੀ। ਪਰ ਅੱਜਕੱਲ੍ਹ ਦੇ ਸਮੇਂ ਵਿੱਚ ਧਰਮ ਦਾ ਨਾਂ ਤਾਂ ਮਨੁੱਖ ਦੀ ਜ਼ਿੰਦਗੀ ਨਾਲੋਂ ਤੋੜ ਕੇ ਉਸ ਦੇ ਪਰਮਾਤਮਾ ਨਾਲ ਰਿਸ਼ਤੇ ਦੇ ਸੰਕਲਪ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਵੀ ਹਵਾਈ ਉਡਾਰੀਆਂ ਹੀ ਲੱਗਦੀਆਂ ਹਨ। ਧਰਮ ਨੂੰ ਵੱਖੋ ਵੱਖ ਮਨੁੱਖੀ ਸਮੂਹਾਂ ਵਿੱਚ ਵੰਡ ਕੇ ਵੇਖਿਆ ਜਾਂਦਾ ਹੈ ਜਿਹੜੇ ਆਪਣੀ ਵੱਖਰੀ ਪਹਿਚਾਨ (Separate identity) ਜ਼ਾਹਿਰ ਕਰਨ ਹਿੱਤ ਵੱਖੋ-ਵੱਖਰੇ ਬਾਣੇ ਪਹਿਨਦੇ ਹਨ। ਪੂਜਾ ਅਰਚਨਾ ਦੀਆਂ ਵੱਖੋ-ਵੱਖਰੀਆਂ ਵਿਧੀਆਂ ਘੜਦੇ ਹਨ ਤਾਂ ਜੋ ਇੱਕ ਦੂਜੇ ਤੋਂ ਵੱਖਰੇ ਹੋਇਆ ਜਾ ਸਕੇ। ਜੇਕਰ ਹਿੰਦੂਆਂ ਨੂੰ ਗਊ ਪਿਆਰੀ ਹੈ ਤਾਂ ਮੁਸਲਮਾਨ ਸੂਅਰ ਦੇ ਪੱਖੀ ਹਨ। ਜੇਕਰ ਸਿੱਖ ਜਾਨਵਰਾਂ ਦਾ ਝਟਕਾ ਕੀਤਾ ਮਾਸ ਖਾਣ ਦੇ ਪੱਖੀ ਹਨ ਤਾਂ ਮੁਸਲਮਾਨ ਜਾਨਵਰਾਂ ਦੀਆਂ ਗਰਦਨਾਂ ਨੂੰ ਆਪਣਾ ਪਾਠ ਕਰਕੇ ਹੌਲੀ-ਹੌਲੀ ਕੱਟਦੇ ਹਨ। ਨਿਰੇ ਨਿਰਦਈ ਲੋਕ, ਜਦੋਂ ਕਿ ਦਇਆ ਧਰਮ ਦਾ ਮੂਲ ਹੈ ਤੇ ਪਿਆਰ ਇੱਕੋ-ਇੱਕ ਧਾਰਮਿਕ ਰਸਤਾ। ਜੇਕਰ ਨੀਝ ਲਗਾ ਕੇ ਵੇਖੋਗੇ ਕਿ ਵਰਤਮਾਨ ਵਿੱਚ ਵਿਚਰਦੇ ਧਰਮਾਂ ਦੇ ਧਰਮਾਚਾਰੀਆ ਤੇ ਧਾਰਮਕ ਆਗੂ ਕੀ ਧਰਮ ਪਾਲਦੇ ਹਨ? ਇਹ ਸਾਰਾ ਕਾਰੋਬਾਰ ਧਰਮ ਦੇ ਨਾਂ 'ਤੇ ਅਧਰਮ ਹੋ ਰਿਹਾ ਹੈ। ਤੁਸੀਂ ਮੁਸਲਮਾਨ ਹੋ ਤਾਂ ਇਸਲਾਮ ਦੇ ਅਜੋਕੇ ਸਮੇਂ ਦੇ ਕਾਰੋਬਾਰ ਤੇ ਵਿਵਹਾਰ ਨੂੰ ਵਿਚਾਰੋ। ਹਿੰਦੂ ਹੋ ਤਾਂ ਹਿੰਦੂ ਧਰਮ ਦਾ ਹੀ ਪਤਾ ਨਹੀਂ ਲੱਗਦਾ, ਵੱਖੋ ਵੱਖਰੀਆਂ ਧਾਰਮਕ ਰਸਮਾਂ ਰਿਵਾਜਾਂ ਤੋਂ ਅੱਗੇ ਸ਼ਿਵ ਪੰਥ, ਵਿਸ਼ਨੂੰ ਪੰਥ ਜਾਂ ਹੋਰ ਵਧੇਰੇ ਵੰਡੀਆਂ ਦੀਆਂ ਵੰਡੀਆਂ ਦਾ ਵਿਚਾਰ ਦੇਖੋ। ਇਸਾਈ ਹੋ ਤੇ ਤੁਸੀਂ ਇਸਦੀ ਸਮਝ ਬਾਰੇ ਜੇਕਰ ਵਧੇਰੇ ਸਮਾਂ ਨਹੀਂ ਗਵਾਉਣਾ ਚਾਹੁੰਦੇ ਤਾਂ Biography of the Bible ਪੁਸਤਕ ਲੈ ਕੇ ਪੜ੍ਹ ਲਵੋ. ਜੇਕਰ ਸਿੱਖ ਹੋ ਤਾਂ ਜ਼ਿਆਦਾ ਘੋਖ ਵਿਚਾਰ ਦੀ ਵੀ ਲੋੜ ਨਹੀਂ। ਉਹ ਤਾਂ ਆਪਣਾ ਢਿੱਡ ਆਪੇ ਹੀ ਨੰਗਾ ਕਰੀ ਫਿਰਦੇ ਹਨ। ਗੋਲਕ ਯੁੱਧ ਨਾਮ ਦੇ ਇੱਕ ਨਵੇਂ ਸੰਕਲਪ ਦੀ ਸ਼ੁਰੂਆਤ ਸਿੱਖ ਭਰਾਵਾਂ ਨੇ ਹੀ ਕੀਤੀ ਹੈ। ਗੁਰਦੁਆਰਿਆਂ ਵਿੱਚ ਸੱਚ ਤੇ ਕੱਚ ਦੇ ਗੰਭੀਰ ਵਿਚਾਰ ਨੂੰ ਤਿਆਗ ਕੇ ਕੁਰਸੀਆਂ ਤੇ ਤੱਪੜਾਂ ਦੀਆਂ ਬੱਚਿਆਂ ਵਰਗੀਆਂ ਲੜਾਈਆਂ ਵਿੱਚ ਗੁਥਮ ਗੁੱਥਾ ਹੋਈ ਜਾ ਰਹੇ ਨੇ। ਅਜੋਕੇ ਯੁੱਗ ਦੇ ਪੈਗੰਬਰ, ਸਮੁੱਚੀ ਸੰਸਾਰ ਲੋਕਾਈ ਦੇ ਰਹਿਬਰ-ਧਾਰਮਿਕ ਵੰਡੀਆਂ ਤੋਂ ਉਚੇਰੇ ਨਾਨਕ ਪਾਤਸ਼ਾਹ ਦੀ ਗੱਲ ਗੁਰਦੁਆਰਿਆਂ ਵਿੱਚ ਪ੍ਰੇਰਨਾ ਸਰੋਤ ਨਹੀਂ ਬਣਦੀ।

ਨਾਨਕ ਸ਼ਾਹ ਫਕੀਰ
ਹਿੰਦੂਆਂ ਦਾ ਦੇਵਤਾ, ਮੁਸਲਮਾਨਾਂ ਦਾ ਪੀਰ॥

ਇਹ ਵਿਚਾਰ ਕਦੇ ਪੜ੍ਹਿਆ ਸੁਣਿਆ ਜਾਂ ਵਿਚਾਰਿਆ ਗਿਆ ਹੈ ਕਿਸੇ ਸੰਗਤ ਦੇ ਸਨਮੁਖ ਕਿਸੇ ਵੀ ਗੁਰੂ ਘਰ ਵਿੱਚ ?God has made many doors opening into truth which he opens to all who knock upon them with hands of faith- Khalil Gibran. Reach p. 245 (Reader)

ਇਸ ਲਈ ਪਹਿਲੀ ਬੇਨਤੀ ਹੈ ਕਿ ਜੇਕਰ ਤੁਸੀਂ ਮੁਸਲਮਾਨ ਅਖਵਾਉਂਦੇ ਹੋ ਤਾਂ ਪਵਿੱਤਰ ਕੁਰਾਨ ਸ਼ਰੀਫ ਦਾ ਅਰਥਾਂ ਸਹਿਤ ਪਾਠ ਕਰੋ ਤੇ ਸਤਿਕਾਰ ਯੋਗ ਮੁਹੰਮਦ ਸਾਹਿਬ ਜੀ ਦੀ ਜੀਵਨੀ ਪੜ੍ਹੋ ਤੇ ਫਿਰ ਇਸਲਾਮ ਤੇ ਵਿਚਾਰ ਕਰੋ। ਇਸੇ ਤਰ੍ਹਾਂ ਸਿੱਖ ਵੀਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਟੀਕਾ ਪੜ੍ਹਨ। ਗੁਰੂ ਨਾਨਕ ਪਾਤਸ਼ਾਹ ਦੀ ਜੀਵਨੀ ਤੇ History of the Sikhs by Khushwant Singh (ਅੰਗਰੇਜ਼ੀ ਜਾਂ ਪੰਜਾਬੀ) ਜ਼ਰੂਰ ਪੜ੍ਹ ਲੈਣ। ਜੇ ਹੋਰ ਸਮਾਂ ਮਿਲੇ ਤਾਂ ਡਾ. ਗੁਪਤਾ ਨੂੰ ਪੜ੍ਹਨ। ਇਸੇ ਤਰ੍ਹਾਂ ਇਸਾਈ ਵੀਰ The Bible (New Testament) ਦਾ ਅਧਿਐਨ ਕਰਨ, ਲਾਰਡ ਕਰਾਈਸਟ ਦੀ ਜੀਵਨੀ ਪੜ੍ਹਨ ਤੇ ਇੱਕ ਹੋਰ ਕਿਤਾਬ Biography of the Bible ਜ਼ਰੂਰ ਪੜ੍ਹ ਲੈਣ।

ਇਸ ਗੰਭੀਰ ਅਧਿਐਨ ਉਪਰੰਤ ਹੀ ਜੋ ਕੁੱਝ ਇਥੇ ਲਿਖਿਆ ਜਾ ਰਿਹਾ ਹੈ ਉਸ ਦਾ ਪੂਰਾ ਲਾਭ ਪ੍ਰਾਪਤ ਹੋ ਸਕਦਾ ਹੈ। ਇਸਨੂੰ ਬੇਨਤੀ ਵਜੋਂ ਹੀ ਪ੍ਰਵਾਨ ਕਰ ਲੈਣਾ ਬਣਦਾ ਹੈ ਵੀਰੋ।

ਇਕ ਗੱਲ ਹੋਰ ਧਿਆਨ ਯੋਗ ਹੈ ਪਰਮਾਤਮਾ ਦੀ ਕਿਰਤ ਉਸ ਦੀ ਸ਼ਕਤੀ ਦੁਆਰਾ ਪ੍ਰਕਿਰਤੀ (Nature) ਰੂਪ ਹੈ। ਪਰਮਾਤਮਾ ਦੀ ਇੱਕ ਅਨੋਖੀ ਤੇ ਵਿਲੱਖਣ ਕਿਰਤ ਮਨੁੱਖ ਹੈ ਜਿਸ ਦੁਆਰਾ ਪਰਮਾਤਮਾ ਨੇ ਆਪਣੀ ਕੁਦਰਤ ਵਿੱਚ ਇੱਕ ਨਵੀਂ ਕਿਰਤ ਬਣਾਈ ਹੈ

ਜਿਸ ਨੂੰ ਸਾਇੰਸ ਤੇ ਕਲਾ ਦਾ ਪਰਿਣਾਮ ਆਖ ਸਕਦੇ ਹਾਂ। ਕੁਦਰਤੀ ਚੀਜ਼ਾਂ ਨੂੰ ਜਿਵੇਂ ਦਰਖਤ ਦੀ ਲੱਕੜੀ ਤੋਂ ਅਜਿਹਾ ਫਰਨੀਚਰ ਤਿਆਰ ਕੀਤਾ ਹੈ ਜੋ ਉਪਯੋਗੀ (ਵਰਤੋਂ ਦਾ) ਹੋਣ ਤੋਂ ਬਿਨਾਂ ਸੋਹਣਾ ਵੀ ਲੱਗਦਾ ਹੈ, ਮਨੁੱਖੀ ਕਲਾ ਦਾ ਨਮੂਨਾ ਹੈ। ਦੂਜੇ ਪਾਸੇ ਕੁਦਰਤ ਵਿੱਚ ਪਾਏ ਜਾਂਦੇ ਅਚੰਭੇ ਨੂੰ, ਚਮਤਕਾਰ ਨੂੰ ਸਾਰਥਿਕ ਚੀਜ਼ਾਂ ਵਿੱਚ ਢਾਲ ਕੇ ਮਨੁੱਖ ਲਈ ਮਸ਼ੀਨਾਂ, ਸਫਰ ਲਈ ਤੇਜ਼ ਹਵਾਈ ਜਹਾਜ਼ਾਂ, ਗਿਣਤੀਆਂ ਮਿਣਤੀਆਂ ਲਈ computer ਆਦਿ। ਇਹ ਸਾਰੀਆਂ ਮਨੁੱਖੀ ਅਸਤਿਤਵ ਵਿੱਚ Natural evolutionary process ਦੁਆਰਾ ਵਿਕਸਤ ਹੋਏ ਦਿਮਾਗ ਤੇ ਉਹਦੀਆਂ complex (ਗੁੰਝਲਦਾਰ) powers (ਸ਼ਕਤੀਆਂ) ਦੀ ਦੇਣ ਹੈ। ਇਹ ਸਭ ਕੁੱਝ ਮਨੁੱਖੀ ਹਉਮੈ ਦੀ ਪ੍ਰਾਪਤੀ ਨਹੀਂ ਸਗੋਂ ਕੁਦਰਤੀ ਤੌਰ ਤੇ ਵਿਕਸਿਤ ਹੋ ਰਹੇ ਪਦਾਰਥ (ਦ੍ਰਿਸ਼ਟੀਯੋਗ ਸ਼ਕਤੀ) ਤੇ ਮਨੁੱਖੀ ਮਨ ਤੇ ਦਿਮਾਗ ਦੀ ਕਲਾਕਾਰੀ ਹੈ। ਆਪਣੀ ਹੈਂਕੜ ਵਿੱਚ ਪਰਮਾਤਮਾ ਤੋਂ ਮੁਨਕਰ ਹੋਣਾ ਕੋਈ ਮਨੁੱਖੀ ਪ੍ਰਾਪਤੀ ਨਹੀਂ ਸਗੋਂ ਇਸ ਵਿਕਸਤ ਹੋ ਰਹੇ ਵਿਕਾਸ ਮੁਖੀ ਵਰਤਾਰੇ ਤੇ ਹੋਰ ਗੰਭੀਰ ਤੇ ਬਰੀਕ ਸੋਚ ਨਾਲ ਹੋਰ ਪ੍ਰਵੀਨ ਸ਼ਕਤੀਸ਼ਾਲੀ ਮਸ਼ੀਨਾਂ ਬਣਾਉਣਾ ਵੀ ਜਾਦੂਗਰੀ ਹੈ। ਇਥੇ ਆ ਕੇ, ਹੇ ਮਨੁੱਖ, ਇਸ ਗੱਲ ਬਾਰੇ ਬਹੁਤ ਗੰਭੀਰਤਾ ਨਾਲ ਤੇ ਬੌਧਿਕ ਬਾਰੀਕੀ ਨਾਲ ਸੋਚ ਵਿਚਾਰ ਕਰਨੀ ਹੈ ਕਿ ਮਨੁੱਖ ਇਨ੍ਹਾਂ ਵਿਗਿਆਨਕ ਤੇ ਦਾਰਸ਼ਨਿਕ ਲੱਭਤਾਂ ਬਾਰੇ ਸਮਝ ਨੂੰ ਨਵੇਂ ਫਾਰਮੂਲਿਆਂ ਵਿੱਚ ਲਿਆ ਰਿਹਾ ਹੈ। ਮਨੁੱਖੀ ਹੰਕਾਰ ਉਸ ਵੇਲੇ ਹਾਰ ਮੰਨਦਾ ਹੈ ਜਦੋਂ ਵਿਗਿਆਨਕ ਫਾਰਮੂਲੇ ਬਣਦੇ ਹਨ ਤੇ 40-50 ਸਾਲਾਂ ਪਿਛੋਂ ਪੁਰਾਣੇ ਹੋ ਜਾਂਦੇ ਹਨ। ਆਈਨਸਟਾਈਨ ਦੇ ਫਾਰਮੂਲਾ $E=mc^2$ ਗੰਭੀਰ ਵਾਦ ਵਿਵਾਦ ਤੇ ਗੰਭੀਰ ਵਿਚਾਰ ਦਾ ਵਿਸ਼ਾ ਬਣਿਆ ਪਿਛਲੀ ਸਦੀ ਦੀ ਵਿਗਿਆਨਕ ਸੋਚ ਨੇ ਵੇਖਿਆ ਹੈ। ਇਸ ਸੋਚ ਵਿੱਚ ਪਰਮਾਤਮਾ ਪ੍ਰਤੀ ਨਾਂਹਵਾਦੀ ਰਵਈਆ ਸੂਝਵਾਨ ਇਨਸਾਨ ਦੀ ਸੋਚ ਵਿੱਚ ਕਿਵੇਂ ਆ ਸਕਦਾ ਹੈ। ਇਥੇ ਸਵਾਮੀ ਕਾਰਲ ਮਾਰਕਸ ਜੋ ਮਨੁੱਖ ਦੇ ਆਰਥਿਕ ਮੰਦਹਾਲੀ ਦੂਰ ਕਰਨ ਦਾ ਮਸੀਹਾ ਸੀ, ਹੈ ਤੇ ਰਹੇਗਾ ਵੀ। ਉਸ ਭਲੇ ਮਾਨਸ ਨੇ ਸਿਰਫ ਮਨੁੱਖ ਲਈ ਆਰਥਿਕ ਖੁਸ਼ਹਾਲੀ ਦੇ ਜਨੂੰਨ ਵਿੱਚ ਇੱਕ ਟੇਢੀ ਗੱਲ ਆਖ ਦਿੱਤੀ- ਧਰਮ ਨੂੰ ਲੋਕਾਂ ਲਈ ਅਫੀਮ ਆਖ ਦਿੱਤਾ। ਇਹ ਸੱਚ ਹੈ ਕਿ ਸਥਾਪਿਤ ਹੋਇਆ, ਵਿਕਾਸੋਂ ਰੁਕਿਆ ਧਰਮ ਨਿੰਦਣਯੋਗ ਹੈ ਕਿਉਂਕਿ ਉਹ ਆਪਣੇ ਸਵਾਰਥੀ ਹਿੱਤ ਦੀ ਰੱਖਿਆ ਲਈ ਮਨਘੜਤ ਧਾਰਮਿਕ ਰਸਮਾਂ ਤੇ ਸਿਮਰਣ ਵਿਧੀਆਂ ਮਨੁੱਖੀ ਵਿਕਾਸ ਵਿੱਚ ਖੜੋਤ ਲਿਆਉਂਦੀਆਂ ਹਨ। ਉਹ ਸਥਾਪਤ ਧਰਮ ਸਰਕਾਰੀ ਮੁਖੀਆਂ ਤੇ ਮੱਠ-ਅਧਿਕਾਰੀ ਲੋਕਾਂ ਦਾ ਲਹੂ-ਚੂਸਣ ਵਾਲੀਆਂ ਜੋਕਾਂ ਹਨ। ਪਰ ਭੋਲੇ ਭੰਡਾਰੀ ਕਾਰਲ ਮਾਰਕਸ ਨੇ ਤਾਂ ਸਥਾਪਿਤ ਧਰਮ ਨੂੰ ਨਿੰਦਣ ਦੀ ਥਾਂ ਧਰਮ ਨੂੰ ਹੀ ਨਿੰਦ ਦਿੱਤਾ ਜਿਸ ਨੇ ਮਨੁੱਖੀ ਹੈਂਕੜ ਤੇ ਹਉਮੈ ਨਾਲ ਅਗਿਆਨੀ ਮਨੁੱਖ ਦੀ ਕੋਹੜ ਕਿਰਲੇ ਵਾਂਗ ਆਕੜੀ ਗਰਦਨ ਨੂੰ ਹੋਰ ਨਿਰਦਈ ਤੇ ਪੱਥਰ ਬਣਾ ਦਿੱਤਾ। ਇਹ ਗੱਲ ਸਤਿਕਾਰਯੋਗ ਕਾਰਲ ਮਾਰਕਸ ਨੂੰ ਸਲਾਮ ਆਖ ਕੇ ਇਸ ਊਣਤਾਈ ਦਾ ਜ਼ਿਕਰ ਕਰਨਾ ਆਪਣਾ ਫਰਜ਼ ਸਮਝਦਾ ਹਾਂ।

ਇਸ ਲਈ ਹੋਸ਼ ਵਾਲੇ ਲੋਕੋ ਆਉ, ਸੱਚ ਤੇ ਕੱਚ ਦਾ ਨਿਖੇੜ ਕਰੀਏ ਤੇ ਸਮੁੱਚ ਦੀ ਤੇ ਧਰਮ ਦੀ ਸਹੀ ਸਮਝ ਪੈਦਾ ਕਰੀਏ। ਸੱਚ ਉਹ ਨਹੀਂ ਜੋ ਲੋਕ ਕਹਿੰਦੇ ਹਨ, ਸੱਚ ਉਹ ਹੈ ਜੋ ਲੋਕ ਕਰਦੇ ਹਨ। ਬੋਲੇ ਗਏ ਲਫ਼ਜ਼ਾਂ ਦੇ ਅਰਥਾਂ ਮਗਰ ਨਾ ਜਾਈਏ ਉਹ ਕਿਸ ਤਰ੍ਹਾਂ ਕਾਰਜਾਂ ਵਿੱਚ ਵਟਦੇ ਹਨ ਉਹ ਪਰਖੀਏ। ਕੋਈ ਕੱਚ ਬੋਲਦਾ ਹੈ ਉਸ ਦੇ ਵੀ ਅਰਥਾਂ ਮਗਰ ਨਾ ਜਾਈਏ ਉਸਨੂੰ ਕੰਮਾਂ ਵਿੱਚ ਬਦਲਦੇ ਵੇਖੋ। ਜੇ ਕੋਈ ਆਪਣੇ ਆਪ ਨੂੰ ਨਾਸਤਿਕ ਆਖਦਾ ਹੈ ਕਹੇ- ਖੁਸ਼ ਰਹੇ। ਸਾਨੂੰ ਕੀ ਪਰ ਜੇ ਉਸ ਦੇ ਕੰਮ ਲੋਕ ਹਿੱਤ ਵਿੱਚ ਲੋਕ ਭਲਾਈ ਦੇ ਹਨ ਤਾਂ ਸਾਡੀ ਪ੍ਰਸ਼ੰਸਾ ਦੇ ਪਾਤਰ ਹਨ। ਅਸੀਂ ਪ੍ਰਸ਼ੰਸਾ ਹੀ ਨਹੀਂ ਕਰਨੀ ਸਗੋਂ ਅਸਾਂ ਸਾਥ ਹੰਭਲਾ ਮਾਰਨਾ ਹੈ। ਜੇਕਰ ਕੋਈ ਆਸਤਕ ਹੋਣ ਦਾ ਦਾਅਵਾ ਕਰਦਾ ਹੈ, ਲੋਕ ਵਿਰੋਧੀ ਪੱਖ ਪੂਰਦਾ ਹੈ, ਪਰਮਾਤਮਾ ਦੀ ਖਲਕਤ ਦੇ ਹੱਕ ਲੁੱਟਣ ਵਾਲਿਆਂ ਦਾ ਸਾਥੀ ਜਾਂ ਲੁਟੇਰਾ ਹੈ ਉਹ ਸਾਡੀ ਨਿੰਦਿਆ ਦਾ ਪਾਤਰ ਹੈ। ਉਸ ਢੌਂਗੀ ਪੂਪਨੇ ਸਾਧ ਦਾ ਸੰਗ ਤਿਆਗੋ, ਇਹ ਫੈਸਲੇ ਲੋਕ ਕਚਹਿਰੀਆਂ ਵਿੱਚ ਕਰੋ। ਪਰਮਾਤਮਾ ਦੀ ਬਖਸ਼ਿਸ਼ ਹੈ ਕਿ ਸੱਚ ਤੇ ਕੱਚ ਦੇ ਨਿਤਾਰੇ ਕਰਨ ਵਾਲੇ ਸਦਾਚਾਰਕ ਮਾਪਦੰਡ ਹਰ ਕੌਮ ਤੇ ਕੌਮੀਅਤ ਪਾਸ ਮੌਜੂਦ ਹਨ। ਨਿਖੇੜ ਕਰਨ ਹਿੱਤ ਹਿੰਦੋਸਤਾਨ ਦੀ ਆਜ਼ਾਦੀ ਸਮੇਂ ਪੰਜਾਬ ਦੇ ਸੂਬੇ ਦੇ ਵਾਲੀ ਸਿੱਖ ਤੇ ਧਾਰਮਿਕ ਅਸਥਾਨਾਂ 'ਤੇ ਕਾਬਜ਼ ਸਿੱਖ ਇੱਕ ਪਾਸੇ। ਦੂਜੇ ਪਾਸੇ ਭਾਈ ਰਣਧੀਰ ਸਿੰਘ ਸੰਗਤ, ਸਤਿਗੁਰੂ ਰਾਮ ਸਿੰਘ ਦੇ ਚੇਲੇ, ਯੁੱਗ ਪਲਟਾਊ ਯੋਧੇ ਤੇ ਕਿਰਤੀ ਕਿਸਾਨ ਪਾਰਟੀ ਵਾਲੇ ਕਮਿਊਨਿਸਟ। ਇਤਿਹਾਸ ਪੜ੍ਹੋ, ਕੱਚ ਤੇ ਸੱਚ ਦਾ ਨਿਖੇੜ ਕਰੋ। ਅਗਿਆਨੀ ਨਾ ਰਹੋ। ਗਿਆਨ ਦੇ ਚਾਨਣ ਵਿੱਚ ਹੀ ਸ਼ਕਤੀ ਮਿਲਦੀ ਹੈ, ਖੁਸ਼ੀ ਮਿਲਦੀ ਹੈ, ਜ਼ਿੰਦਗੀ ਮਿਲਦੀ ਹੈ।

ਨਿਚੋੜ ਇਹ ਹੈ ਕਿ ਕੋਈ ਸਿਰਫ ਸਿੱਖ ਹੋਣ ਕਾਰਨ ਚੰਗਾ ਨਹੀਂ ਹੋ ਸਕਦਾ, ਗੁਣਾਂ ਤੇ ਚੰਗਿਆਈਆਂ ਨਾਲ, ਉੱਚੇ ਸੁੱਚੇ ਵਿਵਹਾਰ ਨਾਲ ਚੰਗਾ ਬਣਦਾ ਹੈ, ਸੱਚੇ ਪਾਤਸ਼ਾਹ ਨਾਨਕ ਦਾ ਸਿੱਖ- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥" ਇਸ ਲਈ ਜੋ ਸਿੱਖੀ ਸਰੂਪ ਵਿੱਚ ਹੈ ਤੇ ਪਾਖੰਡ ਦਾ ਬਾਣਾ ਪਾਈ ਸਿੱਖ ਬਣਿਆ ਫਿਰਦਾ ਹੈ ਜਾਂ ਫਿਰਦੇ ਹਨ ਉਨ੍ਹਾਂ ਤੋਂ ਸਾਵਧਾਨ ਰਹੋ, ਗਿਆਨੀ ਬਣੋ। ਕੋਈ ਸਿਰਫ਼ ਸਿੱਖ ਹੋਣ ਕਾਰਨ ਸੱਚਾ ਨਹੀਂ ਹੁੰਦਾ ਤੇ ਹਿੰਦੂ, ਹਿੰਦੂ ਹੋਣ ਕਾਰਨ ਬੁਰਾ ਨਹੀਂ ਹੁੰਦਾ। ਲੋਕਾਂ ਵਿੱਚ ਆਪਣੇ ਵਿਵਹਾਰ ਕਾਰਣ ਆਪਣੀ ਕਾਰਜ ਵਿਧੀ ਨਾਲ ਸੱਚਾ ਜਾਂ ਕੱਚਾ ਹੁੰਦਾ ਹੈ। ਕੋਈ ਮੁਸਲਮਾਨ ਸਿਰਫ ਜਨਮੋਂ ਮੁਸਲਮਾਨ ਹੋਣ ਕਾਰਣ ਚੰਗਾ ਨਹੀਂ

ਹੁੰਦਾ ਤੇ ਕੋਈ ਇਸਾਈ ਸਿਰਫ ਇਸਾਈ ਹੋਣ ਕਾਰਣ ਬੁਰਾ ਨਹੀਂ ਹੁੰਦਾ। ਕੋਈ ਆਸਤਕ ਰੱਬ ਵਿੱਚ ਵਿਸ਼ਵਾਸ ਦਾ ਹੋਕਾ ਦੇਣ ਨਾਲ ਚੰਗਾ ਨਹੀਂ ਹੁੰਦਾ ਤੇ ਕੋਈ ਨਾਸਤਿਕ ਆਪਣੇ ਪਰਮਾਤਮਾ ਤੋਂ ਮੁਨਕਰ ਹੋਣ ਕਾਰਨ ਬੁਰਾ ਨਹੀਂ ਹੁੰਦਾ। ਬੁਰੇ ਤੇ ਭਲੇ ਦੀ ਪਰਖ ਉਸ ਦੇ ਹਿੰਦੂ ਸਿੱਖ ਹੋਣ ਜਾਂ ਕਿਸੇ ਧਾਰਮਿਕ ਵਿਸ਼ਵਾਸ ਕਾਰਣ ਨਹੀਂ, ਉਸ ਦੇ ਕਿਰਦਾਰ ਵਜੋਂ ਚੰਗੇ ਜਾਂ ਬੁਰੇ ਹੋਣ ਤੋਂ ਹੁੰਦੀ ਹੈ। ਪਰਮਾਤਮਾ ਦੇ ਦਰ ਤੇ ਪ੍ਰਵਾਨਗੀ ਧਾਰਮਿਕ ਵਿਸ਼ਵਾਸਾਂ ਨਾਲ ਨਹੀਂ ਆਪਣੇ ਵਿਵਹਾਰ ਵਿੱਚ ਸੇਵਾ ਦੀ ਭਾਵਨਾ ਤੇ ਸੱਚ ਦਾ ਪੱਖ ਪੂਰਨ ਨਾਲ ਹੁੰਦੀ ਹੈ, ਇਸ ਲਈ ਸੱਚੇ ਸੁੱਚੇ ਇਨਸਾਨ ਬਣੋ ਤੇ ਇਨਸਾਨੀਅਤ ਨੂੰ ਹੀ ਆਪਣਾ ਧਰਮ ਮੰਨੋ। ਆਪਣੇ ਗੁਰੂ ਦੁਆਰਾ ਸੁਝਾਈ ਜੀਵਨ ਜਾਚ ਅਪਣਾਉ ਜੋ ਮੁਕਤੀ ਦਾ ਰਾਹ ਹੈ।

ਹੇ ! ਅੰਧੀ ਖਲਕਤ ਗਿਆਨ ਵਿਹੂਣੀ- ਗਿਆਨ ਦਾ ਚਾਨਣ ਪੈਦਾ ਕਰੋ। ਵਿਵਹਾਰ-ਵਿਉਂਤਾਂ ਜਾਂ ਜੀਵਨ-ਜਾਚ ਲਈ ਅੰਨ੍ਹਾ ਵਿਸ਼ਵਾਸ (Blind faith) ਨਹੀਂ ਸਗੋਂ ਸੁਚੇਤ, ਜਾਗ੍ਰਿਤ ਦਿਮਾਗ ਤੇ ਪਿਆਰ ਭਰੇ ਦਿਲ ਦੀ ਲੋੜ ਹੈ ਜਾਗੋ- ਦੁਨੀਆਂ ਦੇ ਲੋਕੋ ਜਾਗੋ- ਇਹ ਮੇਰੀ ਜਗਤ ਦੁਹਾਈ ਹੈ।

ਵੰਡੀਆਂ-ਧਰਮਾਂ ਦੀਆਂ ਮਾੜੀਆਂ ਵੰਡੀਆਂ, ਦੇਸ਼ਾਂ ਦੀਆਂ ਮਾੜੀਆਂ ਵੰਡੀਆਂ। ਸਾਰੇ ਰੰਗ ਮਿਲਾਉ ਤੇ ਸੂਰਜ ਦੀ ਰੌਸ਼ਨੀ ਦਾ ਰੰਗ ਆਪਣੇ ਜੀਵਨ ਵਿੱਚ ਭਰੋ। ਇਨਸਾਨੀਅਤ ਹੀ ਇਕੋ ਇੱਕ ਧਰਮ ਹੈ- ਸਾਰੀ ਦੁਨੀਆਂ ਹੀ ਸਾਡਾ ਦੇਸ਼, ਸਮੁੱਚੇ ਸੰਸਾਰ ਦੇ ਲੋਕ ਸਾਡੇ ਭੈਣ ਭਾਈ ਹਨ।

- ਨਾ ਮੈਂ ਸੁੰਨੀ, ਨਾ ਮੈਂ ਸ਼ੀਆ ਮੇਰਾ ਦੋਨਾਂ ਥੀਂ ਦਿਲ ਸੜਿਆ ਹੂ ॥

ਸੁਲਤਾਨ ਬਾਹੂ

- "ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ ॥"

ਸਾਂਝਾਂ ਕੇਵਲ ਅਧਿਆਤਮਕ ਤੇ ਸੰਸਾਰ ਸੋਚਾਂ ਦੀਆਂ, ਫਲਸਫੇ ਦੀਆਂ ਹਨ ਸਾਂਝਾਂ, ਆਰਥਿਕ ਹਿੱਤਾਂ ਦੀਆਂ ਹਨ, ਸਾਂਝਾਂ ਜੀਵਨ ਸ਼ੈਲੀਆਂ ਦੀਆਂ ਹਨ। ਜੇਕਰ ਕੋਈ ਵਖਰੇਵਾਂ ਹੈ ਤਾਂ ਅਮੀਰ ਗਰੀਬ ਹੋਣ ਦਾ ਹੈ, ਆਮ ਲੋਕਾਂ ਤੇ ਸਵਾਰਥੀ ਲੋਕਾਂ ਦਾ ਹੈ ਮਾਲਕਾਂ ਤੇ ਕਾਮਿਆਂ ਵਿਚਕਾਰ ਪੈਸੇ ਦੀ ਅਸਾਵੀਂ ਵੰਡ ਦਾ ਹੈ। ਸਾਰੇ ਧਰਮਾਂ ਦੇ ਕਿਰਤੀ ਗਰੀਬ ਭਰਾ-ਭਰਾ ਹਨ ਤੇ ਉਨ੍ਹਾਂ ਦੇ ਹੀ ਧਰਮਾਂ ਦੇ ਉਦਯੋਗਪਤੀ ਤੇ ਹਾਕਮ ਨਾਲ ਉਨ੍ਹਾਂ ਦਾ ਵਿਰੋਧ ਹੈ। ਖਤਰਾ ਸਿੱਖ ਧਰਮ ਨੂੰ ਨਹੀਂ, ਖਤਰਾ ਗਰੀਬ ਸਿੱਖਾਂ ਨੂੰ ਅਮੀਰ ਸਿੱਖਾਂ ਤੋਂ ਹੈ, ਗਰੀਬ ਹਿੰਦੂਆਂ ਨੂੰ ਅਮੀਰ ਟਾਟੇ-ਬਿਰਲਿਆਂ ਤੋਂ ਹੈ। ਇਸ ਸੱਚ ਦੀ ਗਵਾਹੀ ਪੰਜਾਬ ਦਾ ਇਤਿਹਾਸ, ਹਿੰਦੋਸਤਾਨ ਦਾ ਇਤਿਹਾਸ, ਸੰਸਾਰ ਦੇ ਇਤਿਹਾਸ ਤੋਂ ਲਈ ਜਾ ਸਕਦੀ ਹੈ। ਆਪ ਪੜ੍ਹੋ, ਪਾੜ੍ਹੇ ਬਣੋ। ਅਕਲਾਂ ਵਾਲਿਉ ਆਪਣੀ ਅਕਲ ਦਾ ਚਾਨਣ ਮਾਣੋ ਤੇ ਚਾਨਣ ਵੰਡੋ।

ਤੁਹਾਨੂੰ ਮੁਕਤੀ ਚਾਹੀਦੀ ਹੈ- ਆਉ, ਤੁਹਾਨੂੰ ਅਨੰਦ ਦੀ ਲੋੜ ਹੈ- ਆਉ, ਜੀਵਨ ਵਿੱਚ ਖੇੜੇ ਲੋੜਦੇ ਹੋ- ਆਉ, ਸਹਿਜ-ਸਾਧਨਾ ਮੁਕਤੀ ਦਾ ਸਿੱਧਾ ਤੇ ਸਹਿਜ ਰਸਤਾ ਹੈ। ਆਉ, ਆਪੇ ਕਮਾਉ ਤੇ ਆਪੇ ਪਾਉ।

ਸਹਿਜ-ਸਾਧਨਾ ਇੱਕ ਜੀਵਨ ਜਾਚ (ਧਰਮ) ਹੈ। ਇਹ ਹਰ ਇੱਕ ਦਿਨ ਦੇ 24 ਘੰਟੇ ਚੰਗੇਰਾ ਜਿਉਣ ਤੇ ਜੀਣ ਦੇਣ ਦੇ ਵੱਲ ਦੀ ਸਿੱਖਿਆ ਹੈ। ਕੁੱਝ ਇਸ ਤਰ੍ਹਾਂ ਦੀ ਜੀਵਨ ਛਾਪ ਜਮਾਨੇ ਵਿੱਚ ਛੱਡ ਜਾਵੋ ਕਿ ਜ਼ਿੰਦਗੀ ਮਾਂ ਦੱਸਦੀ ਫਿਰੇ ਕਿ ਉਸ ਨੇ ਇੱਕ ਪੁੱਤਰ ਜੰਮਿਆ ਸੀ ਤੇ ਜਦੋਂ ਉਹ ਗਿਆ ਤਾਂ ਜਿਵੇਂ ਉਸ ਦੀ ਗੋਦ ਖਾਲੀ-ਖਾਲੀ ਹੋ ਗਈ ਹੋਵੇ। ਜਾਂਦਾ ਹੋਇਆ ਕਬੀਰ ਅਨੰਦ-ਅਨੰਦ ਤੇ ਸਾਰੇ ਜਹਾਨ ਦੀਆਂ ਅੱਖਾਂ ਸੇਜਲ, ਸੇਜਲ। ਨਾਨਕ ਜਾਵੇ ਤਾਂ ਮੁਸਲਮਾਨ ਆਪਣਾ ਆਖ ਕੇ ਰੋਣ ਤੇ ਹਿੰਦੂ ਆਪਣੇ ਦੇ ਜਾਣ ਤੇ ਵਿਲਕਦੇ ਫਿਰਨ।

ਸਹਿਜ ਸਾਧਨਾ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਸ ਵਿੱਚ ਹੈ ਕਿ ਇਹ ਜੀਵਨ-ਜਾਚ ਸ਼ੁਰੂ ਹੁੰਦੀ ਹੈ ਸਮੁੱਚ ਦੇ ਸੰਦਰਭ ਵਿੱਚ ਆਪੇ ਦਾ ਮੁਲਾਂਕਣ ਕਰਨ ਤੋਂ। ਇਸ ਵਿੱਚ subjectivity ਤੇ ਹਉਮੈ ਭਾਵ ਨੂੰ ਇੰਨਾ ਮਹੀਨ ਕਰ ਦੇਣਾ ਹੈ ਕਿ ਇਹ ਨਜ਼ਰ ਹੀ ਨਾ ਆਵੇ। ਇਸ ਵਿੱਚ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ ਆਪਣੇ ਤੋਂ ਵੱਡਿਆਂ ਦੀ ਤੇ ਮੋਹਰ ਲਗਵਾ ਲੈਣਾ ਚੰਗੀ ਹੁੰਦੀ ਹੈ ਆਪਣੇ ਜੀਵਿਤ ਤੇ ਜਾਗ੍ਰਿਤ ਗੁਰੂ ਦੀ। ਇਸ ਜੀਵਨ-ਜਾਚ ਦੀ ਕਿਸੇ ਵੀ ਸਥਾਪਿਤ, ਸਤਕਾਰਿਤਾ, ਧਰਮ ਸੰਸਥਾ ਨਾਲ ਨਾ ਕੋਈ ਸਾਂਝ ਹੈ ਜਾਂ ਜੋੜ ਹੈ ਨਾ ਮੁਕਾਬਲਾ ਹੈ। ਬੀਤੇ ਦੇ ਸਮੁੱਚੇ ਸੰਸਾਰ ਦੇ ਲੋਕਾਂ ਦਾ ਰਾਹ ਰੁਸ਼ਨਾਉਂਦੇ ਗੁਰੂਆਂ, ਪੀਰਾਂ ਤੇ ਪੈਗੰਬਰਾਂ ਦੀਆਂ ਬਾਣੀਆਂ ਤੋਂ ਯਥਾ ਜੋਗ ਸੇਧ ਲੈ ਕੇ ਤੁਰੇ, ਅਜੋਕੇ ਯੁੱਗ ਦੀਆਂ ਚੁਣੌਤੀਆਂ ਦੇ ਜਵਾਬ ਵਜੋਂ ਲੋਕਾਈ ਦੀ ਵਿਕਾਸਮੁਖੀ ਤੋਰ ਨੂੰ ਆਸਾਨ ਤੇ ਸੁਖੈਨ ਕਰਨ ਹਿੱਤ ਇਹ ਇੱਕ ਉਪਰਾਲਾ ਹੈ।

ਧਰਮਾਂ, ਜਾਤਾਂ ਗੋਤਾਂ ਦੇ ਵਖਰੇਵਿਆਂ ਤੋਂ ਉੱਪਰ ਉਠੇ ਚਾਹਵਾਨ ਮਿੱਤਰ ਕਿਸੇ ਸੋਹਣੀ ਸਵੇਰ ਨੂੰ ਤਨ ਤੇ ਮਨ ਨੂੰ ਸੁੱਚਾ ਕਰਕੇ ਇਕਾਂਤ ਵਿੱਚ ਆਪਣੇ ਗੁਰੂ ਪੀਰ ਨੂੰ ਧਿਆ ਕੇ ਪਰਮਾਤਮਾ ਦੀ ਸ਼ਰਨ ਲੈਣ ਤੇ ਬੇਨਤੀ ਕਰਨ "ਹੇ ਸਾਈਆਂ ਆਪਣੇ ਬੱਚੇ ਨੂੰ ਆਪਣੀ ਸ਼ਰਣ ਵਿੱਚ ਰੱਖ ਤੇ ਅਜਿਹੀ ਸ਼ਕਤੀ ਦੇਹ ਕਿ ਮੈਂ ਆਪਣੇ ਆਪ ਦਾ ਸਹੀ ਮੁਲਾਂਕਣ ਕਰ ਸਕਾਂ ਤੇ ਗੁਰੂ ਦੀ ਮੋਹਰ ਲਗਵਾ ਕੇ ਸੱਚੇ ਮਾਰਗ ਦਾ ਪਾਂਧੀ ਬਣਾਂ।"

ਬੇਨਤੀ ਉਪਰੰਤ ਅੰਤਰ ਧਿਆਨ ਹੋਵੋ ਤੇ ਹਉਮੈ ਮੁਕਤ ਅਵਸਥਾ ਵਿੱਚ ਮੁਲਾਂਕਣ ਕਰੇ। ਆਪਣੇ ਗੁਣ-ਔਗੁਣ, ਸੁਮੱਤ-ਕੁਮੱਤ, ਪੰਜਾਂ ਸਵਾਦਾਂ ਤੇ ਵਿਜੈ ਪ੍ਰਾਪਤੀ ਵਿੱਚ ਸਫ਼ਲਤਾ ਤੇ ਅਸਫ਼ਲਤਾ ਦਾ ਅਨੁਪਾਤ ਪਰਖੋ। ਐਤਵਾਰੀ ਸੰਗਤ ਵਿੱਚ ਆਪਣੇ ਤੋਂ ਵੱਡੇ ਨਾਲ ਵਿਚਾਰ ਸਾਂਝੇ ਕਰੋ 'ਤੇ ਵਾਦ-ਵਿਵਾਦ ਦੀ ਵਿਆਧੀ ਤੋਂ ਉਚੇਰੇ ਉੱਠ ਕੇ ਵੱਡੇ ਦੇ ਵਿਚਾਰਾਂ ਦਾ ਨਿਰੀਖਣ ਕਰੋ ਤੇ ਸਮਝੋ। ਮੌਕੇ ਢੂੰਡੇ ਕਿ ਗੁਰੂ ਦੇ ਦਰਸ਼ਨ ਹੋਣ ਤੇ ਮੋਹਰ ਲਗਵਾਉਣ ਦਾ ਅਵਸਰ ਮਿਲੇ। ਇਥੇ ਵਿਸ਼ੇਸ਼ ਚੇਤਾਵਨੀ ਹੈ ਕਿ ਤੁਸੀਂ ਆਪਣੀ ਕਮਾਈ ਤਾਂ ਉਸੇ ਪਲ ਤੋਂ ਹੀ ਆਰੰਭ ਕਰ ਦੇਣੀ ਹੈ ਜਿਸ ਪਹਿਲੀ ਸੁੱਲਖਣੀ ਸਵੇਰ ਨੂੰ ਤੁਸੀਂ ਬੇਨਤੀ ਹਿੱਤ ਹਾਜ਼ਰੀ ਭਰੀ। ਉਸੇ ਪਲ ਤੋਂ ਆਪਾ ਅਰਪਣ ਕਰ ਦਿਓ ਗੁਰੂ ਨੂੰ। ਵਿਸ਼ਵਾਸ਼ ਕਰੋ ਕਿ ਜਿੱਤ ਵੱਲ ਪਹਿਲਾ ਕਦਮ ਪੁੱਟਿਆ ਗਿਆ। ਸਾਰਥਕ ਕਾਰਜਸ਼ੀਲਤਾ ਵਜੋਂ ਪਹਿਲੇ ਦਿਨ ਦੇ ਪਹਿਲੇ ਹੀ ਪਲ ਤੋਂ ਚੰਗਾ ਤੇ ਚੰਗੇਰਾ ਕੰਮ ਕਰਨਾ ਸ਼ੁਰੂ ਕਰ ਦੇਵੋ ਤੇ ਲੱਗੇ ਰਹੋ।

"ਸਾਬਤ ਸਿਦਕ ਤੇ ਕਦਮ ਅਗੇਰੇ, ਤਾਂਹੀਏ ਰੱਬ ਲੱਭੀਵੇ ਹੂ।"

ਸੁਲਤਾਨ ਬਾਹੂ

✶✶✶✶

## ਗੁਰੂ

ਗੁਰੂ ਉਹ ਸਿੱਧ ਮਹਾਂ-ਪੁਰਖ ਹੁੰਦਾ ਹੈ ਜਿਸਦੇ ਦਰਸ਼ਨ ਕਰਕੇ ਸੁੱਖ ਸ਼ਾਂਤੀ ਤੇ ਖੁਸ਼ੀ ਦਾ ਅਹਿਸਾਸ ਹੋਵੇ ਜਿਸਦੀ ਸੰਗਤ ਨਾਲ ਸਾਡਾ ਜੀਵਨ ਹੋਰ ਖੁਸ਼ਗਵਾਰ ਹੋ ਜਾਵੇ-ਜੀਣ ਨੂੰ ਦਿਲ ਕਰੇ ਤੇ ਸਭ ਕੁੱਝ ਭਰਿਆ-ਭਰਿਆ ਤੇ ਹਰਿਆ-ਹਰਿਆ ਜਾਪਣ ਲੱਗ ਜਾਵੇ, ਜਿਸਦੀ ਯਾਦ ਆਵੇ ਤਾਂ ਪਿਆਰ ਦੀ ਸੁਗੰਧ ਨਾਲ ਜ਼ਿੰਦਗੀ ਮਹਿਕ ਉੱਠੇ। ਵਧੇਰੇ ਸੁਖਸ਼ਮ ਤੇ ਨਿਖੇੜਨ ਬੁੱਧੀ ਨਾਲ ਵਿਚਾਰੀਏ ਤਾਂ ਗੁਰੂ ਉਹ ਰੂਹ ਹੈ ਜਿਸ ਦੇ ਚਰਨੀਂ ਲੱਗਿਆਂ ਜੀਵਾਤਮਾ ਸਹਿਜ ਵਿਦਿਆ (ਸ਼ੁੱਧ ਵਿਦਿਆ) ਦੀ ਗਿਆਤਾ ਹੋ ਜਾਵੇ। ਸ਼ੁੱਧ ਵਿਦਿਆ ਉਹ ਹੈ ਜਿਸ ਦੀ ਪ੍ਰਾਪਤੀ ਨਾਲ ਸਭ ਕੁੱਝ ਰੱਬ ਤੇ ਰੱਬ ਦਾ ਜੱਗ-ਇੱਕੋ ਹੀ ਜਾਪਣ ਲੱਗ ਜਾਵੇ। ਰੱਬ ਤੇ ਜੱਗ ਦਰਮਿਆਨ ਕੋਈ ਖਾਈ-ਕੋਈ ਫਾਸਲਾ-ਕੋਈ ਵਖਰੇਵਾਂ ਹੋਵੇ ਹੀ ਨਾ। ਇਸ ਗਿਆਨ ਦਾ ਦ੍ਰਿੜ ਵਿਸ਼ਵਾਸ਼ ਹੋ ਜਾਵੇ ਜੋ ਅਕਾਲ ਪੁਰਖ ਦੇ ਕਰਤਾਪੁਰਖੀ ਸਰੂਪ ਦੀ ਗਿਆਨ ਸ਼ਕਤੀ ਪ੍ਰਾਪਤ ਕਰਕੇ ਆਪਾ ਵੀ ਤੇ ਸਰਬ ਤੱਤ ਵੀ ਉਹੋ ਹੀ ਜਾਪਣ ਲੱਗੇ। ਪੁਰਾਣੀਆਂ ਕੈਸਟਾਂ ਵਿੱਚ ਗੁਰੂ ਬਾਰੇ ਵਿਚਾਰ ਕਰਦਿਆਂ ਗੁਰੂ ਨੂੰ ਅਪਹੁੰਚ ਗਰਦਾਨਿਆ ਗਿਆ ਹੈ ਤੇ ਇਹ ਸੱਚ ਵੀ ਹੈ ਕਿ ਚੇਲਾ ਆਪਣੇ ਗੁਰੂ ਦੀ ਥਾਹ ਨੂੰ ਜਾਣ ਨਹੀਂ ਸਕਦਾ। ਉਹ ਗੁਰੂ ਜੀ ਨੂੰ ਉਸਦੀ ਪੂਰਣਤਾ ਤੱਕ ਪਕੜ ਨਹੀਂ ਸਕਦਾ। "ਗੁਰੂ ਜਿੰਨ੍ਹਾਂ ਦੇ ਟੱਪਣੇ-ਚੇਲੇ ਜਾਣ ਛੜੱਪ।" ਇਹ ਅਖਾਣ ਜੱਗ ਦੀ ਵਿਦਿਆ, ਜੱਗ ਦੇ ਗਿਆਨ ਬਾਰੇ ਹੈ ਜਿੱਥੇ ਗੁਰੂ ਵੀ ਜਗਤ ਗਿਆਨ ਤੱਕ ਸੀਮਿਤ ਹੁੰਦਾ ਹੈ ਜਿੱਥੇ ਗੁਰੂ ਦੀ ਵੀ ਇੱਕ ਸੀਮਾ ਹੈ। ਹਰ ਸੀਮਾ ਤੱਕ ਪਹੁੰਚਿਆ ਜਾ ਸਕਦਾ ਹੈ ਪਰ ਅਸੀਮਤਾ ਹੋ ਚੁੱਕੇ ਸੀਮਤ ਜਾਪਦੇ ਦਾ ਭਰਮ ਦਿੰਦੇ ਸ਼ੁਭ-ਲਛਣੇ (ਜਿਸ ਨੂੰ ਪਿਆਰ ਵਿੱਚ 'ਕੁਲਛਣਾ' ਆਖਿਆ ਜਾਂਦਾ ਰਿਹਾ ਹੈ) ਦੀਆਂ ਤਾਂ ਬਾਤਾਂ ਹੀ ਕੁੱਝ ਹੋਰ ਹੁੰਦੀਆਂ ਹਨ।

ਗੁਰੂ ਦੀ ਕਿਰਿਆ-ਸ਼ਕਤੀ ਦਾ ਰੰਗ ਵੀ ਸ਼ੁੱਧ-ਵਿਦਿਆ (ਸਹਿਜ ਵਿਦਿਆ) ਦੀ ਪ੍ਰਾਪਤੀ ਕਾਰਣ ਬਦਲ ਗਿਆ ਹੁੰਦਾ ਹੈ। ਉਹ ਨਾ ਸੁਕਰਮੀ, ਨਾ ਹੀ ਕੁਕਰਮੀ, ਸਗੋਂ ਅਕਰਮੀ ਹੋ ਨਿਬੜਦਾ ਹੈ ਤੇ ਉਹਦੀ ਇੱਛਾ (will) ਤਾਂ ਹੁੰਦੀ ਹੀ ਨਹੀਂ। ਭਾਣੇ ਦਾ ਰੂਪ ਹੋ ਚੁੱਕਿਆ ਗੁਰੂ ਜਾਪਦਾ ਹੀ ਹੈ ਕਿ ਉਹ ਹੈ ਪਰ ਉਹ ਹੁੰਦਾ ਕਿੱਥੇ ਹੈ ? ਉਸਦੇ ਧਰਤੀ ਤੇ ਹੋਣ ਦਾ ਅਹਿਸਾਸ ਤਾਂ ਉਸਨੂੰ ਛੂਹ ਕੇ ਹੀ ਹੁੰਦਾ ਹੈ। ਵਧੇਰੇ ਸਪੱਸ਼ਟਤਾ ਨਾਲ ਆਖੀਏ ਤਾਂ ਕਹਿ ਸਕਦੇ ਹਾਂ ਕਿ ਉਹ ਤਾਂ ਸ਼ਕਤੀ ਸਰੂਪ ਵਿੱਚ ਖੋ ਗਿਆ ਹੁੰਦਾ ਹੈ ਤੇ ਇਥੇ ਗੁਰੂ ਦਿੱਸਣ ਲਈ ਹੀ ਉਹ ਗੁਰੂ ਹੁੰਦਾ ਹੈ।

"ਗੁਰੁ ਪਰਮੇਸਰ ਗੁਰੁ ਗੋਬਿੰਦ" ...........ਆਸਾ ਮ: 5 ਅੰਕ 897

ਜੇ ਕਰ ਅੰਗਰੇਜ਼ਾਂ ਦੇ ਬਾਬਾ ਜੀ ਲਾਰਡ ਕਰਾਈਸਟ ਦੀ ਵਿਚਾਰਧਾਰਾ ਅਨੁਸਾਰ ਬੋਲੀਏ ਤਾਂ ਅਜਿਹੇ ਮਹਾਂਪੁਰਖ-

" Partakers of God Nature ਹੈ। (ਸਿੱਧ ਅਸਤਿਤਵ)

- Shiva Sutra-No. 25, Anavopaya (ਆਣਵੋਪਾਏ)

– ''शिवतुल्यो जायते''

(Such a Jogi) become like Siva with the Intensive Practice of remaining in the turya state he obtains the turyatita (ਤੁਰੀਆਤੀਤ) state and thus becomes like God Siva who is perfectly pure, absolutely free and a mass of consciousness and bliss. So long as the body aspect does not vanish, he is like Siva. When the body perishes he is veritably Siva.

ਅਜਿਹਾ ਜੋਗੀ ਤੁਰੀਆ ਅਵਸਥਾ ਵਿੱਚ ਸਾਧਨਾ ਕਰਦਾ ਹੀ ਤੁਰੀਆਤੀਤ ਅਵਸਥਾ ਨੂੰ ਪ੍ਰਾਪਤ ਕਰ ਜਾਂਦਾ ਹੈ ਅਤੇ ਇਸ ਤਰ੍ਹਾਂ ਪਰਮਾਤਮਾ ਸ਼ਿਵ ਵਰਗਾ ਬਣ ਜਾਂਦਾ ਹੈ ਜੋ ਕਿ ਪਰਮ ਪਵਿੱਤਰ, ਸੰਪੂਰਣ ਸੁਤੰਤਰ, ਚੇਤਨਤਾ ਸਰੂਪ ਅਤੇ ਮਹਾਂ ਆਨੰਦ ਰੂਪ ਹੈ। ਜਦੋਂ ਤੱਕ ਸਰੀਰ ਹੈ ਅਜਿਹਾ ਜੋਗੀ ਸ਼ਿਵਜੀ ਵਰਗਾ ਹੈ ਪਰ ਸਰੀਰ ਨਾਸ਼ ਉਪਰੰਤ ਉਹ ਸ਼ਿਵਾ ਹੀ ਹੁੰਦਾ ਹੈ।

ਸਹਿਜਧਾਰਾ ਸਤਿਸੰਗ ਲਈ ਮੂਲਮੰਤਰ ਰੱਬੀ ਬਖਸ਼ਿਸ਼ ਹੈ। ਸਾਧਨਾ ਸਤਿਕਾਰ ਤੇ ਸਮਰਪਿਤ ਭਾਵ ਨਾਲ ਸ਼ਬਦ ਜੀਵਤ ਹੋ ਕੇ ਧੜਕਣ ਲੱਗ ਪੈਂਦੇ ਹਨ। ਇਕਸੁਰ ਹੋ ਕੇ ਅਰਥਾਂ ਦੀ ਤਾਲ ਲੈਣ ਨਾਲ ਅੰਤਰਨਾਦ ਛਿੜਦਾ ਹੈ....

ਸਹਿਜਧਾਰਾ ਸਤਿਸੰਗ ਦੀ ਪਰਵਾਨਿਤ ਜੀਵਨ ਸ਼ੈਲੀ ਵਿੱਚ ਮੂਲਮੰਤਰ ਨੂੰ ਹੀ ਵਿਸ਼ੇਸ਼ ਸਥਾਨ ਪ੍ਰਾਪਤ ਹੈ ਜਿਸ ਵਿੱਚ ਸਵੇਰ ਸਾਰ ਮੂਲਮੰਤਰ ਦੀ ਇੱਕ ਮਾਲਾ ਕਰਨ ਉਪਰੰਤ ਹੀ ਭੋਜਨ ਛਕਣਾ ਹੈ ਤੇ ਸ਼ਾਮੀਂ/ਰਾਤੀਂ ਮੂਲਮੰਤਰ ਦੀ ਸਾਧਨਾ ਪਿੱਛੋਂ ਹੀ ਅੰਨ ਪਾਨ ਕਰਨੀ ਹੈ। ਸਾਧਨਾ ਸ਼ੁਰੂ ਕਰਨ ਸਮੇਂ ਹੀ ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਮੂਲਮੰਤਰ ਦਾ ਜਾਪ ਕਰਨ ਵਿੱਚ ਚਿੰਨ੍ਹ ਮਾਤਰ ਸਿਮਰਣ ਦੀ ਘੱਟ ਤੋਂ ਘੱਟ ਹੱਦ ਵਿਧੀਵਤ ਨਿਸ਼ਚਤ ਕਰ ਲੈਣੀ ਜ਼ਰੂਰੀ ਹੈ। ਨਮਸਕਾਰ ਕਰਕੇ ਗੁਰੂ ਆਗਿਆ ਪ੍ਰਾਪਤੀ ਲਈ ਬੇਨਤੀ ਕਰੋ। ਗੁਰੂ ਤਾਂ ਭੋਲਾ ਭੰਡਾਰੀ-ਸ਼ਿਵ ਸ਼ੰਕਰ ਦਾ ਸੁਭਾਉ ਰੱਖਦਾ ਹੈ।

ਹੱਕ ਹਲਾਲ ਕੁਰਾਨ ਦੇ ਪੈਗੰਬਰੀ ਹੁਕਮ ਅਨੁਸਾਰ ਰੋਟੀ ਰੋਜ਼ੀ ਲਈ ਕੰਮ ਕਰੋ। "ਦਇਆ ਕਪਾਹੁ ਸੰਤੋਖੁ ਸੂਤ ਜਤੁ ਗੰਡੀ ਸਤੁ ਵਟੁ" ਦੇ ਆਦੇਸ਼ ਅਨੁਸਾਰ ਦਯਾ, ਸੱਚ, ਸੰਤੋਖ, ਸਬਰ, ਸੰਤੁਸ਼ਟਤਾ, ਸਵੈ ਸਮੀਖਿਆ ਕਰਦੇ ਆਪੇ ਦੀ ਵਿਕਾਸਧਾਰਾ ਵਿੱਚ ਲੀਨ ਹੋ ਜਾਵੋ। ਮੈਂ ਦਾ ਸਵੈਮਾਨ ਰੱਖਦੇ ਹੋਏ ਤੂੰ ਦੀ ਸੇਵਾ ਲਈ ਤਤਪਰ ਰਹੋ ਤੇ ਮੌਕੇ ਲੱਭੋ ਸੇਵਾ ਕਰਨ ਦੇ। ਇਸ ਭੈ ਵਿੱਚ ਰਹੋ ਕਿਤੇ ਉਹ ਪਰੇ ਹੀ ਨਾ ਕਰ ਦੇਵੇ, ਇਸ ਲਈ ਭਾਉ ਦਾ ਭਾਵ ਬਣਾਈ ਰੱਖੋ ਅਤੇ ਤਨ ਤੇ ਮਨ ਉਸਦੇ ਅਰਪਣ ਕਰਨ ਲਈ ਸਦਾ ਤਤਪਰ ਰਹੋ ਤਾਂ ਕਿ ਉਹ ਪਰੇ ਜਾ ਹੀ ਨਾ ਸਕੇ। ਜ਼ਿੰਦਗੀ ਲਈ ਪਿਆਰ ਤੇ ਜ਼ਿੰਮੇਵਾਰੀ ਦੇ ਅਹਿਸਾਸ ਉੱਤੇ ਹਰ ਵਕਤ ਪਹਿਰਾ ਦਿਓ। ਸਦਾ ਖ਼ਬਰਦਾਰ ਰਹੋ ਤੇ ਇਸ ਵਿੱਚ ਖੁਸ਼ ਰਹੋ। ਸੰਤੁਸ਼ਟ ਰਹੋ।

"ਜੋ ਦਮ ਗਾਫਲ ਸੋ ਦਮ ਕਾਫਰ
ਸਾਨੂੰ ਮੁਰਸ਼ਦ ਇਹ ਪੜ੍ਹਾਇਆ ਹੂ।"

ਸੌਣਾ ਤੁਹਾਡੀ ਜ਼ਿੰਦਗੀ ਦੇ ਸਰੀਰਕ, ਮਾਨਸਿਕ ਤਨਾਅ ਤੋਂ ਨਿਜ਼ਾਤ ਦਿਵਾਉਣ ਲਈ ਤੇ ਸੰਤੁਲਨ ਸਥਾਪਤ ਕਰਨ ਦੇ ਮਨੋਰਥ ਨਾਲ, ਸਾਡੇ 24 ਘੰਟੇ ਦਾ ਸਮਾਂ ਹੈ। ਸੌਣ ਲਈ ਵੱਧ ਤੋਂ ਵੱਧ 8 ਘੰਟੇ ਤੇ ਘੱਟ ਤੋਂ ਘੱਟ 6 ਘੰਟੇ ਦਾ ਸਮਾਂ ਰੱਖੋ ਜਿਵੇਂ ਲੋਕ ਆਖਦੇ ਨੇ ਸੋਇਆ ਮੋਇਆ ਇੱਕ ਬਰਾਬਰ-ਇਹ ਠੀਕ ਨਹੀਂ ਹੈ। ਸੌਣਾ ਜੀਵਨ ਲਈ ਬਹੁਤ ਜ਼ਿਆਦਾ ਜ਼ਰੂਰੀ ਹੈ। ਇਸਦੀ ਅਹਿਮੀਅਤ ਨੂੰ ਪਹਿਚਾਣ ਕੇ ਇਸ ਸਮੇਂ ਦਾ ਯੋਗ ਮੁੱਲ ਪਾਓ। "ਅਲਪ ਆਹਾਰ ਖਨਕ ਸੀ ਨਿੰਦਰਾ" ਨੂੰ ਹਮੇਸ਼ਾ ਯਾਦ ਰੱਖੋ। ਛੋਟਿਆਂ ਲਈ ਪਿਆਰ, ਵੱਡਿਆਂ ਦਾ ਸਨਮਾਨ ਸਦਾਚਾਰਕ ਕੀਮਤਾਂ ਦਾ ਆਧਾਰ ਹੈ। ਬੱਚਿਆਂ, ਔਰਤ ਤੇ ਮਾਪਿਆਂ ਪ੍ਰਤੀ ਜ਼ਿੰਮੇਵਾਰੀ ਵੱਲੋਂ ਬਿਲਕੁਲ ਅਵੇਸਲੇ ਨਹੀਂ ਹੋਣਾ। ਇਹ ਫਰਜ਼ ਵੀ ਉਸੇ ਹੀ ਮਨ ਨਾਲ ਜਿਵੇਂ ਤੁਸੀਂ ਆਪਣੇ ਗੁਰਦੇਵ ਤੇ ਪਰਮਾਤਮਾ ਪ੍ਰਤੀ ਸਮਰਪਿਤ ਹੋਣਾ ਹੈ, ਉਸੇ ਸੁਹਿਰਦਤਾ ਨਾਲ ਕਰਨਾ ਬਣਦਾ ਹੈ।

ਜੀਵਨ ਵਿੱਚ ਸਹਿਜ ਦੀ ਪ੍ਰਾਪਤੀ ਲਈ ਸਾਦਗੀ, ਸਚਾਈ, ਸਬਰ, ਸੰਤੋਖ, ਸਦਭਾਵਨਾ ਦਾ ਧਾਰਣੀ ਹੋਣਾ ਅਤਿ ਆਵਸ਼ਕ ਹੈ। ਜੀਵਨ ਵਿੱਚ ਕੋਈ ਵਿਸ਼ੇਸ਼ ਉਚੇਚ ਨਹੀਂ ਰੱਖਣੀ। ਲਿਬਾਸ ਦੀ ਸਾਦਗੀ ਨੂੰ ਰੰਗਾਂ ਦੇ ਭੜਕਾਊਪੁਣੇ ਤੋਂ ਬਚਾਓ। ਭਾਵਾਂ ਦੇ ਭਾਂਬੜਾਂ ਨੂੰ ਤੇ ਤਨ ਦੀ ਹਵਸ ਨੂੰ, ਪੈਸੇ ਦੇ ਲੋਭ ਨੂੰ, ਸ਼ੌਹਰਤ ਦੀ ਚਕਾਚੌਂਧ ਰੌਸ਼ਨੀ ਨੂੰ ਸੰਭਾਲ ਕੇ ਲੋੜਾਂ ਦੀ ਹੱਦ ਅੰਦਰ ਸਾਂਭ ਕੇ ਰੱਖਣਾ ਹੀ ਬਣਦਾ ਹੈ। ਨਾਂਹ ਪੱਖੀ ਸੋਚ, ਨਾਂਹ ਪੱਖੀ ਵਤੀਰਾ, ਨਾਂਹ ਪੱਖੀ ਦ੍ਰਿਸ਼ਟੀ ਨੂੰ ਸਹਿਜ ਦੇ ਨਿੱਘ ਵਿੱਚ ਦੁਲਾਰ ਕੇ ਲੋੜਾਂ ਦੀਆਂ ਸੰਜਮ ਮਈ ਪੂਰਤੀਆਂ ਤੱਕ ਸੀਮਤ ਕਰਨਾ ਹੈ। ਅਨੁਸ਼ਾਸਿਤ ਜੀਵਨ ਜੀਣ ਬਿਨਾਂ ਸਹਿਜ ਸਾਧਨਾ ਸੰਭਵ ਹੀ ਨਹੀਂ। ਸਹਿਜ ਯੋਗ ਦੀ ਕਮਾਈ ਤਾਂ ਕਿਥੋਂ ਹੋਣੀ ਹੈ। ਸਹਿਜ ਸਿਧੀ, ਸਹਿਜ ਸਮਾਧੀ ਤੇ ਸਹਿਜ ਸਮਾਅ ਤਾਂ ਦੁਰੇਡੇ ਦੀਆਂ ਬਾਤਾਂ ਲੱਗਦੀਆਂ ਹਨ। ਧਾਰਮਕ ਉਚਾਈਆਂ ਤੱਕ ਦੀ ਉਡਾਨ ਭਰਨ ਵਾਲਿਆਂ ਲਈ ਜ਼ਰੂਰੀ ਹੈ ਕਿ ਉਹ ਗੁਰੂ ਵਾਲੇ ਹੀ ਨਾ ਹੋਣ ਸਗੋਂ ਗੁਰ ਗਿਆਨ ਨਾਲ ਜਾਗ੍ਰਿਤ ਜੀਵਾਤਮਾਵਾਂ ਹੋਣ, ਸਿੱਖ ਵੀਰ ਨਾਨਕ ਪਾਤਸ਼ਾਹ ਦੀ ਸਿੱਖੀ ਦੀ ਕਮਾਈ ਕਰਨ, ਦੁਹਾਈ ਨਾ ਦੇਣ। ਮੁਸਲਮਾਨ ਵੀਰ ਪਾਵਨ ਕੁਰਾਨ ਸ਼ਰੀਫ ਦੀਆਂ ਆਇਤਾਂ ਨੂੰ ਜੀਵਨ ਵਿੱਚ ਕਮਾਉਣ। ਈਸਾਈ ਵੀਰ ਸੁਚੱਜੇ ਈਸਾਈ ਬਣਨ ਤੇ ਲਾਰਡ ਕਰਾਈਸਟ ਦੀ ਫਕੀਰੀ ਦਾ ਰੰਗ ਆਪਣੇ ਜੀਵਨ ਵਿੱਚ ਭਰਨ ਤੇ ਹਿੰਦੂ ਵੀਰ ਸ਼ਿਵ ਜੀ ਮਹਾਰਾਜ ਦੇ ਸ਼ਿਵ-ਸੂਤਰ ਤੋਂ ਧਰਮ ਸਾਧਨਾ ਸਿੱਖਣ। ਸਾਰਿਆਂ ਲਈ ਸਾਰਥਿਕ ਵਿਚਾਰਧਾਰਾ ਚੰਗੇਰੇ ਕੰਮ ਲਈ ਚਾਹੀਦੀ ਹੈ ਨਾ ਕਿ ਲਿਸ਼ਕਦੇ ਸੋਨੇ ਦੇ ਸਿੱਕਿਆਂ ਦਾ ਮੋਹ।

ਸਹਿਜ ਸਿਧੀ ਦੀ ਸਾਧਨਾ-ਧਾਰਮਿਕ ਜੀਵਨ ਦੀ ਸੰਪੂਰਣਤਾ ਤੋਂ ਅੱਗੇ ਸੁਲਤਾਨ ਬਾਹੂ ਦੇ ਰੰਗ ਵਾਲੇ ਸੂਫੀਵਾਦ ਵੱਲ ਜਾਣ ਦਾ ਸਫਰ ਹੈ ਜਿਸ ਰਾਹ ਵਿੱਚ ਦਿਲ ਦਾ ਜਾਨੀ ਬੁਲਾ ਸ਼ਾਹ ਵੀ ਜੀ ਆਇਆਂ ਆਖਦਾ ਮਿਲਦਾ ਹੈ। ਇੱਕ ਰਾਤ ਤਾਂ ਹੀਰ ਮਾਈ ਦੇ ਡੇਰੇ ਵੀ ਆਰਾਮ ਕਰਨਾ ਹੁੰਦਾ ਹੈ। ਬੀਬੀ ਗਾਰਗੀ ਵੀ ਰਾਹੇ ਥੱਕਦਿਆਂ ਨੂੰ ਮਿੱਠੀਆਂ-ਮਿੱਠੀਆਂ ਸੁਣਾਉਂਦੀ ਹੈ ਤੇ ਬੀਬੀ ਰਾਧਾ ਵਾਲਾ ਹੁਕਮ ਚਲਾਉਣ ਦੇ ਵੀ ਕਈ ਮੌਕੇ ਮਿਲਦੇ ਹਨ। ਸਮਝਾਂ ਵਾਲਿਓ! ਰਮਜ਼ਾਂ ਵੱਲ ਧਿਆਨ ਦਿਓ।

ਸਹਿਜਧਾਰਾ ਸਤਿਸੰਗ ਤਹਾਨੂੰ ਸੁਚੱਜਾ, ਸੁੱਚਾ ਤੇ ਆਰਥਿਕ ਪੱਖੋਂ ਸੁੱਖੀ ਜੀਵਨ ਜੀਣ ਦੀ ਪ੍ਰੇਰਣਾ ਕਰਦਾ ਹੈ।

"ਜੋ ਸੱਚਾ ਹੈ ਸੋ ਸੁੱਚਾ ਹੈ, ਜੋ ਝੂਠਾ ਹੈ ਉਹ ਜੂਠਾ ਹੈ।"

ਸਹਿਜਧਾਰਾ ਦੀ ਸੋਚ ਦੇ ਕਲਾਵੇ ਵਿੱਚ ਸਮੁੱਚੀ ਮਾਨਵਜਾਤੀ ਹੀ ਨਹੀਂ ਸਗੋਂ ਸਮੁੱਚਾ ਪਦਾਰਥਕ ਤੇ ਜੀਵਤ ਜਗਤ ਆਉਂਦਾ ਹੈ। ਅਸੀਂ ਜੱਗ ਨੂੰ ਕਨੇਡਾ, ਭਾਰਤ, ਪੰਜਾਬ, ਆਪਣਾ ਪਿੰਡ ਆਪਣੇ ਜਾਤ ਗੋਤਾਂ ਵਿੱਚ ਵੰਡੀਆਂ ਪਾ ਕੇ ਪੱਖ ਪੂਰਤੀਆਂ ਦੇ ਹੱਕ ਵਿੱਚ ਬਿਲਕੁਲ ਨਹੀਂ।

"ਸਭੇ ਸਾਂਝੀਵਾਲ ਦਿਸਾਇਨ ਕੋਇ ਨ ਦਿਸੈ ਬਾਹਰਾ ਜੀਉ।"

ਜੇਕਰ ਅਜੇ ਵੀ ਰਾਈ ਮਾਤਰ ਵਖਰੇਵਿਆਂ ਦੀ ਸੋਚ ਤੇ ਵਿਵਹਾਰ ਬਾਕੀ ਹੈ ਤਾਂ ਵਿਦਿਆ ਦੇ ਚਾਨਣ ਵਿੱਚ ਇਸ ਨੂੰ ਧੋ ਲਵੋ। ਗੁਰ ਗਿਆਨ ਦੀ ਪੁੱਠ ਚੜ੍ਹਾਉ ਤੇ ਆਪਣੇ ਦਿਮਾਗ ਨੂੰ ਤਾਉ ਤਾਂ ਜੋ ਇਹ ਬਦਲਾਉ ਆਪਾ ਮਹਿਸੂਸ ਕਰੇ।

ਇਸ ਤੋਂ ਅੱਗੇ ਦਾ ਮਾਰਗ ਸਹਿਜਧਾਰਾ ਸਤਿਸੰਗ ਦਾ ਮਾਰਗ, ਆਨੰਦ ਤੇ ਮੁਕਤੀ ਦਾ ਮਾਰਗ ਹੈ। ਮੁਕਤੀ ਮੁੱਲ ਨਹੀਂ ਮੁਫਤ ਮਿਲਦੀ ਹੈ। ਸ਼ਰਧਾਵਾਨ ਸਾਧਕਾਂ ਨੂੰ ਜਿਨ੍ਹਾਂ ਨੇ ਸੁਲਤਾਨ ਬਾਹੂ ਦੀ ਹੂਕ ਵਿੱਚ ਆਪਣੀ 'ਹਾਂ' ਅਭੇਦ ਕਰ ਲਈ ਹੈ ਉਨ੍ਹਾਂ ਸਹਿਜ ਦਾ ਭੇਤ ਪਾ ਲਿਆ ਹੈ।

ਅਸੀਂ ਜੱਗ ਵਿੱਚ ਰਹਿੰਦੇ ਜੀਂਦੇ ਤੇ ਥੀਂਦੇ ਹਾਂ। ਇਸ ਲਈ ਸਮੇਂ ਦੀਆਂ ਰਾਜਨੀਤਕ, ਵਿਗਿਆਨਕ ਤੇ ਤਕਨੀਕੀ ਵਿਕਾਸ ਦੀਆਂ ਡੂੰਘਾਈਆਂ ਤੇ ਉਚਾਈਆਂ ਦੇ ਹਾਣ ਦੇ ਹੋਣਾ ਬਣਦਾ ਹੈ। "ਕੁੱਲੀ ਵਿੱਚ ਬੈਠਾ ਸਾਧ ਸਿਧ ਪੁਰਖ ਨਹੀਂ ਸਗੋਂ ਛੋਟਾ ਹੁੰਦਾ ਜਾਂਦਾ ਹੈ ਜਗਤ ਵਰਤਾਰੇ ਤੋਂ ਸੱਖਣਾ ਤੇ ਊਣਾ ਹੁੰਦਾ ਜਾਂਦਾ ਹੈ।" ਇਹ ਵਾਕ ਕਾਫੀ ਵਾਰੀ ਬੁੱਝੋ-ਸੋਚੋ ਵਿਚਾਰੋ ਤੇ ਫੇਰ ਪੜ੍ਹੋ ਜਿੰਨੀ ਦੇਰ ਤੱਕ ਇਸ ਦੇ ਅਰਥ ਪੱਲੇ ਨਾ ਪੈਣ। ਜੇਕਰ ਕੁੱਝ ਸਮਝ ਨਾ ਆਵੇ ਤਾਂ ਆਪਣੇ ਤੋਂ ਵੱਡਿਆਂ ਨੂੰ ਪੁੱਛੋ। ਜੇਕਰ ਫੇਰ ਵੀ ਮਨ ਨਾ ਤ੍ਰਿਪਤੇ ਤਾਂ ਗੁਰਦੇਵ ਦੇ ਪੈਰੀਂ ਜਾ ਡਿੱਗੋ ਪਰ ਇਸ ਵਾਕ ਦੇ ਅਰਥ ਜ਼ਰੂਰ ਸਮਝੋ ਉਸੇ ਤਰ੍ਹਾਂ ਜਿਵੇਂ ਅਸ਼ਟਾਵਕਰ ਗੀਤਾ ਦੇ ਸਲੋਕ।

✶✶✶✶

# ਅਕਾਲ ਪੁਰਖ

ਪਰਮਾਤਮਾ ਨੇ ਆਪਣੀ ਰਚਨਾ ਕਾਰਜ ਦੇ ਆਰੰਭ ਤੋਂ ਹੀ ਸਾਡੇ ਦਿਮਾਗ ਦੀ ਬਣਤਰ ਵਿੱਚ ਇੱਕ ਜੀਨ ਸਮੂਹ ਅਜਿਹਾ ਵੀ ਪੈਦਾ ਕੀਤਾ ਹੈ ਜਿਹੜਾ ਵਿਕਾਸ ਮੁੱਖੀ ਹੈ। ਜੇਕਰ ਸਹਿਜਧਾਰਾ ਸਤਿਸੰਗ ਦੀ ਵਿਚਾਰਧਾਰਾ ਉਲੀਕਦਿਆਂ ਵਰਤੀ ਸ਼ਬਦਾਵਲੀ ਨੂੰ ਵਰਤੋਂ ਵਿੱਚ ਲਿਆਈਏ ਤਾਂ ਉਹ ਆਖਾਂਗੇ ਕਿ ਪ੍ਰਮਾਤਮਾ ਨੇ Plus + something ਦਾ ਅੰਮ੍ਰਿਤ ਆਪਣੀ ਕਿਰਤ ਕੁਦਰਤ ਵਿੱਚ ਪਾਇਆ ਹੈ ਜੋ ਵਿਕਾਸ ਮੁਖੀ ਹੈ ਜਿਸ ਅਨੁਸਾਰ ਸਾਬਤ ਸਿਦਕ ਵਾਲਿਆਂ ਦੇ ਕਦਮ ਅਗੇਰੇ ਜਾਂਦੇ ਹਨ ਤੇ ਉਹ Plus something ਦੀ ਸੋਝੀ ਸਹਿਜੇ-ਸਹਿਜੇ ਕਦਮ ਬ ਕਦਮ ਅਨੁਭਵ ਕਰਦੇ ਰਹਿੰਦੇ ਹਨ। ਸਭ ਤੋਂ ਵਡੇਰੇ ਦੀ ਰਹਿਮਤ ਸਦਕਾ ਅਨੰਦ ਦੀ ਸੁਗੰਧੀ ਮਾਣਦੇ ਹਨ ਤੇ ਆਮ ਪੁਰਖ ਜੇਕਰ ਨੀਝ ਲਾ ਕੇ ਤੀਖਣ ਨਜ਼ਰ ਨਾਲ ਪਰਖਣ ਤਾਂ ਉਹ ਸਾਡੇ ਪ੍ਰਤੀ ਵੀ ਉਜਾਗਰ ਹੁੰਦੀ ਹੈ। ਉਹ ਉਸੇ ਹੀ ਜੀਨ ਸਮੂਹ ਜੋ ਵਿਸ਼ੇਸ਼ੀਕ੍ਰਿਤ ਤੇ ਚਮਤਕਾਰੀ ਰੂਪ ਵਿੱਚ ਰੌਸ਼ਨ ਦਿਮਾਗ ਵਿੱਚ ਜਾਗ੍ਰਿਤ ਹੁੰਦਾ ਹੈ ਉਸ ਦੀ ਕਿਰਤ ਹੈ। ਇਸ ਨੂੰ ਤੁਸੀਂ ਰੱਬ ਦਾ ਰੰਗ ਕਹੋ ਜਾਂ ਰੱਬ ਦਾ ਡੰਗ ਕਹੋ- ਜੋ ਮਰਜ਼ੀ ਕਹੋ ਇਸ ਨਾਲ ਰੱਬ ਨੂੰ ਕੀ ਫਰਕ ਪੈਂਦਾ ਹੈ। ਉਹ ਤੁਹਾਡੇ 'ਤੇ ਹੱਸੇ ਜਾਂ ਤੁਹਾਡੇ ਕਾਰਣ ਹੱਸੇ ਇਹ ਤਾਂ ਫਿਰ ਗੱਲਾਂ ਲਈ ਇੱਕ ਗੱਲ ਹੀ ਹੈ। ਆਉ ਆਪਾਂ ਇੱਕ ਬੁਝਾਰਤ ਬੁੱਝੀਏ-

- ਅਕਾਲਪੁਰਖ→ਕਰਤਾਪੁਰਖ→ਪੁਰਖ→ਮਹਾਂਪੁਰਖ→ਕਰਤਾਪੁਰਖ→ਅਕਾਲਪੁਰਖ॥
- ਪਰਮਾਤਮਾ→ਸ਼ਕਤੀ→ਜੀਵਾਤਮਾ→ਆਤਮਾ→ ਸ਼ਕਤੀ- ਪਰਮਾਤਮਾ॥

ਸੋ ਮਨੁੱਖ ਲਈ ਚੰਗਾ ਹੈ ਕਿ ਉਹ ਆਪਣੇ ਸਮੇਂ ਵਿੱਚ ਵਿਕਸਤ ਹੋ ਰਹੇ ਗਿਆਨ ਪ੍ਰਤੀ ਜਾਗ੍ਰਿਤ ਰਹੇ ਤੇ ਆਪਣੇ ਆਸ਼ਰਿਤ ਬੱਚਿਆਂ ਨੂੰ ਜਾਗ੍ਰਿਤ ਰੱਖਣ ਦੀ ਜ਼ਿੰਮੇਵਾਰੀ ਪਾਲੇ। ਸਾਇੰਸ ਦੀਆਂ ਖੋਜਾਂ ਨੇ ਮਨੁੱਖੀ ਜੀਵਨ ਨੂੰ ਜੋ ਵਰਦਾਨ ਦਿੱਤਾ ਹੈ ਇਸਨੂੰ ਸਮਝੇ। Computer ਨੇ ਗਿਆਨ ਪ੍ਰਾਪਤੀ ਨੂੰ ਜਿੰਨਾ ਆਸਾਨ ਤੇ ਸੌਖਾ ਬਣਾ ਦਿੱਤਾ ਹੈ ਉਸ ਦਾ ਖੁਦ ਲਾਭ ਉਠਾਵੇ ਤੇ ਪਰਿਵਾਰ ਅਤੇ ਸਬੰਧਿਤ ਸਾਰਿਆਂ ਨੂੰ ਬਣਦਾ ਹਿੱਸੇਦਾਰ ਬਣਾਵੇ।

ਉਪਰੋਕਤ ਕਾਰਜ ਦੀ ਸੰਪੂਰਣਤਾ ਤੇ ਸਾਰਥਿਕਤਾ ਦੀ ਪ੍ਰਾਪਤੀ ਹਿੱਤ ਤਾਂ ਸਥਾਪਤੀਆਂ ਦੇ ਵਿਰੋਧ ਨੂੰ ਘਟਾਉਣ ਮਿਟਾਉਣ ਲਈ ਇੱਕ ਕੇਂਦਰੀ ਸੰਸਥਾ ਬਣਾਉਣੀ ਜ਼ਰੂਰੀ ਹੁੰਦੀ ਹੈ ਜਿਹੜੀ ਕਿ ਥਾਂ-ਥਾਂ ਫੈਲੇ ਤੇ ਸੰਸਾਰ ਵਿੱਚ ਪਰਿਵਾਰ ਸਮੂਹਾਂ ਦੇ ਰੂਪ ਵਿੱਚ ਵਧੀ ਹੋਵੇ। ਇਸ ਨਵੀਂ ਬਣੀ ਸੰਸਥਾ "ਸਹਿਜਧਾਰਾ ਸਤਿਸੰਗ" ਨੂੰ ਵੀ ਬੀਤੇ ਸਮੇਂ ਦੀਆਂ ਅਜਿਹੀਆਂ ਜਾਗ੍ਰਿਤੀ ਸੰਸਥਾਵਾਂ ਦੇ ਬੀਤੇ ਵਿੱਚ ਹੋਏ ਮਨੁੱਖ ਅਨੁਭਵ ਤੋਂ ਲਾਭ ਲੈਣੇ ਚਾਹੀਦੇ ਹਨ। ਅਜਿਹੀਆਂ ਸੰਸਥਾਵਾਂ ਜੋ ਸਥਾਪਤੀਆਂ ਬਣ ਜਾਂਦੀਆਂ ਹਨ ਤੇ ਵਿਕਾਸ ਵਿਰੋਧੀ ਹੋ ਕੇ ਮਨੁੱਖੀ ਵਿਕਾਸ ਕਾਰਜ ਲਈ ਵਿਨਾਸ਼ਕਾਰੀ ਹੋ ਨਿਬੜਦੀਆਂ ਹਨ। ਇਸ ਲਈ ਸਮਾਜ ਵਿੱਚ ਸ਼ਕਤੀਸ਼ਾਲੀ ਢੰਗ ਨਾਲ ਸਥਾਪਿਤ ਧਾਰਮਿਕ ਸੰਸਥਾਵਾਂ (ਸਿੱਖ, ਹਿੰਦੂ, ਮੁਸਲਮਾਨ, ਈਸਾਈ ਆਦਿ ਧਰਮ, ਇਨ੍ਹਾਂ ਵਿੱਚ ਚੇਤਨ ਰੂਪ ਵਿੱਚ ਰਾਜਨੀਤਕ ਮਨੋਰਥ ਕਾਰਣ ਪੈਦਾ ਕੀਤੇ ਅਤਿਵਾਦੀ ਤਿੱਖੇ ਗਰੁੱਪ, ਪੁਰਾਤਨ ਜੁਝਾਰੂ ਤੇ ਅਗਾਂਹਵਧੂ ਸਮਾਜਿਕ ਕ੍ਰਾਂਤੀਕਾਰੀ ਜਥੇਬੰਦੀ ਦੇ ਨਾਮਾਂ ਦੀ ਇਤਿਹਾਸਕ ਭੁਲੇਖੇ ਪਾ ਕੇ ਕੀਤੀ ਜਾਂਦੀ ਚਲਾਕ ਦੁਰਵਰਤੋਂ ਕਾਰਣ) 'ਤੇ ਠੱਲ੍ਹ ਪਾਉਣ ਦੀ ਜ਼ਿੰਮੇਵਾਰੀ ਮਾਨਵਤਾ ਦੇ ਹੱਕ ਵਿੱਚ ਹਾਂ ਪੱਖੀ ਦ੍ਰਿਸ਼ਟੀਕੋਣ ਰੱਖਣ ਵਾਲੀਆਂ ਸ਼ਕਤੀਆਂ ਦੇ ਸਿਰ ਹੈ। ਜਦੋਂ ਜੰਗ ਜਾਰੀ ਹੁੰਦੀ ਹੈ ਤਾਂ ਕੋਈ ਕਿਸੇ ਤੋਂ ਸੰਗੀ ਹੋਣ ਦਾ ਇਕਰਾਰ ਨਹੀਂ ਸਗੋਂ ਸੰਗੀ ਬਣ ਕੇ ਆਪਣੀ ਤਲਵਾਰ ਦਾ ਤੇਜ਼ ਵਿਖਾਉਂਦਾ ਹੈ ਤੇ ਨਾ ਹੀ ਕੋਈ ਕਿਸੇ ਤੋਂ ਕਾਮਰੇਡੀ ਦਾ ਸਰਟੀਫਿਕੇਟ ਮੰਗਦਾ ਹੈ। ਨਾ ਤਾਂ ਭਗਤ ਸਿੰਘ ਨੇ ਤੇ ਨਾ ਕਾਮਰੇਡ ਚੀ ਗਵੇਰਾ ਨੇ ਕਿਸੇ ਤੋਂ ਨਾਸਤਕ ਨਾ ਹੋਣ ਤੇ ਪਾਰਟੀ ਮੈਂਬਰ ਹੋਣ ਦਾ ਸਰਟੀਫਿਕੇਟ ਮੰਗਿਆ ਸੀ। ਮਨੁੱਖਤਾ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਕੋਈ ਵੀ ਨਿੱਤਰੇ ਉਹ ਧਰਮੀ ਹੁੰਦਾ ਹੈ, ਉਹ ਕਾਮਰੇਡ ਹੁੰਦਾ ਹੈ। ਕਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿੱਚ ਵਸੇ ਗਦਰੀ ਬਾਬਿਆਂ ਦੇ ਪੁੱਤਰੋ! ਤੁਸੀਂ ਜ਼ਿੰਮੇਵਾਰੀ ਤੋਂ ਬਚ ਨਹੀਂ ਸਕੋਗੇ। ਪੰਜਾਬ ਦੀ ਧਰਤੀ ਵਾਜਾਂ ਮਾਰਦੀ ਹੈ ਫੇਰ ਆਪਣੇ ਖੁਸ਼ਹਾਲ ਪੁੱਤਰਾਂ ਨੂੰ। ਮੈਂ ਤਾਂ ਆਪਣੀ ਉਮਰ ਵਿੱਚ ਅੰਮ੍ਰਿਤਧਾਰੀ ਜਥੇਦਾਰ ਕਮਿਊਨਿਸਟ ਪਾਰਟੀਆਂ ਵਿੱਚ ਵੇਖੇ ਹਨ। ਕਾ. ਸੋਹਣ ਸਿੰਘ ਜੋਸ਼ ਨੂੰ ਜਿਸ ਨੇ ਵੇਖਿਆ ਨਹੀਂ- ਜੇਕਰ ਤਸਵੀਰ ਵੀ ਵੇਖੇ ਤਾਂ ਕੇਸਧਾਰੀ ਸਿੱਖ ਸਰੂਪ ਹੈ। ਹਰ ਇੱਕ ਕਾਮਰੇਡ ਦੇ ਵਿਆਹਾਂ ਸਮੇਂ ਤੇ ਉਠਾਵਿਆਂ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਠ ਹੁੰਦੇ ਹਨ। ਇਹ ਵੀ ਤਾਂ ਪੰਜਾਬ ਦੀ ਇੱਕ ਇਤਿਹਾਸਕ ਸੱਚਾਈ ਹੈ ਕਿ ਵੀਹ ਵਰ੍ਹਿਆਂ ਤੋਂ ਉੱਪਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਰਹਿਣ ਵਾਲੇ ਜਥੇਦਾਰ ਟੌਹੜਾ ਆਪਣੇ ਗੁਰਮਤੇ ਕਾ: ਹਰਕ੍ਰਿਸ਼ਨ ਸਿੰਘ ਸੁਰਜੀਤ ਨਾਲ ਕਰਦੇ ਸਨ। ਅੰਮ੍ਰਿਤਸਰ ਸਾਹਿਬ ਦੇ ਸਾਕੇ ਦੇ ਅਸਲੀ ਮੁਜਰਮ ਕੌਣ ਸਨ ਤੇ ਕਿਸ ਦੇ ਹੱਥ ਠੋਕੇ ਸਨ, ਹੁਣ ਤਾਂ ਇਹ ਗੱਲ ਜੱਗ ਜ਼ਾਹਿਰ ਹੈ।

ਆਉ ਕਾਮਰੇਡੀ ਕਿਤਾਬਾਂ ਦਾ ਥੈਲਾ ਖੋਹਲੀਏ ਤੇ ਵਿਚਾਰ ਉਪਰੰਤ ਸੋਚੀਏ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਸ਼ੁਰੂ ਕੀਤੀ ਤੇ ਉਭਾਰ ਕੇ ਪ੍ਰਵਾਨ ਚੜ੍ਹਾਈ ਕੂਕਾ-ਲਹਿਰ ਨੂੰ ਇਨਕਲਾਬ ਨਹੀਂ ਕਹਾਂਗੇ ਕਿ ਕੁੱਝ ਹੋਰ ਕਹਾਂਗੇ। ਮਲੇਰਕੋਟਲੇ ਵਿੱਚ ਕੂਕੇ ਸਰਦਾਰਾਂ

ਦੀਆਂ ਕੁਰਬਾਨੀਆਂ ਨੂੰ ਹੁਣ ਕੀ ਨਾਂ ਦਿਉਗੇ। ਇਤਿਹਾਸ ਦੀ ਕਿਤਾਬ ਨੇ ਤਾਂ ਇਸਨੂੰ ਲਾਲ ਅੱਖਰਾਂ ਵਿੱਚ ਲਿਖ ਲਿਆ ਹੈ। ਕਮਿਊਨਿਸਟਾਂ ਨੂੰ ਜੇਕਰ ਨੁੱਗਤਾ ਹੋ ਗਿਆ ਹੈ ਤਾਂ ਭਾਈ ਡਾਕਟਰੀ ਇਲਾਜ ਹਿੰਦੋਸਤਾਨ ਵਿੱਚ ਹੀ ਕਰਵਾਉਣ, ਬੀਜਿੰਗ ਜਾਂ ਮਾਸਕੋ ਵਿੱਚ ਨਹੀਂ- ਗਲਤੀ ਹੋ ਗਈ, ਮਾਸਕੋ ਦਾ ਵੀਜ਼ਾ ਅੱਜਕੱਲ੍ਹ ਕਾਮਰੇਡ ਨੂੰ ਬੰਦ ਹੋ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰ ਗਿਆਨ ਪ੍ਰਾਪਤ ਕਰ ਜੰਗ ਦੇ ਮੈਦਾਨ ਵਿੱਚ ਉਤਰਿਆ ਸਿੱਖ ਜਰਨੈਲ ਬਾਬਾ ਬੰਦਾ ਬਹਾਦਰ ਮੈਦਾਨ ਮਾਰਦਾ, ਜਮੀਨ ਜਾਗੀਰਦਾਰਾਂ ਤੋਂ ਖੋਹ ਕੇ ਵਾਹੀਕਾਰਾਂ ਵਿੱਚ ਵੰਡਦਾ, ਮੁਸਲਮਾਨ ਔਰਤਾਂ ਦੀ ਇੱਜ਼ਤ ਕਰਦਾ ਤੇ ਆਪਾ ਕੁਰਬਾਨ ਕਰਦਾ ਪ੍ਰਭੂ ਪਿਆਰਾ ਹੋ ਜਾਂਦਾ ਹੈ। ਇਸਨੂੰ ਪੰਜਾਬ ਵਿੱਚ ਪਹਿਲਾ ਸਮਾਜਵਾਦੀ ਇਨਕਲਾਬ ਕਹਿਣ ਤੋਂ ਬਚਣ ਵਾਲਿਆਂ ਨੂੰ ਕਾਮਰੇਡ ਕਾਰਲ ਮਾਰਕਸ ਤੇ ਫਰੈਡਰਿਕ ਏਂਜਲਜ ਦੇ ਚੋਰ ਹੀ ਆਖਾਂਗੇ ਜਿਹੜੇ ਕਾ: ਲੈਨਿਨ ਦੀ ਇਨਕਲਾਬੀ ਸੋਚ ਤੇ ਕਾ: ਸਟਾਲਿਨ ਦੀ ਰੂਸੀ ਇਨਕਲਾਬ ਦੀ ਚੜ੍ਹਤ ਦੇ ਬਰਾਬਰ ਰੱਖ ਕੇ ਨਾਲ ਨਹੀਂ ਗਰਦਾਨਣਗੇ। ਮਨੁੱਖਤਾ ਦੇ ਆਸ਼ਕੋ ਆਪਾ ਪਹਿਚਾਣੋ ਤੇ ਆਪਣਿਆਂ ਦਾ ਸਤਿਕਾਰ ਕਰਨਾ ਸਿੱਖੋ।

ਇਕ ਗੱਲ ਹੋਰ ਸਥਾਪਤੀ ਦੇ ਖਿਲਾਫ ਜੰਗ ਵਿੱਚ ਸਮਝਦਾਰ, ਸਿਆਣੇ ਤੇ ਸੁਸਿੱਖਿਅਤ ਫੌਜੀ ਬਣ ਕੇ ਲੜੋ ਤਾਂ ਹੀ ਅਸਲੀ ਯੋਧੇ ਬਣ ਸਕੋਗੇ ਜੋ ਐਥੇ ਤੇ ਉਥੇ ਵੀ ਪਰਵਾਨ ਹੁੰਦੇ ਹਨ।

ਲਾਊਡ ਸਪੀਕਰਾਂ ਵਾਲਿਆਂ ਹਾਕਮਾਂ ਦੇ ਰੌਲਾ ਪਾਉਣ ਨਾਲ ਤੁਸੀਂ ਰੌਲੇ-ਗੌਲੇ ਵਿੱਚ ਗੁੰਮ ਜਾਵੋਗੇ ਤੇ ਤੁਹਾਡੀ ਅਧਿਆਤਮਕ ਪੱਤ ਨੂੰ ਹੋਰ ਖਤਰਾ ਵਧ ਜਾਵੇਗਾ। ਸੱਚ ਇਹ ਹੈ ਅਗਿਆਨੀ ਮਾਹਵਾਰੀ ਫਿਰੌਤੀ ਲੈਣ ਵਾਲੇ ਕਾਤਲ ਹੋ ਰਹੋਗੇ ਜਾਂ ਫਿਰ ਦੂਜੇ ਹੱਥੋਂ ਕਤਲ ਹੋਣ ਵਾਲੇ ਕੱਦੂ ਬਣ ਜਾਵੋਗੇ, ਯੋਧੇ ਜਾਂ ਸ਼ਹੀਦ ਨਹੀਂ।

ਪੰਜਾਬੀ ਦਾ ਮੁਹਾਵਰਾ ਹੈ "ਧੀਏ ਕੰਨ ਕਰ ਨੂੰਹੇ ਕੰਮ ਕਰ।" ਜਿਸ ਵਿੱਚ ਗੱਲ ਕਹਿ ਤਾਂ ਦਿੱਤੀ ਆਪਣੀ ਲੜਕੀ ਨੂੰ ਪਰ ਉਸ ਗੱਲ ਦੀ ਪਾਲਣਾ ਵਜੋਂ ਕੰਮ ਕਰਨ ਦਾ ਹੁਕਮ ਨੂੰਹ ਨੂੰ ਚਾੜ੍ਹ ਦਿੱਤਾ। ਪਰ ਇਥੇ ਤਾਂ ਧੀਆਂ ਤੇ ਨੂੰਹਾਂ ਵਿੱਚ ਵਖਰੇਵਾਂ ਨਹੀਂ, ਧੀਆਂ ਹੀ ਧੀਆਂ ਹੁੰਦੀਆਂ ਹਨ। "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ॥" ਦੇ ਹੁਕਮ ਦੀ ਪਾਲਣਾ ਵਜੋਂ ਪਹਿਲਾਂ ਆਪਣੀ ਮੰਜੀ ਹੇਠ ਸੋਟਾ ਫੇਰਨਾ ਬਣਦਾ ਹੈ ਤੇ ਪਹਿਲਾਂ ਆਪਣਾ ਘਰ ਹੀ ਸਾਫ ਸੁਥਰਾ ਰੱਖਣਾ ਚਾਹੀਦਾ ਹੈ। ਪਾਣੀਆਂ ਵਿੱਚ ਖੜੋਤ ਤਾਜ਼ਗੀ ਨੂੰ ਡਕਾਰਦੀ ਹੈ ਤੇ ਇਹੋ ਤਮੋ ਗੁਣੀ ਅਟਕਾਅ ਪਾਣੀਆਂ ਵਿੱਚ ਦੁਰਗੰਧ ਛੇੜਦਾ ਹੈ।

ਇਸ ਲਈ ਇਸ ਚੁਣੌਤੀ ਦਾ ਚੇਤੰਨ ਰੂਪ ਵਿੱਚ ਸਾਹਮਣਾ ਕਰਨ ਹਿੱਤ ਹਰ 25 ਸਾਲ ਪਿਛੋਂ ਸਹਿਜਧਾਰਾ ਸਤਿਸੰਗ ਆਪਣੀ ਵਿਚਾਰਧਾਰਾ ਦਾ ਮੁਲਾਂਕਣ ਕਰਦਾ ਰਹੇ ਜਿਸ ਦਾ ਕਾਰਣ ਇਹ ਹੈ ਕਿ ਸਮੇਂ ਦੀ ਵਿਕਾਸ ਮੁਖੀ ਤੋਰ ਵਿੱਚ ਹੋ ਸਕਦਾ ਹੈ ਕਿ ਸਾਡੀ ਵਿਚਾਰਧਾਰਾ ਕਿਸੇ ਨਾ ਕਿਸੇ ਨੁਕਤੇ ਦੇ ਅਟਕ ਜਾਣ ਕਾਰਣ, ਆਪਣੇ ਹਿੱਤ ਦੇ ਮੋਹ ਕਾਰਣ, ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀਆਂ ਵਿਅਕਤੀਗਤ ਊਣਤਾਈਆਂ ਕਾਰਣ, ਮਾਇਕ ਬਹੁਲਤਾ ਕਾਰਣ- ਕਿਸੇ ਵੀ ਪੱਧਰ 'ਤੇ ਫਕੀਰੀ ਉਲੰਘੀ ਮੀਰੀ ਕਾਰਣ- ਜਗੀਰੂ ਬਿਰਤੀ ਦੀ ਧਾਰਣਾ ਨਾ ਬਣ ਜਾਵੇ ਤਾਂ ਸ਼ੇਰ ਪੁੱਤਾਂ ਨੂੰ ਚਾਹੀਦਾ ਹੈ ਕਿ ਸਹਿਜਧਾਰਾ ਸਤਿਸੰਗ ਦੀ ਇਸ ਵਿਚਾਰਧਾਰਕ ਸੇਧ, ਜੀਵਨ ਸ਼ੈਲੀ ਤੇ ਢੰਗ ਤਰੀਕਿਆਂ ਨੂੰ ਪੱਕਾ ਆਧਾਰ ਬਣਾ ਕੇ ਸਮੇਂ ਦੀਆਂ ਬਦਲਵੀਆਂ ਇਤਿਹਾਸਕ ਸਥਿਤੀਆਂ ਅਨੁਸਾਰ ਢੰਗ ਤਰੀਕਿਆਂ ਵਿੱਚ ਵਿਕਾਸ ਮੁਖੀ ਤੋਰ ਕਾਇਮ ਰੱਖਣ ਹਿੱਤ ਕੁੱਝ ਸੋਧਾਂ ਕਰ ਲਈਆਂ ਜਾਣ ਪਰ ਸੇਧ ਸਦਾ ਸਹਿਜਧਾਰਾ ਦੀ ਪ੍ਰਥਮ ਵਿਚਾਰਧਾਰਾ ਤੇ ਸੰਸਾਰ ਦ੍ਰਿਸ਼ਟੀਕੋਣ ਨੂੰ ਹੀ ਮੰਨਣਾ ਹੈ। ਇਸੇ ਲਈ ਹਰ ਨਵੇਂ ਸਾਧਕ ਨੂੰ ਅਪਣਾਉਣ ਸਮੇਂ ਦੇ ਪਹਿਲੇ ਵਰ੍ਹੇ ਵਿੱਚ ਬੁਨਿਆਦੀ ਸਿੱਖਿਆ ਸ਼ਾਸਤਰ ਦੀ ਪ੍ਰੀਖਿਆ ਪਾਸ ਕਰਨੀ ਜ਼ਰੂਰੀ ਰੱਖੀ ਜਾਣੀ ਸਹੀ ਹੈ। ਕੱਚ ਘਰੜ ਗਿਆਨ ਦਾ ਵਿਸ਼ਵਾਸ ਅਤੇ ਕਾਰਜ ਖੇਤਰ ਵਿੱਚ ਦ੍ਰਿੜਤਾ ਤੇ ਦਲੇਰੀ ਵੀ ਉਣੀ-ਊਣੀ ਜਿਹੀ ਹੁੰਦੀ ਹੈ ਪੰਜ ਪੱਕੇ ਪੰਜ ਸੌ ਕੱਚਿਆਂ ਅੱਧ ਕੱਚਿਆਂ 'ਤੇ ਭਾਰੂ ਪੈਂਦੇ ਹਨ। ਸਾਧਕਾਂ ਦੀ ਹੇੜ ਹੀ ਹੇੜ ਨਹੀਂ, ਸਾਧਕ ਸਿਦਕ ਪਾਲਣ ਵਾਲੇ ਨਿਰਭੈ ਯੋਧੇ ਹੋਣੇ ਚਾਹੀਦੇ ਹਨ ਜਿਹੜੇ ਸਾਰਥਕ ਤੇ ਖੁਸ਼ਹਾਲ ਜੀਵਨ ਜਿਉਂਦੇ ਹਨ- ਮਰਦੇ ਨਹੀਂ ਮੁਕਤ ਹੋ ਜਾਂਦੇ ਹਨ। ਬਾਕੀ ਤਾਂ

"ਧੋਬੀ ਦੇ ਕੁੱਤੇ, ਨਾ ਘਰ ਦੇ ਨਾ ਘਾਟ ਦੇ।"

ਹਰ ਸਾਧਕ ਆਦਰਸ਼ ਹੋਣਾ ਲੋੜੀਐ, ਉਹ ਸਹਿਜਧਾਰਾ ਦੇ ਗਿਆਨ ਵਿੱਚ ਨਿਪੁੰਨ-ਸ਼ਬਦ ਦੀ ਕਮਾਈ ਸੰਸਾਰ ਕਾਰਜ ਵਿੱਚ ਵਿਖਾਉਂਦਾ ਕੰਮ ਕਰੇ ਕਮਾਈ ਲਈ ਤੇ ਪਿਆਰ ਨਾਲ ਹੱਕ ਦੀ ਕਮਾਈ ਕਰੇ, ਇਸ ਲਈ "ਕੁੱਝ ਵੱਧ" ਦਾ ਸਿਧਾਂਤ ਮੰਨੇ। ਆਪਣੀ ਕਮਾਈ ਨੂੰ ਇਸੇ ਪੈਗੰਬਰੀ ਸਿਧਾਂਤ ਤੇ ਢਾਲੇ:

"ਘਾਲਿ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ॥" ਮ: ਅੰਕ 1245

ਅਚਨਚੇਤੀਆਂ ਲਈ ਘੱਟੋ ਘੱਟ 10% ਜ਼ਰੂਰ ਕੱਢੇ। ਦੂਜਿਆਂ ਨਾਲ ਲੈਣ ਦੇਣ ਨਾ ਕਰੇ, ਜੇ ਕਰਨਾ ਹੀ ਪਵੇ ਤਾਂ ਵਸੋਂ ਬਾਹਰ ਬਿਪਤਾ ਕਾਰਨ। ਨਹੀਂ ਤਾਂ ਘੱਟ ਖਾ ਲਵੇ ਪਰ ਲੰਬਾ ਉਧਾਰ ਨਾ ਕਰੇ, ਸੰਗੀਆਂ ਤੋਂ ਵਿਆਜ ਨਾ ਲਵੇ ਪਰ ਸੰਗੀ ਦੀ ਰਕਮ ਵਰ੍ਹੇ ਤੋਂ ਵੱਧ ਕੋਈ ਰੱਖੇ ਵੀ ਨਾ। ਦੂਜਿਆਂ ਨਾਲ ਸਹਿਜਧਾਰੀ ਅਧਿਆਤਮਕ ਸਾਂਝ ਕਰੇ ਤੇ ਪਾਲਣ ਕਰੇ ਤੇ ਪਹਿਰਾ ਦੇਵੇ। ਇਨ੍ਹਾਂ ਸਾਂਝਾਂ ਨੂੰ ਸੰਸਾਰਿਕ ਤੇ ਘਰੋਗੀ ਖੇਤਰਾਂ ਵਿੱਚ ਅਖੌਤੀ ਰਿਸ਼ਤਿਆਂ ਤੇ ਮਿਲਾਪਾਂ ਵਿੱਚ ਨਾ ਵਟਾਵੇ। ਇੱਕ ਦੂਸਰੇ ਨਾਲ ਸਮਾਜਿਕ ਰਿਸ਼ਤਿਆਂ ਦੇ ਬੰਧਨ ਵਿੱਚ ਬੱਝੇ- ਜਿਵੇਂ ਕਿ ਵਿਆਹ ਸ਼ਾਦੀਆਂ ਵਿੱਚ ਜ਼ਰੂਰ ਬੱਝੇ। ਨਾ ਤਾਂ ਸੌਂਹਾਂ ਖਾਵੇ, ਨਾ ਚੁਗਲੀਆਂ ਕਰੇ ਤੇ ਨਾ ਹੀ ਫਿੱਕੀ ਬੋਲੀ ਬੋਲੇ। ਮੰਦੇ ਤੇ ਫਿੱਕੇ ਨਾਲੋਂ ਚੁੱਪ ਭਲੀ।

ਰੋਜ਼ਾਨਾ ਦੇ ਵਿਵਹਾਰ ਵਿੱਚ ਠੱਗੀ, ਚੋਰੀ, ਝੂਠ, ਯਾਰੀ ਰਿਸ਼ਵਤ ਲੈਣ ਤੋਂ ਬਚੇ। ਜਿਵੇਂ ਕਿ ਪੰਜਾਬ ਦੇ ਹਾਲਾਤ ਬਣੇ ਹਨ ਬਾਣੇ ਵਾਲੇ ਸਿੱਖਾਂ ਦੇ ਰਾਜ ਵਿੱਚ ਤਾਂ ਰਿਸ਼ਵਤ ਦੇਵੇ ਪਰ ਮਨ ਵਿੱਚ ਗੁਨਾਹ ਦਾ ਅਹਿਸਾਸ ਨਾ ਪਾਲੇ। ਮਜਬੂਰੀ ਕਾਰਣ ਪਰਮਾਤਮਾ ਤੋਂ ਦੂਰੀਆਂ ਨਹੀਂ ਹੁੰਦੀਆਂ, ਇਹ ਸੱਚਾਈ ਹੈ। ਨਿਮਰਤਾ, ਸਾਦਗੀ ਤੇ ਦਇਆ ਭਾਵ ਤਾਂ ਤੁਹਾਡੇ ਸੁਭਾਅ ਵਿੱਚ 24×7 ਲਈ ਪੱਕਾ ਰਚ ਮਿਚ ਜਾਵੇ।

ਤੁਸੀਂ ਪੁੱਛ ਸਕਦੇ ਹੋ ਸਹਿਜ ਸਾਧਨਾ ਕੀ ਹੈ ? ਉਪਰੋਕਤ ਵਿੱਚ ਦੋ ਵੇਲੇ ਦਾ ਸਿਮਰਨ, ਐਤਵਾਰ ਸਾਢੇ ਦਸ ਦਾ ਜਾਪ ਤੇ ਗੁਰ ਭਗਤੀ ਰਲਾ ਮਿਲਾ ਦੇਈਏ ਤਾਂ ਸਹਿਜ ਸਾਧਨਾ ਹੋ ਰਹੀ ਹੈ। ਤੁਸੀਂ ਉਸ ਇੱਕ ਟਿਕ ਸ਼ਾਹਰਾਹ (ਜਰਨੈਲੀ ਸੜਕ) ਤੇ ਜਾ ਰਹੇ ਹੋ ਜੋ ਸਿੱਧੀ ਅਸਲ ਦਰਵਾਜ਼ੇ ਤੱਕ ਲੈ ਕੇ ਜਾਂਦੀ ਹੈ। ਜੇਕਰ ਤੁਸੀਂ ਉਪਰੋਕਤ ਦੱਸੇ ਗੁਣਾਂ ਦੇ ਧਾਰਨੀ ਹੋ ਤੇ ਆਪਣੀ ਜੀਵਨ ਕੰਮਾਂ ਵਿੱਚ ਇਨ੍ਹਾਂ ਦੀ ਕਮਾਈ ਸੇਵਾ ਭਾਵ ਨਾਲ ਕਰ ਰਹੇ ਹੋ ਤਾਂ ਪ੍ਰਾਪਤੀ ਪੱਕੀ ਹੈ। ਇਸ ’ਤੇ ਮੇਰੀ ਮੋਹਰ ਲੱਗੀ, ਮੈਂ ਦਸਤਖਤ ਵੀ ਕਰ ਦਿੱਤੇ ਹਨ। ਸ਼ੈਤਾਨ ਜੇਕਰ ਤੁਹਾਡੇ ਵੱਲ ਵੇਖੇਗਾ ਵੀ ਤਾਂ ਅੰਨ੍ਹਾ ਹੋ ਕੇ ਡਿੱਗ ਜਾਵੇਗਾ ਪਰ ਸ਼ਰਤ ਇੰਨੀ ਹੈ ਕਿ ਤੁਸੀਂ ਮੋਹ ਮਾਇਆ ਦਾ ਸੰਗਲ ਆਪਣੀ ਮਰਜ਼ੀ ਨਾਲ ਭਰਮਾਂ ਤੇ ਲਾਲਚ ਦੇ ਛਲਾਵੇ ਕਾਰਨ ਆਪਣੇ ਗਲ ਵਿੱਚ ਆਪ ਨਾ ਪਵਾਉ ਜੇਕਰ ਫਸਦੇ ਫਸਦੇ ਦਿਲੋਂ ਦੁਹਾਈ ਪਾਉਗੇ ਤਾਂ ਵੀ ਬਚ ਸਕਦੇ ਹੋ ਪਰ ਜੇਕਰ “ਚੱਲ ਕੋਈ ਨਾ” ਆਖੋਗੇ ਤਾਂ ਤੁਸੀਂ ਆਪਣੇ ਆਪ ਜ਼ਿੰਮੇਵਾਰ।

“ਆਪੇ ਫਾਥੜੀਏ
ਤੈਨੂੰ ਕੌਣ ਛੁਡਾਵੇ॥”

ਮੈਡੀਟੇਸ਼ਨ (Meditation) ਦੀਆਂ ਪੱਦਤੀਆਂ ਵਿੱਚ ਸਹਿਜ ਸਾਧਨਾ ਦੀ ਵਿਧੀ ਇੱਕੀਵੀਂ ਸਦੀ ਦੀ ਇਕੋ ਇੱਕ ਅਜਿਹੀ ਪੱਦਤੀ ਹੈ ਜਿਸ ਵਿੱਚ ਵਿਅਕਤੀ ਨੂੰ ਗੁਨਾਹਗਾਰ ਹੋਣ ਦਾ ਅਹਿਸਾਸ ਦਿਲਵਾਉਣ ਦੀ ਥਾਂ ਉਸ ਨੂੰ ਮਨੋਵਿਗਿਆਨਕ ਤੌਰ ’ਤੇ ਸੁਧਰ ਰਿਹਾ ਇਨਸਾਨ ਹੋਣ ਦਾ ਅਨੁਭਵ ਦਿੱਤਾ ਜਾਂਦਾ ਹੈ। ਮਨੁੱਖੀ ਮਨੋ ਵਿਗਿਆਨ ਦੇ ਮਾਹਰਾਂ ਦਾ ਤਾਂ ਇੱਕ ਪੱਕਾ ਵਿਸ਼ਵਾਸ ਹੈ ਕਿ ਖੁਸ਼ੀ ਦਾ ਪ੍ਰਫੁੱਲਤ ਹੋਣ ਦਾ, ਵਿਕਾਸ ਦੀ ਸਹਿਜਧਾਰਾ ਦਾ ਹਿੱਸਾ ਬਣ ਜਾਣ ਦੀ feeling (ਅਹਿਸਾਸ) ਇੱਕ ਅਗੰਮੀ ਆਨੰਦ ਦਾ ਹੁਲਾਰਾ ਵੀ ਹੈ ਕਿਉਂਕਿ ਇਹ ਪਰਮਾਤਮਾ ਦਾ ਅਗੰਮੀ ਕਾਨੂੰਨ ਹੈ, ਸਮੁੱਚੀ ਬ੍ਰਹਿਮੰਡ ਦੀ ਰਚਨਾ, ਵਸੇਬਾ ਤੇ ਵਧਣ ਦਾ ਆਧਾਰ ਹੈ।

ਇਹ ਗੱਲ ਕੋਈ ਵੱਡੀ ਮਨੋਵਿਗਿਆਨੀਆਂ ਵਾਲੀ ਗੁੰਝਲਦਾਰ ਸਮੱਸਿਆ ਨਹੀਂ। ਹਾਂ, ਹਰ ਸਾਧਾਰਣ ਮਨੁੱਖ ਵੀ ਇਸ ਦਾ ਤਜਰਬਾ ਕਰ ਸਕਦਾ ਹੈ। ਤੁਸੀਂ ਆਪਣੇ subject (ਜਿਸ ਵਿਅਕਤੀ ’ਤੇ ਤਜਰਬਾ ਕਰ ਰਹੇ ਹੋ) ਨੂੰ ਕਹੋ ਕਿ ਕੱਲ੍ਹ ਤਾਂ ਬਈ ਤੇਰੇ 33 ਔਗੁਣ ਸੀ ਪਰ ਮੈਂ ਦੇਖਿਆ ਹੈ ਕਿ ਤੈਂ ਆਪਣੀ ਬਿਮਾਰ ਮਾਂ ਦਾ ਹਾਲ ਪੁੱਛ ਕੇ ਆਪਣੇ ਫਰਜ਼ ਨੂੰ ਪੂਰਾ ਕੀਤਾ ਹੈ। ਮਾਂ ਨੇ ਤੈਨੂੰ ਅਸੀਸ ਵੀ ਦਿੱਤੀ ਹੋਵੇਗੀ। ਉਹ ਤਾਂ ਮੁਸਕਰਾਉਣ ਲੱਗ ਗਈ ਹੋਣੀ ਹੈ- “ਭਰਾਵਾ ਤੇਰੇ ਵਰਗੇ ਪੁੱਤਰ ਤਾਂ ਰੱਬ ਸਭਨਾਂ ਨੂੰ ਦੇਵੇ।” ਇਹ ਆਖ ਕੇ ਚੁੱਪ-ਚਾਪ ਉਸ ਦੇ ਚਿਹਰੇ ਨੂੰ ਤਾੜਦੇ ਹੋਏ ਉਸ ਦੇ ਜਵਾਬ ਨੂੰ ਉਡੀਕੋ ਤੇ ਉਸ ਦੇ ਹਾਵ ਭਾਵ ਵੇਖੋ। ਜੇਕਰ ਤੁਸੀਂ ਇਹ ਗੱਲ ਇੱਕ ਵਿਅਕਤੀ ਨੂੰ ਸਧਾਰਣ ਆਲੇ ਦੁਆਲੇ ਵਿੱਚ ਤੇ ਸਾਧਾਰਣ ਸਥਿਤੀ ਵਿੱਚ ਵਿਚਰਦੇ ਬੰਦੇ ਨੂੰ ਕਹੀ ਹੋਵੇਗੀ ਤਾਂ ਉੱਤਰ ਸੁਣੋ।

ਉਸ ਬੰਦੇ ਦੇ ਚਿਹਰੇ ’ਤੇ ਮੁਸਕਰਾਹਟ ਦੇ ਚਿੰਨ੍ਹ ਨਜ਼ਰ ਆਉਣਗੇ। ਉਸ ਵਿੱਚ ਆਪਣੇ ਆਪ ’ਤੇ ਮਾਣ ਮਹਿਸੂਸ ਹੋਵੇਗਾ ਜਿਸ ਦੇ ਸਿੱਟੇ ਵਜੋਂ ਉਸ ਦਾ ਜੁੱਸਾ ਆਪਣੇ ਅਸਲ ਆਕਾਰ ਤੋਂ ਕੁੱਝ ਫੈਲਾਅ ਵਿੱਚ ਆਵੇਗਾ, ਉਹ ਬੋਲਣ ਤੋਂ ਪਹਿਲਾਂ ਰੁਕੇਗਾ- ਸੋਚ ਕੇ ਬੋਲਣ ਲਈ ਤੇ ਮਿੱਠਾ ਬੋਲਣ ਲਈ ਤੇ ਸਾਊਪਣੇ ਦੀ ਜੋ ਪ੍ਰਭਾਵ ਤੁਸੀਂ ਉਸਨੂੰ ਦਿੱਤੀ ਹੈ ਉਸਨੂੰ ਮੰਨਣ ਤੇ ਅਪਨਾਉਣ ਲਈ ਤੇ ਤੁਹਾਡੇ ਵੱਲ ਪਿਆਰ ਦੀ, ਅਪਣੱਤ ਦੀ ਨਜ਼ਰ ਨਾਲ ਵੇਖੇਗਾ ਤੇ “ਚਲੋ ਬਈ ਮਾਪਿਆਂ ਦੀ ਸੇਵਾ ਕਰਨਾ ਤਾਂ ਬੱਚਿਆਂ ਦਾ ਫਰਜ਼ ਹੁੰਦਾ ਹੈ। ਉਨ੍ਹਾਂ ਨੇ ਵੀ ਸਾਨੂੰ ਪਾਲਿਆ ਹੈ, ਸਾਨੂੰ ਇਹ ਜੱਗ ਦਿਖਾਇਆ ਹੈ। ਮਾਪਿਆਂ ਦੀ ਜਿੰਨੀ ਸੇਵਾ ਹੋ ਸਕੇ ਚੰਗੀ ਹੈ, ਸਿਆਣੇ ਕਹਿੰਦੇ ਹੁੰਦੇ ਹਨ ਮਾਪੇ ਤਾਂ ਪਰਮਾਤਮਾ ਦਾ ਰੂਪ ਹੁੰਦੇ ਹਨ।”

ਤੁਸੀਂ ਉਸਨੂੰ ਸ਼ਾਬਾਸ਼ ਦਿਓਗੇ, ਆਪਣੇ ਵੱਲੋਂ ਪ੍ਰਸੰਸਾ ਦਾ ਪ੍ਰਗਟਾਅ ਕਰੋਗੇ।

ਮਾਂ ਦਾ ਹਾਲ ਪੁੱਛਣ ਤੇ ਮਾਂ ਜਵਾਬ ਦੇਵੇਗੀ "ਜਿਉਂਦਾ ਰਹਿ ਪੁੱਤਰਾ- ਬਸ ਤੈਂ ਹਾਲ ਪੁੱਛ ਲਿਆ। ਮੈਂ ਤਾਂ ਜਾਣੀ ਠੀਕ ਹੋ ਗਈ। ਮਨ ਨੂੰ ਬਹੁਤੇ ਫਿਕਰ ਨਾ ਲਾਇਆ ਕਰ। ਮੈਂ ਜਿਉਂਦੀ ਆ ਤੇਰੀ ਮਾਂ।"

ਇਸ ਤੇ ਵਿਅਕਤੀ ਮਾਂ ਦਾ ਹਾਲ ਪੁੱਛਣ ਨੂੰ ਆਪਣੀ ਜੀਵਾਤਮਾ ਦੇ ਥੈਲੇ ਲਈ ਆਪਣੇ ਮਾਨਸਿਕ ਤਣਾਅ ਦੇ ਇਲਾਜ ਵਜੋਂ, ਆਪਣੇ ਕੁੱਝ ਹੋਣ ਦੇ ਅਹਿਸਾਸ ਦੇ ਇਜ਼ਹਾਰ ਕਾਰਣ- ਇਸ ਸਭ ਕੰਮ ਨੂੰ ਆਪਣੀ ਕਰਨੀ ਦਾ ਹਿੱਸਾ ਬਣਾ ਲਵੇਗਾ ਤਾਂ ਸੰਭਵ ਹੈ ਇਸ ਨੂੰ ਇੱਕ ਸਹਿਜ ਸੁਭਾਅ ਆਦਤ ਵਿੱਚ ਵਟਾ ਲਵੇਗਾ।

ਤੁਸੀਂ ਇਸ ਦੀ ਅਧਿਆਤਮਕ ਜਗਤ ਵਿੱਚ ਮਹੱਤਵ ਦੀ ਗੱਲ ਪੁੱਛ ਵੀ ਕਿਵੇਂ ਸਕਦੇ ਹੋ ਜਦੋਂ ਹੁਕਮ ਹੈ ਸਾਹਿਬ ਦਾ

"ਸ਼ੁਭ ਕਰਮਨ ਤੇ ਕਬਹੂੰ ਨਾ ਟਰੂੰ।"

ਜਦੋਂ ਦੂਜੇ ਮੁਸਲਮਾਨ ਵੀਰ ਹਦੀਸ ਦਾ ਹਵਾਲਾ ਦੇ ਕੇ ਆਖਦੇ ਹਨ- ਜਿਹੜਾ ਬੰਦਾ ਬੱਚਿਆਂ ਤੇ ਬੁੱਢਿਆਂ 'ਤੇ ਜ਼ੁਲਮ ਕਰਦਾ ਹੈ ਉਹ ਨਰਕ ਵਿੱਚ ਡਿੱਗਦਾ ਹੈ। ਜਦੋਂ ਈਸਾ ਮਸੀਹ (Lord Christ) ਤਾਂ ਲੋਕਾਂ ਦੇ ਇਲਾਜ ਲਈ, ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਵਿਚਾਰੀ ਕਰਮਾਂਮਾਰੀ ਵੇਸਵਾ ਨੂੰ ਬਚਾਉਣ ਲਈ ਥਾਂ-ਥਾਂ ਠੋਕਰ ਲਗਾਉਂਦਾ ਫਿਰਦਾ ਹੈ ਮੇਰਾ ਪ੍ਰਭੂ।

ਜਦੋਂ ਆਪਣੇ ਸਮੇਂ ਦਾ ਪੈਗੰਬਰ ਮਹਾਤਮਾ ਬੁੱਧ ਆਪਣੀ ਨਿੱਜੀ ਸਾਧਨਾ ਜੰਗਲ ਦੀ ਲੁਕਣਮੀਟੀ ਤੇ ਉਹਦੇ ਵਿੱਚ ਅਲਾਹ ਪਾਉਣ ਦੀ ਕੋਸ਼ਿਸ਼ ਨੂੰ ਤਿਆਗਦਾ ਹੈ ਤੇ ਆਪਣੇ ਬੇਲੀ ਵਾਲੀ ਗੱਲ ਬੋਹੜ ਦੇ ਦਰਖਤ ਹੇਠੋਂ ਹੀ ਉੱਚੀ ਉੱਚੀ ਪੁਕਾਰਦਾ ਹੈ।

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥"

ਉਹ ਸੰਦੇਸ਼ ਦਿੰਦਾ ਹੈ ਮੇਰੀ ਗੱਲ ਛੱਡੋ, ਆਪਾਂ ਰੱਬ ਦੀ ਗੱਲ ਫੇਰ ਕਰ ਲਵਾਂਗੇ ਪਹਿਲਾਂ ਚੰਗੇ ਇਨਸਾਨ ਬਣੋ, ਚੰਗੇ ਸਦਾਚਾਰਕ ਗੁਣ ਗ੍ਰਹਿਣ ਕਰੋ, ਮੇਰੇ ਭਾਈਉ।

ਮੇਰਾ ਖਿਆਲ ਹੈ ਇੰਨਾ ਬਹੁਤ ਹੈ। ਦੋ ਹਰਫੀ ਗੱਲ ਇਹ ਹੈ ਕਿ ਸਥਾਪਿਤ ਧਰਮ ਆਪਣੇ ਆਸ਼ਰਿਤਾਂ ਨੂੰ ਗੁਨਾਹਗਾਰ ਹੋਣ ਦਾ ਅਹਿਸਾਸ ਕਰਵਾਉਂਦੇ ਹਨ। ਉਨ੍ਹਾਂ ਵਿੱਚ ਆਪਣੇ ਆਪ ਪ੍ਰਤੀ ਖਿੱਚ ਨੂੰ ਖਤਮ ਕਰਦੇ ਹਨ ਤੇ ਸਵਰਗਾਂ ਦੇ ਲਾਰੇ ਲਾਉਂਦੇ ਹਨ। ਸਵਰਗਾਂ ਦੀਆਂ ਸੁਹਜ ਪਰੀਆਂ, ਸਵਾਦੀ ਸੋਮ ਰਸ (ਸ਼ਰਾਬ) ਦਾ ਲਾਲਚ ਦਿੰਦੇ ਹਨ ਤੇ ਸੈਨਤ ਨਾਲ ਸਮਝਾ ਦਿੰਦੇ ਨੇ-

"ਬਲਿਆ ਆਪਣਾ ਖੀਸਾ ਖਾਲੀ ਕਰ ਤੇ ਮਾਇਆ ਗੋਲਕ ਵਿੱਚ ਢੇਰੀ ਕਰ॥"

ਅਸੀਂ ਤੈਨੂੰ ਸਵਰਗ ਵਿੱਚ ਸਦਾ ਰਹਿਣ ਲਈ ਸਰਟੀਫਿਕੇਟ ਲਿਖਤੀ ਰੂਪ ਵਿੱਚ ਦੇਵਾਂਗੇ। ਤੇਰੇ ਸੰਸਾਰਕ ਰਾਜੇ ਵੀ ਰੱਬ ਨੇ ਹੀ ਭੇਜੇ ਹਨ। ਇਨ੍ਹਾਂ ਦੇ ਜ਼ੁਲਮ ਵਿਰੁੱਧ ਕੁੱਝ ਨਾ ਬੋਲੀਂ- ਰੱਬ ਰੁੱਸ ਜਾਵੇਗਾ। ਦਾਨ ਪੁੰਨ ਵੀ ਬਹੁਤ ਵਾਰੀ ਲੁਕ ਕੇ ਕਰਨਾ ਹੀ ਜ਼ਿਆਦਾ ਰੱਬ ਦੀ ਦਰਗਾਹ ਵਿੱਚ ਕੰਮ ਆਉਂਦਾ ਹੈ ਇਸ ਲਈ "ਗੁਪਤਦਾਨ ਮਹਾ ਕਲਿਆਣ" ਸਮਝ ਮੰਦਰ-ਗੁਰਦਵਾਰੇ ਦੀ ਪਰਚੀ ਵੀ ਨਾ ਕਟਵਾਈ ਕਿਉਂਕਿ ਪਰਚੀ ਕਟਵਾਉਣੀ ਕਿਸੇ ਰਜਿਸਟਰ ਵਿੱਚ ਤਾਂ ਚੜ੍ਹਾਉਣ ਦੀ ਲੋੜ ਕਰਦੀ ਹੈ ਇਸ ਲਈ ਤੇਰਾ ਗੁਪਤ ਦਾਨ ਮੇਰੀ ਗੁਪਤ ਗੋਲਕ ਵਿੱਚ ਜਾਣਾ ਹੀ ਭਲਾ ਹੈ ਜਿਸ ਨੂੰ ਅਮੀਰ ਦੇ ਕਾਲੇ ਧਨ ਦੀ ਕਾਲਖ ਲਾਹੁਣ ਦਾ ਮੁੱਲ 20% ਲੈ ਕੇ ਉਸਨੂੰ ਚਿੱਟੇ (ਕਾਨੂੰਨ) ਧਨ ਵਿੱਚ ਬਦਲ ਸਕਾਂਗਾ ਤੇ ਪੁੰਨ-ਵੱਡ ਪੁੰਨ ਕਮਾ ਸਕਾਂਗਾ। ਸਿਆਣਿਉ! ਸਮਝਾਂ ਵਾਲਿਉ! ਗਿਆਨ ਦੇ ਚਾਨਣ ਵਿੱਚ ਮੇਰੀ ਉਪਰੋਕਤ ਗੱਲ ਦਾ ਮੁਲਾਂਕਣ ਕਰੋ।

ਸ੍ਵੈ ਅਧਿਐਨ, ਸ੍ਵੈ ਪਰਖ, ਸ੍ਵੈ ਅਨੁਭਵ ਤੋਂ ਮਿਲਦੇ ਸਿੱਟਿਆਂ ਪਰਿਣਾਮਾਂ ਵਿੱਚ ਜਦੋਂ ਸਾਧਕ ਆਪਾ ਹੰਢਾਉਂਦਾ ਹੈ ਤਾਂ ਇਹ ਗੱਲ ਪੂਰਣ ਵਿਸ਼ਵਾਸ ਨਾਲ ਆਖੀ ਜਾ ਸਕਦੀ ਹੈ ਕਿ ਸਾਰਥਿਕ, ਹਾਂ ਪੱਖੀ ਤੇ ਹੱਲਾਸ਼ੇਰੀ ਦੇਣ ਵਾਲੇ ਨਤੀਜੇ ਹੀ ਨਿਕਲਦੇ ਹਨ। ਠੱਗੀਆਂ, ਚੋਰੀਆਂ ਤੇ ਚੁਗਲੀਆਂ ਇਸ ਪੂੰਜੀਵਾਦੀ ਸਮਾਜ ਵਿੱਚ ਪਲਰਦੇ ਵਿਅਕਤੀਵਾਦ ਕਾਰਣ ਅਤੇ ਵਿਗਿਆਨਕ ਤੇ ਤਕਨੀਕੀ ਖੋਜਾਂ ਕਾਰਣ ਵਧ ਰਹੇ ਨਾਸਤਿਕਤਾ ਦੇ ਰੁਝਾਨ ਕਾਰਣ ਆਮ ਹੋ ਗਏ ਹਨ। ਠੱਗੀਆਂ ਚੋਰੀਆਂ ਘਰਾਂ ਵਿਚ, ਮਿੱਤਰ ਮੰਡਲਾਂ ਵਿਚ, ਸਭਾਵਾਂ ਵਿਚ, ਧਾਰਮਕ ਪਰੋਗਰਾਮਾਂ ਵਿੱਚ ਆਮ ਹਨ ਤੇ ਹੁੰਦੀਆਂ ਵੀ ਧੜੱਲੇ ਨਾਲ ਬਿਨਾਂ ਕਿਸੇ ਲਾਜ ਸ਼ਰਮ ਦੇ ਅਹਿਸਾਸ ਤੋਂ। ਇਨ੍ਹਾਂ ਵਿਚੋਂ ਵੀ ਸਰਵ-ਵਿਆਪਕ ਹੈ ਚੁਗਲਖੋਰੀ। ਦੂਜੇ ਦੀਆਂ ਜੜ੍ਹਾਂ ਵੱਢਣ ਲਈ ਤਿਆਰ ਕੀਤੀ ਜੁਬਾਨ ਦੀ ਦਾਤਰੀ ਦੀ ਕਾਰੀਗਰੀ ਜਾਂ ਕਲਾਬਾਜ਼ੀਆਂ ਭੁੱਲੜ ਦਿਮਾਗਾਂ ਦੀਆਂ ਆਪਣਾ ਮਨੋਵਿਗਿਆਨਕ ਸੰਤੁਲਨ ਕਾਇਮ ਕਰਨ ਵਾਲੀਆਂ ਅਣਥੱਕ ਕੋਸ਼ਿਸ਼ਾਂ। ਉਂਝ ਤਾਂ ਸਿਆਣੇ ਕਹਿੰਦੇ ਹਨ- "ਸਵਸਥ ਰਹੋ, ਵਿਅਸਥ ਰਹੋ ਤੇ ਮਸਤ ਰਹੋ।"

****

# ਪਰਮਾਤਮਾ ਦੀ ਬਖਸ਼ਿਸ਼

## (ਮਨੁੱਖ ਨੂੰ ਦੇਵਤਾ ਬਣਨ ਲਈ ਸੁਤੰਤਰਤਾ)

ਇਹ 1978 ਦੀ ਗੱਲ ਹੈ ਤੇ ਸ਼ਾਇਦ 1981 ਦੀ ਲਿਖਤ ਹੈ Divine Law of Evolution. ਦੋ ਪ੍ਰਤੀਸ਼ਤ ਖੁੱਲ੍ਹ ਦੀ ਗੱਲ ਕੀਤੀ ਸੀ ਤੇ ਵਿਕਾਸ ਦੇ ਅਗੰਮੀ ਸਿਧਾਂਤ ਵਿੱਚ ਪਲਸ ਸਮਥਿੰਗ (Plus something) ਦਾ ਜ਼ਿਕਰ ਕੀਤਾ ਹੈ, ਇਹ ਦੋਨੋ ਹੀ ਕੁੱਝ ਵੱਖਰਾ ਜਿਹਾ ਵਿਸ਼ਾ ਹੈ ਵਿਕੋਲਿਤਰਾ ਜਿਹਾ ਜਾਂ ਇਉਂ ਕਹਿ ਲਉ ਕਿ ਇਹ ਗੱਲ ਸਭ ਤੋਂ ਪਹਿਲਾਂ ਤੋਰੀ ਹੀ ਸਹਿਜਧਾਰਾ ਸਤਿਸੰਗ ਨੇ ਹੈ। ਆਉ ਹੁਣ ਕੁੱਝ ਵਿਸਥਾਰ ਨਾਲ ਗੱਲ ਕਰੀਏ।

ਪਰਮਾਤਮਾ ਸਰਬ ਸ਼ਕਤੀਮਾਨ ਹੈ। ਠੀਕ ਹੈ ਤੇ ਉਸ ਨੇ ਆਪਣੀ ਮਰਜ਼ੀ ਅਨੁਸਾਰ (will) ਜੀਵਾਤਮਾ ਦੇ ਮਨੁੱਖੀ ਪੱਧਰ ’ਤੇ ਅਪੜਨ ਤੇ ਇਸ ਨੂੰ ਸੋਚਣ ਦੀ, ਕੰਮ ਕਰਨ ਦੀ ਤੇ ਸਮਝਣ ਲਈ, ਗਿਆਨ ਪ੍ਰਾਪਤੀ ਲਈ 2% ਸੁਤੰਤਰਤਾ ਆਪਣੀ 100% ਦੀ ਮੌਜ ਵਿਚੋਂ ਕੱਟ ਕੇ ਦੇ ਦਿੱਤੀ। ਬਾਕੀ ਤਾਂ ਸਾਰੀਆਂ ਕਰਨ ਵਾਲੇ ਨੂੰ ਆਪਣੀਆਂ ਖੁਲ੍ਹਾਂ ਨੇ। ਉਹਨੇ ਕਿਹੜਾ ਕਿਸੇ ਦੀ ਸਲਾਹ ਪੁੱਛਣੀ ਹੈ ਪਰ ਉਸ ਵੱਡੇ ਨੇ ਮਨੁੱਖ ਜਾਤੀ (ਜੋ ਸਭ ਤੋਂ ਪਿਛੋਂ ਜਾਗੀ, ਸਭ ਤੋਂ ਵੱਧ ਪ੍ਰਵੀਨ, ਸਰਵੋਚ ਜਾਤੀ) ਸਬੰਧੀ ਆਪਣਾ ਹੁਕਮ 98% ਤੇ ਸੀਮਤ ਕਰ ਲਿਆ ਤੇ ਬਾਕੀ ਦੇ 2% ਲਈ ਮਨੁੱਖ ਜਾਤੀ ਦੀਆਂ ਲਗਾਮਾਂ ਖੁੱਲੀਆਂ ਛੱਡ ਦਿੱਤੀਆਂ। ਖੁੱਲ੍ਹ ਦੀ 2% ਤੱਕ ਵਧਣ ਦੀ ਪ੍ਰਕਿਰਿਆ ਤਾਂ ਹੋਰਨਾਂ ਜੀਵ ਜਾਤੀਆਂ ਤੋਂ ਚੱਲਦੀ ਚਲੀ ਆਈ ਹੈ, ਇਹ ਧਿਆਨ ਰਹੇ।

ਤੇ ਜਦੋਂ ਕੋਈ ਵਿਰਲਾ ਸਹਿਜ-ਵਿਦਿਆ (ਸ਼ੁੱਧ ਵਿਦਿਆ) ਦਾ ਜਾਣੂ ਹੋ ਜਾਂਦਾ ਹੈ ਤੇ ਤਮੋਗੁਣ, ਰਜੋਗੁਣ ਤੇ ਸਤੋਗੁਣੀ ਹੋਣ ਤੋਂ ਅੱਗੇ “ਸਹਿਜੜਾ” ਸਜਣ (transcending) ਹੋ ਨਿਬੜਦਾ ਹੈ ਜਾਂ ਜਦੋਂ ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਨੀਂਦ, ਸੁਫਨਾ ਤੇ ਜਾਗਰਿਤ ਅਵਸਥਾ ’ਤੇ ਕਾਬੂ ਪਾ ਲੈਂਦਾ ਹੈ ਤੇ Supra Consciousness ਵਿੱਚ ਰਸਾਈ ਰੱਖਣ ਲੱਗ ਪੈਂਦਾ ਹੈ ਤਾਂ ਉਸ ਵਿੱਚ ਰੱਬੀ ਗੁਣਾਂ ਦਾ ਸੰਚਾਰ ਹੋਣਾ ਆਰੰਭ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਜਦੋਂ ਸੰਸਾਰ ਵਿਦਿਆ ਜਿਹੜੀ ਸੰਸਾਰਕ ਮੋਹ ਮਾਇਆ, ਅਹੰਕਾਰ ਤੇ ਕਾਲਖਾਂ ਭਰਿਆ ਦੂਸ਼ਿਤ ਗਿਆਨ ਹੁੰਦੀ ਹੈ ਉਹ ਸੀਮਤ ਹੋ ਜਾਂਦਾ ਹੈ। ਅਸਲ ਇਕੋ ਹੀ ਅਸਤਿਤਵ ਨੂੰ ਨਿਖੇੜ ਕੇ ਬੰਦਾ ਦੂਈ ਕਰਨ ਦਾ ਦੋਸ਼ ਕਰਦਾ ਹੈ। ਸਮੁੱਚ ਦੀ ਸੰਪੂਰਣਤਾ ਨੂੰ ਸੀਮਿਤ ਤੇ ਦੂਸ਼ਿਤ ਕਰਨ ਦਾ ਕਰਮ ਕਰਦਾ ਹੈ ਇਸਨੂੰ ਅਸੀਂ ਸੰਸਾਰਿਕ ਵਿਦਿਆ ਦਾ ਨਾਮ ਦਿੰਦੇ ਹਾਂ ਜਿਸ ਨੂੰ ਸਾਡੇ ਬਾਬੇ “ज्ञानं बन्धः” ਆਖ ਕੇ ਸਹਿਜ-ਵਿਦਿਆ ਤੋਂ ਨਿਖੇੜ ਕੇ ਗੱਲ ਕਰਦੇ ਹਨ। ਇਸ ਨੂੰ ਸ਼ਿਵ ਸ਼ੰਕਰ ਜੀ ਮਹਾਂ-ਮਾਇਆ ਜਾਂ ਆਣਵ ਮਲ ਆਖਦੇ ਹਨ ਜੋ ਸ਼ੁੱਧ ਚੇਤਨਤਾ (Pure consciousness) ਨੂੰ ਓਢਣ (ਢਕ ਦੇਣ) ਦਾ ਕੰਮ ਕਰਦੀ ਹੈ। ਇਸ ਲਈ ਇਸ ਨੂੰ ਮੱਲ ਦਾ ਨਾਮ ਦਿੱਤਾ ਗਿਆ ਹੈ। ਮਾਇਆ ਦੇ ਆਪਣੇ ਏਜੰਟ (Agents) ਹਨ- ਕਲਾ, ਵਿਦਿਆ (ਸੰਸਾਰਿਕ) ਰਾਗ ਅਤੇ ਕਾਲ ਆਦਿ। ਇਹ ਅਸ਼ੁੱਧ ਵਿਦਿਆ (ਸੰਸਾਰਿਕ ਗਿਆਨ) ਵਖਰੇਵਿਆਂ ਦਾ ਖਿਲਾਰਾ ਹੈ ਜਦੋਂ ਕਿ ਸ਼ੁੱਧ ਵਿਦਿਆ ਇਨ੍ਹਾਂ ਵਖਰੇਵਿਆਂ ਨੂੰ ਗਿਆਨ ਦੇ ਚਾਨਣ ਵਿੱਚ ਉਨ੍ਹਾਂ ਸਾਰੇ ਪਰਦਿਆਂ ਨੂੰ ਪਰੇ ਕਰਕੇ, ਹਨੇਰੇ ਦੇ ਬੱਦਲਾਂ ਨੂੰ ਉਡਾਅ ਕੇ ਸੱਚ ਨੂੰ ਉਸ ਦੀ ਸੁੱਚ ਵਿੱਚ ਉਜਾਗਰ ਕਰਦੀ ਹੈ ਤੇ ਇੱਕੋ ਦੀ ਏਕਤਾ ਦਿਖਾਉਂਦੀ ਹੈ।

ਜੋ ਭਲਾ ਸ਼ੁੱਧ ਵਿਦਿਆ ਦਾ ਗਿਆਤਾ ਹੋ ਜਾਂਦਾ ਹੈ ਉਸ ਵਿੱਚ ਰੱਬਤਾ ਦਾ ਸੰਚਾਰ ਹੋ ਕੇ ਉਹ ਵਿਅਕਤੀ ਖੁਦ ਵੀ ਵੱਖਰਾ ਨਹੀਂ ਰਹਿੰਦਾ ਤੇ ਵੱਖਰਾ ਹੁੰਦਾ ਵੀ ਨਹੀਂ ਹੈ, ਇਹ ਸੱਚ ਹੈ। ਈਸਾਈ ਮੱਤ ਦੀ ਬੋਲੀ ਵਿੱਚ ਉਹ ਰੱਬੀ ਤਤੂ ਦਾ ਧਾਰਣੀ (Partaker of God Nature) ਹੋ ਜਾਂਦਾ ਹੈ। ਅਜਿਹੇ ਵਿਅਕਤੀ ਵਿੱਚ ਸੁਤੰਤਰਤਾ 2% ਤੋਂ ਵਧਦੀ ਵਧਦੀ ਇੰਨੀ ਵਧ ਜਾਂਦੀ ਹੈ ਕਿ ਸੀਮਾ ਦਾ ਪਤਾ ਹੀ ਨਹੀਂ ਲੱਗਦਾ, ਜੇ ਲੱਗਦਾ ਵੀ ਹੋਵੇਗਾ ਤਾਂ ਉਹੀ ਜਾਣੇ। ਇਸ ਤੋਂ ਨਤੀਜਾ ਇਹ ਨਿਕਲਦਾ ਹੈ ਕਿ ਭਾਣਾ ਚਲਾਉਣ ਵਾਲੇ ਤੇ ਚਲਾਈ ਰੱਖਣ ਵਾਲੇ ਦਾ ਸੱਚ ਵੀ ਤਾਂ ਉਸ ਦੀ ਆਪਣੀ ਰਜ਼ਾ ਹੀ ਹੈ, ਮੌਜ ਹੀ ਹੈ।

2% ਸੁਤੰਤਰਤਾ ਵਾਲਾ ਜ਼ਿਆਦਾ ਹਉਮੈ ਰੱਖਦਾ ਹੈ ਤੇ ਮੈਂ ਕੀਤਾ, ਮੈਂ ਕੀਤਾ ਹਉਮੈ ਜਿਵੇਂ ਵਧਦੀ ਹੈ, ਸੱਚਾ ਤੇ ਸੁੱਚਾ ਮਨੁੱਖ ਸਨਿਮਰ ਹੁੰਦਾ ਹੈ, ਕਰਤਾਪੁਣੇ ਦਾ ਇਜ਼ਹਾਰ ਮਿਟਾਂਦਾ- ਸ਼ੁੱਧ ਵਿਦਿਆ ਵਾਲਾ ਤਾਂ ਜਿਵੇਂ ਹੁੰਦਾ ਹੀ ਨਹੀਂ ਤੇ ਇਹ ਮਰਜ਼ੀਆਂ ਵੀ ਅਲਾਹ ਮੀਆਂ ਦੇ ਭਾਣੇ ਵਿੱਚ Plus something ਹੋ ਜਾਂਦੀਆਂ ਹਨ ਤੇ ਜਿੰਨੇ ਵੀ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਮਨੁੱਖੀ ਜਾਮੇ ਵਿੱਚ ਜੀਵਾਤਮਾ ਹਨ ਤੇ ਹਰ ਇੱਕ ਦੀ ਘੱਟੋ ਘੱਟ 2% ਤਾਂ ਮਰਜ਼ੀ ਚੱਲਦੀ ਹੀ ਹੈ। ਜੇਕਰ ਪੱਥਰ ’ਤੇ ਡਿੱਗਦਾ ਬੂੰਦ ਬੂੰਦ ਪਾਣੀ ਵੀ ਪੱਥਰ ਦੀ ਹਿੱਕ ਵਿੱਚ ਡੂੰਘਾਈ ਬਣਾ ਦਿੰਦਾ ਹੈ ਤਾਂ ਅਸੀਂ ਤਾਂ ਸਾਰੇ ਉਸ ਪਰਮਾਤਮਾ ਤੋਂ ਮਿਲੀ ਸੁੰਤਤਰਤਾ ਵਰਤ ਰਹੇ ਹਾਂ, ਚੰਗੀ ਜਾਂ ਮਾੜੀ, ਰੱਬ ਸਾਨੂੰ ਰੋਕਦਾ ਥੋੜੋ ਹੈ ਉਹ ਤਾਂ ਸਗੋਂ ਖੁਸ਼ ਹੁੰਦਾ ਹੈ ਕਿ ਅਸੀਂ ਉਸ ਦੇ ਦਿੱਤੇ ਹੋਏ ਹੱਥ, ਪੈਰ, ਕੰਨ, ਨੱਕ, ਅੱਖਾਂ ਆਦਿ ਵਰਤ ਰਹੇ ਹਾਂ, ਦਿੱਤੀਆਂ ਅਕਲਾਂ ਦੀ ਵਰਤੋਂ ਕਰਦੇ ਹਾਂ ਤੇ ਸੋਹਣੀਆਂ ਸ਼ਕਲਾਂ ਦੇ ਛਲਾਵੇ ਤੇ ਭਰਮ ਜਾਲ ਬੁਣਦੇ ਰਹਿੰਦੇ ਹਾਂ ਤੇ ਕਈ ਵਾਰ ਤਾਂ ਆਪਣੇ ਹੰਕਾਰ, ਆਪਣੀ ਹੈਂਕੜ ਵਿੱਚ ਉਸ ਦਾਤੇ ਦੇ ਹੀ ਮੁਕਾਬਲੇ ਤੇ ਮੈਦਾਨ ਵਿੱਚ ਨਿੱਤਰ ਆਉਂਦੇ ਹਾਂ ਤੇ ਦੰਦ ਤੁੜਾਉਂਦੇ ਹਾਂ।

ਫੇਰ ਮੋਮੋ ਠੱਗਣੇ ਭੇਖਧਾਰੀ ਮਰਦ ਵਾਲੀ ਜਾਂ ਖੇਖਣ ਹੱਥੀ ਰੰਨ ਵਾਂਗ ਅਰਦਾਸ ਵੀ ਦੇਸੀ ਘਿਉ ਦਾ ਦੀਵਾ ਜਾਲ ਕੇ ਜਾਂ ਧਰਮ ਅਸਥਾਨ ਵਾਲੇ ਨੂੰ 101 ਰੁਪਏ ਦੀ ਰਿਸ਼ਵਤ ਦੇ ਕੇ ਕਰ/ਕਰਵਾ ਲੈਂਦੇ ਹਾਂ। ਇਸ ਤਰ੍ਹਾਂ ਸ਼ੁੱਧ ਅੰਮ੍ਰਿਤ ਤੇ ਜ਼ਹਿਰੀਲਾ ਗੰਧਲਾ ਪਾਣੀ ਵੀ ਭਾਣੇ ਦੇ ਸੁੱਚ ਸਾਗਰ ਵਿੱਚ ਰਲ ਮਿਲ ਜਾਂਦੇ ਹਨ ਤੇ ਉਥੇ ਪਰਮਾਤਮਾ ਨੇ ਇੱਕ Water Treatment Plant ਵੀ ਅਤਿ ਪੁਰਾਤਨ ਸਮੇਂ ਤੋਂ ਲਗਾ ਰੱਖਿਆ ਹੈ ਜੋ ਸਵੈ ਚਾਲਕ (Automatic) ਹੀ ਹੈ ਤੇ ਚੱਲ ਰਿਹਾ ਹੈ ਤਾਂ ਉਸ ਦੇ ਭਾਣੇ ਵਿੱਚ ਕੁੱਝ ਨਾ ਕੁੱਝ, ਕਿਤੇ ਨਾ ਕਿਤੇ ਤਾਂ ਬਦਲਦਾ ਹੀ ਹੈ, ਪਰ ਅਸ਼ਕੇ ਜਾਈਏ ਉਸ ਰੱਬ ਦੇ, Plus something ਤਾਂ ਹੋਣ ਦਿੰਦਾ ਹੈ ਪਰ ਵਿਕਾਸ ਨੂੰ ਮੱਠਾ ਨਹੀਂ ਹੋਣ ਦਿੰਦਾ। ਇਹ ਤਾਂ ਆਸ਼ਕਾਂ ਵਾਲੀ ਮਸਤ ਮਲੰਗਾਂ ਵਾਲੀ ਤੇ ਅਣਹੋਇਆਂ ਵਾਲੀ ਬੋਲੀ ਹੈ। ਆਉ ਵਿਵੇਕੀਆਂ ਵਾਲੀ ਵੀ ਗੱਲ ਕਰੀਏ।

ਜਦੋਂ ਵਸਤਾਂ ਵਿੱਚ ਦਿੱਖ ਤੇ ਅਦਿੱਖ ਰੂਪ ਵਿੱਚ ਗਤੀ ਹੋ ਰਹੀ ਹੈ। ਗਤੀਸ਼ੀਲਤਾ ਆਪਣੇ ਆਪ ਵਿੱਚ ਇੱਕ ਬਦਲਾਉ ਹੈ। ਪਰ ਨੇੜਲੇ ਸੰਸਾਰ ਵਿੱਚ ਵੇਖਦਿਆਂ, ਅਨੁਭਵ ਕਰਦਿਆਂ ਪਤਾ ਲੱਗਦਾ ਹੈ ਕਿ ਜੋ ਬਦਲ ਵੀ ਰਿਹਾ ਹੈ ਉਹ ਭਲੇ ਵਿੱਚ ਹੀ ਹੈ। ਇਸ ਲਈ ਬਦਲਾਉ ਵਿਨਾਸ਼ਕਾਰੀ ਨਹੀਂ ਵਿਕਾਸਮੁਖੀ ਹੈ। ਨਿਰੰਤਰ ਹੋ ਰਿਹਾ ਵਿਕਾਸ ਮਨੁੱਖੀ ਅਕਲ ਤੋਂ ਪਰੇ ਹੈ। ਹਿਸਾਬਦਾਨ ਵਿਚਾਰੇ ਇਸ ਵਿਕਾਸ ਨੂੰ ਸਮਝਣ ਲਈ ਕੋਈ ਫਾਰਮੂਲਾ ਨਹੀਂ ਬਣਾ ਸਕਦੇ। ਸਦਾ ਬਦਲ ਰਹੀ ਸਥਿਤੀ ਵਿੱਚ ਪ੍ਰਕਿਰਤੀ ਪਲਾਂ ਦੀ ਖੇਡ ਖੇਡਦੀ ਹੈ। ਕੁੱਝ ਵੀ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਮਝ ਤੇ ਪਰਿਭਾਸ਼ਿਤ ਕਰਨ ਵਿੱਚ ਲੱਗੇ ਸਮੇਂ ਵਿੱਚ ਪ੍ਰਕਿਰਤੀ ਦੀ ਸਥਿਤੀ ਤੇ ਸੁਭਾਅ ਦੋਨੋਂ ਬਦਲ ਜਾਂਦੇ ਹਨ। ਨਿਰੰਤਰ ਵਿਕਾਸ, ਨਿਰੰਤਰ ਗਤੀਸ਼ੀਲਤਾ ਹੈ ਤੇ ਨਿਰੰਤਰ ਗਤੀਸ਼ੀਲਤਾ ਵਿੱਚ ਸੰਕਲਪ ਘੜਨ ਤੇ ਪਰਿਭਾਸ਼ਾ ਨਿਸ਼ਚਤ ਕਰਨ ਲਈ ਕੋਈ ਥਾਂ ਨਹੀਂ। ਇਹ Meta Physics (ਪਰਾਭੌਤਿਕ ਵਿਗਿਆਨ) ਦਾ ਵਿਸ਼ਾ ਹੈ।

ਫਿਲਾਸਫਰ ਪੁੱਛੇ ਕਿ ਪਹਿਲਾਂ ਇਹ ਤਾਂ ਸਿੱਧ ਕਰੋ ਕਿ ਘੱਟੋ ਘੱਟ 2% (ਦੋ ਪ੍ਰਤੀਸ਼ਤ) ਸੁਤੰਤਰਤਾ ਮਿਲਦੀ ਹੈ, ਮਨੁੱਖੀ ਜਾਮਾਧਾਰੀ ਹਰ ਜੀਵਾਤਮਾ ਨੂੰ। ਇਸ ਲਈ ਫਿਲਾਸਫਰ ਸਾਹਿਬ ਨੂੰ ਪਹਿਲਾਂ ਸਥਿਤੀ ਸਪੱਸ਼ਟ ਕਰ ਦੇਈਏ ਤਾਂ ਜੋ ਸਾਰੀ ਗੱਲ ਇੱਕ ਗੱਲ ਵਿੱਚ ਹੀ ਨਿਪਟ ਜਾਵੇ। ਅਸੀਂ ਪਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ- ਜੀਵਨ ਮੌਤ ਦੇ ਚੱਕਰ ਵਿੱਚ ਵਿਸ਼ਵਾਸੀ, ਸਥੂਲ ਸਰੀਰ ਵਿੱਚ ਜੀਵਾਤਮਾ ਤੇ ਸੂਖਮ ਸਰੀਰੀ ਜੀਵਾਤਮਾ ਵਾਲੇ, ਧਰਤੀ ਤੇ ਜੱਗੀ ਕਾਨੂੰਨ ਤੇ ਰੱਬੀ ਕਾਨੂੰਨ ਨੂੰ ਮੰਨਣ ਵਾਲੇ, ਜੱਗ ਵਾਲੇ ਬਿਬੇਕੀ, ਨਫਾ ਨੁਕਸਾਨ ਚੰਗਾ ਮਾੜਾ ਤੋਂ ਲੈ ਕੇ "ਕੂੜ ਫਿਰੇ ਪਰਧਾਨ ਵੇ ਲਾਲੋ" ਵਾਲੇ ਦੀ ਪੈਗੰਬਰੀ ਦੇ ਕਾਇਲ- ਉਸ ਰੱਬੀ ਕਾਨੂੰਨ ਨੂੰ ਵੀ ਮੰਨਦੇ ਤੇ ਹੰਢਾਉਂਦੇ ਹਾਂ ਜਿੱਥੇ ਕਾਰਣ ਤੇ ਕਾਰਜ ਦਾ ਕੋਈ ਸਬੰਧ ਨਹੀਂ ਜਿੱਥੇ Time and Space ਦੀਆਂ ਸੀਮਾਵਾਂ ਨਹੀਂ, ਜਿੱਥੇ ਅੱਖ-ਮਚੱਕੇ ਵਿੱਚ ਹੀ ਸਭ ਕੁੱਝ ਵਾਪਰ ਜਾਂਦਾ ਹੈ, ਜਿੱਥੇ ਸਿਰਫ ਸੋਚਣ ਨਾਲ ਤੇ ਬੋਲਣ ਨਾਲ ਹੀ ਸਭ ਕੁੱਝ ਵਾਪਰ ਸਕਦਾ ਹੈ।

ਇਹ ਵੀ ਮੰਨਦੇ ਹਾਂ ਕਿ ਬੰਦਾ ਸੰਸਾਰ ਵਿੱਚ ਕੰਮ ਕਰਦਾ ਹੈ। ਸੰਘਰਸ਼ ਕਰਦਾ, ਮਿਹਨਤਾਂ ਕਰਦਾ ਹੈ, ਕਮਾਈ ਕਰਦਾ ਹੈ ਤੇ ਫਲ ਪਾਉਂਦਾ ਹੈ। ਬਿਸਤਰੇ ਤੇ ਲੇਟਿਆ ਹੋਇਆ, ਊਂਘਦਾ ਜਾਂ ਸੁੱਤਾ ਪਿਆ ਬੰਦਾ ਐਮ.ਏ. ਪਾਸ ਨਹੀਂ ਕਰਦਾ ਤਾਂ ਉਹ ਪ੍ਰੋਫੈਸਰ ਕਿਵੇਂ ਬਣ ਸਕਦਾ ਹੈ। ਖੇਤ ਵਿੱਚ ਜ਼ਮੀਨ ਤਿਆਰ ਕਰਨ ਵਾਲਾ, ਬੀਜ ਬੀਜਣ ਤੇ ਪਾਣੀ ਦੇਣ ਵਾਲਾ, ਸੰਭਾਲ ਕਰਨ ਵਾਲਾ ਤੇ ਪੱਕੀ ਨੂੰ ਵੱਢਣ ਵਾਲਾ ਹੀ ਆਪਣੇ ਕੋਠੇ ਦਾਣਿਆਂ ਨਾਲ ਭਰ ਸਕਦਾ ਹੈ।

-"ਜੇਹਾ ਬੀਜੇ ਸੋ ਲੁਣੇ
ਕਰਮਾ ਸੰਦੜਾ ਖੇਤ।"
-"ਭਾਲੇ ਦਾਖ ਬਿਜੌਰੀਆਂ ਕਿੱਕਰ ਬੀਜੇ ਜੱਟ"

ਉਪਰੋਕਤ ਸਭ ਕੁੱਝ ਇਹ ਸਿੱਧ ਕਰਦਾ ਹੈ। ਰੱਬ ਦੇ ਭਾਣੇ ਦਾ ਚੱਕਰ ਚਲਦਿਆਂ ਕੁੱਝ ਕੁ ਹੁੰਦਾ ਹੈ ਜੋ ਉਹ ਕਰਦਾ ਹੈ। ਜੇਕਰ ਮਨੁੱਖ ਕਰਦਾ ਹੈ ਤਾਂ ਲੱਖਾਂ ਰੋਕਾਂ, ਅਟਕਾਆਂ ਤੇ ਸੀਮਾਵਾਂ ਦੇ ਹੁੰਦਿਆਂ ਵੀ ਕੁੱਝ ਸੁਤੰਤਰ ਕਰਦਾ ਹੈ ਜਿਸ ਲਈ ਉਹ ਜ਼ਿੰਮੇਵਾਰ ਹੈ ਤੇ ਜਿਸ ਦੇ ਸਿੱਟੇ ਉਹ ਭੁਗਤਦਾ ਹੈ।

"ਹੱਥੀਂ ਦਿੱਤੀਆਂ ਦੰਦੀਂ ਖੋਹਲਣੀਆ ਪੈਂਦੀਆਂ ਹਨ।"

ਇਸਦਾ ਮਤਲਬ ਕਿ ਅਸੀਂ ਕੁੱਝ ਆਪ ਵੀ ਕਰਦੇ ਹਾਂ ਤਾਂ ਫਲ ਭੁਗਤਦੇ ਹਾਂ ਜੇਕਰ ਇੱਕ ਰੋਟੀ ਵਿੱਚ ਦੁੱਧ ਤੇ ਦੂਜੀ ਰੋਟੀ ਵਿੱਚ ਖ਼ੂਨ ਹੈ ਤਾਂ ਇਹ ਗੱਲ ਸਮਝਾਉਣ ਵਾਲਾ ਕਮਾਉਣ ਵਾਲੇ ਦੀ ਸੁੰਤਤਰਤਾ ਨੂੰ ਮੰਨਦਾ ਹੈ। ਮਨੁੱਖੀ ਜੀਵਾਤਮਾ ਪਾਸ ਇਹ ਘੱਟ ਤੋਂ ਘੱਟ 2% ਹਨ। ਇਹ ਸਹਿਜਧਾਰਾ ਦੀ ਮਾਨਤਾ ਹੈ।

ਤੁਸੀਂ ਆਪਣੀ ਸੁਤੰਤਰਤਾ ਵਰਤ ਕੇ ਆਪ ਸੋਚੋ, ਆਪ ਅਨੁਭਵ ਕਰੋ- ਤੁਹਾਨੂੰ ਖੁੱਲ੍ਹੀ ਛੁੱਟੀ। ਤੁਸੀਂ ਵੀ ਸੀਮਤ ਸੁਤੰਤਰਤਾ ਦੇ ਹੱਕੀ ਹੋ।

****

# ਚੁਗਲਖੋਰੀ

ਸਿਆਣਿਆਂ ਨੂੰ ਨਿਆਣੇ ਸਮਝਾਉਂਦੇ ਹਨ ਕਿ ਜੇਕਰ ਤੁਹਾਡਾ ਸਹਿਜਧਾਰਾ ਜੀਵਨ ਜਾਚ ਦਾ ਇਹ ਗੁਰ ਜੀਵਨ ਵਿੱਚ ਧਾਰਣ ਕਰ ਲਿਆ ਤਾਂ ਅਸੀਂ ਤਾਂ ਪਾਗਲ ਹੋ ਜਾਵਾਂਗੇ ਕਿਉਂਕਿ ਸਾਡਾ ਤਾਂ ਮਨ ਪਾਪੀ ਹੈ, ਨਿੱਤ ਪਾਪ ਦੇ ਨਵੇਂ ਬਖੇੜੇ ਵਿੱਢਦਾ ਰਹਿੰਦਾ ਹੈ। ਉਨ੍ਹਾਂ ਚਲਿੱਤਰਾਂ, ਬਖੇੜਿਆਂ, ਕੀਤੇ ਕੁਕਰਮਾਂ ਦਾ ਬੋਝ ਵਿਚਾਰੀ ਜੀਵਾਤਮਾ ਕਿੰਨਾ ਕੁ ਚੁੱਕ ਸਕਦੀ ਹੈ। ਇਸ ਲਈ ਕਿਸੇ ਵਿਚਾਰੇ ਨੂੰ ਵੱਧ ਪਾਪੀ ਤੇ ਬੁਰਾ ਆਖ ਕੇ ਆਪਣੇ ਮਨੋਵਿਗਿਆਨਕ ਨਿਘਾਰ ਦੀਆਂ ਖਾਈਆਂ ਨੂੰ ਭਰ ਲਈਦਾ ਹੈ ਤੇ ਮਨੋਵਿਗਿਆਨਕ ਸੰਤੁਲਨ ਕਾਇਮ ਕਰ ਲਈਦਾ ਹੈ। ਉਹ ਬੇ-ਅਕਲ ਭੋਲੇ ਪ੍ਰਾਣੀ ਭੁੱਲ ਜਾਂਦੇ ਹਨ ਕਿ ਇਸ ਮਨੋਵਿਗਿਆਨਕ ਸੰਤੁਲਨ ਕਾਇਮ ਕਰਨ ਵਿੱਚ ਉਨ੍ਹਾਂ ਨੇ ਕਿੰਨਾ ਵੱਡਾ ਸਦਾਚਾਰਕ ਗੁਨਾਹ ਤੇ ਅਧਿਆਤਮਕ ਪਾਪ ਕੀਤਾ ਹੈ ਆਉ ਆਪਾਂ ਇਸ ਨੂੰ ਸਰਲ ਢੰਗ ਨਾਲ ਸਮਝੀਏ ਤੇ ਵਿਚਾਰੀਏ।

ਸਮਝ ਲਉ ਕੁਲਵੰਤ ਨੇ ਆਪਣੇ ਹੀ ਘਰ ਵਿੱਚ ਆਪਣੇ ਹੀ ਬੱਚਿਆਂ, ਪਤਨੀ ਤੇ ਮਾਂ ਦੀਆਂ ਨਜ਼ਰਾਂ ਵਿੱਚ ਧੂੜ ਪਾ ਕੇ ਆਪਣੇ overtime ਦੀ ਕਮਾਈ ਵਿਚੋਂ 2000 ਰੁਪਏ ਦੀ ਠੱਗੀ ਮਾਰੀ, ਇਸ ਲਈ ਕਿ ਚੋਰੀ ਚੋਰੀ ਯਾਰਾਂ ਨਾਲ ਸ਼ਰਾਬਾਂ ਦੇ ਦੌਰ ਚੱਲ ਸਕਣ ਜਾਂ ਕਿਸੇ ਹੋਟਲ ਵਿੱਚ ਸ਼ਾਮ ਬਿਤਾਈ ਜਾਵੇ ਤੇ ਖਰਮਸਤੀਆਂ ਕੀਤੀਆਂ ਜਾਣ। ਇਸ ਨਾਲ ਮਨੁੱਖ ਦੇ ਅੰਤਹਕਰਣ ਵਿੱਚ ਮੰਦਾ ਸੋਚਣ ਦਾ, ਬੁਰਾ ਕਰਨ ਦਾ ਤੇ ਆਪਣੇ ਸੰਸਾਰ ਦੇ ਆਪਣਿਆਂ ਨਾਲੋਂ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋਣ ਕਾਰਣ ਗੁਨਾਹ ਦਾ ਅਹਿਸਾਸ ਮਨੁੱਖ ਨੂੰ ਟਿਕਣ ਨਹੀਂ ਦਿੰਦਾ ਕਿਉਂਕਿ ਜੀਵਾਤਮਾ ਉੱਚ ਕੋਟੀ ਦੀਆਂ ਸਦਾਚਾਰਕ ਕਦਰਾਂ ਕੀਮਤਾਂ ਦੀ ਜਾਣੂ ਹੈ ਅਤੇ ਵਿਕਾਸ ਦਾ ਅਗੰਮੀ ਸਿਧਾਂਤ (ਜੋ ਸਹਿਜਧਾਰਾ ਸਤਿਸੰਗੀ ਸੋਚ ਦਾ ਧੁਰਾ ਹੈ) ਦੇ ਤੌਰ ਤਰੀਕਿਆਂ ਨੂੰ ਆਪਣੀ ਸੇਧ ਦਾ ਕੇਂਦਰ ਮੰਨਦੀ ਹੈ। ਮਨੁੱਖ ਦੀ ਅੰਦਰਲੀ ਦੁਨੀਆਂ ਵਿੱਚ ਭੁਚਾਲ ਆਉਂਦੇ ਹਨ, ਵਾਵਰੋਲੇ ਉੱਠਦੇ ਹਨ ਤੇ ਤੇਜ਼ ਝੱਖੜ ਝੁੱਲਦੇ ਹਨ, ਇਸ ਲਈ ਬੰਦਾ ਕਰੇ ਬੁਰਾਈਆਂ ਤੇ ਸੁੱਖ ਸ਼ਾਂਤੀ ਲੋੜੇ। ਬਹੁਤ ਵਾਰੀ ਵੇਖਣ ਵਾਲੇ ਦਰਸ਼ਕ ਵੀ ਧੋਖਾ ਖਾ ਜਾਂਦੇ ਹਨ ਜਦੋਂ ਅਜਿਹੇ ਚੁਗਲਖੋਰ ਉੱਚੀ ਉੱਚੀ ਹੱਸਦੇ ਹਨ। ਕੰਨ ਪਾੜਵੇਂ ਬੋਲ ਬੋਲਦੇ ਹਨ ਜਾਂ ਸਪੀਕਰਾਂ ਤੇ ਉੱਚੀ ਆਵਾਜ਼ ਵਿੱਚ ਟੇਪਾਂ ਲਾਉਂਦੇ ਹਨ ਜਾਂ ਦੂਜੇ ਚੋਰਾਂ ਯਾਰਾਂ ਨਾਲ ਮਿਲ ਕੇ ਮੌਜਾਂ ਕਰਦੇ ਲੱਗਦੇ ਹਨ। ਰਾਤੀਂ ਸੌਣ ਵੇਲੇ ਉਹ ਆਪਣੀ ਘਰਵਾਲੀ ਨੂੰ ਪਿਆਰ ਨਹੀਂ ਕਰਦੇ ਗਾਲਾਂ ਕੱਢਦੇ ਹਨ। ਬੱਚਿਆਂ ਨੂੰ ਬੁੱਕਲ ਵਿੱਚ ਦੁਲਾਰਦੇ ਨਹੀਂ, ਉਨ੍ਹਾਂ ਪ੍ਰਤੀ ਅਵੇਸਲੇ ਹੁੰਦੇ ਹਨ। ਮਾਂ ਦਾ ਹਾਲ ਨਹੀਂ ਪੁੱਛਦੇ, ਉਹ ਬੁੱਢੀਏ ਕਹਿ ਕੇ ਬਲਾਉਂਦੇ ਹਨ, ਇਹ ਸਭ ਕੁੱਝ ਆਪੇ ਤੋਂ ਬਚਣ ਦੇ ਤਰੀਕੇ ਹਨ- ਹੀਲੇ ਹਨ ਜਾਂ ਬਹਾਨੇ ਹਨ। ਉਨ੍ਹਾਂ ਦੇ ਅਸਲ ਦਾ ਉਹ ਪਲ ਹੁੰਦਾ ਹੈ ਜਦੋਂ ਉਹ ਬਿਸਤਰੇ ਤੋਂ ਜਾਗਦੇ ਹਨ। ਉਨ੍ਹਾਂ ਦਾ ਸੱਚ ਤਾਂ ਉਨ੍ਹਾਂ ਦੇ ਉਹ ਅਸਲੀ ਜੀਵਨ ਪਲ ਹੀ ਹੁੰਦੇ ਹਨ।

ਬਹੁਤ ਸਾਰੇ ਲੋਕ ਜ਼ਿਆਦਾਤਰ ਨੌਜਵਾਨ ਪੀੜ੍ਹੀ ਵਧੇਰੇ ਵਿਵਹਾਰੀ ਤੇ information technology ਤੇ ਨਿਰਭਰ, ਲੋੜ ਤੇ ਲੋੜ ਪੂਰਤੀਆਂ ਨਾਲ ਹੀ ਜੁੜੇ ਹੋਣ ਕਾਰਨ ਮਕੈਨਿਕੀ ਤੇ Information technology ਵਿੱਚੋਂ ਵੀ Information ਨੂੰ ਕੱਟ ਕੇ ਸਿਰਫ technology ਵੱਲ ਰੁਝਾਨ ਰੱਖਦੇ ਹਨ। ਸੀਮਿਤ ਸੰਸਾਰ ਦੀ ਨਿੱਤ ਲੋੜ ਪੂਰਤੀਆਂ ਨਾਲ ਸਬੰਧਿਤ ਗਿਆਨ ਪ੍ਰਾਪਤੀ ਵਿੱਚ ਹੀ ਪ੍ਰਵੀਨ ਹੁੰਦੇ ਹਨ। ਹੁਣ ਪੈਸੇ ਪ੍ਰੋਫੈਸਰੀਆਂ ਵਿੱਚ ਨਹੀਂ ਇੰਜੀਨੀਅਰੀਆਂ ਵਿੱਚ ਹਨ। ਹੁਣ ਗਿਆਨ, ਸੋਚਾਂ, ਅਕਲਾਂ ਸਦਾਚਾਰਕ ਸਿੱਖਿਆ, ਅਧਿਆਤਮਕ ਉਚਾਈਆਂ ਲਈ ਨਹੀਂ ਕਿਉਂਕਿ ਇਹ ਸਭ ਕੁੱਝ ਤਾਂ ਬੀਤੀਆਂ ਸਦੀਆਂ ਦੇ ਵਿਹਲੜ ਦਿਮਾਗਾਂ ਦੀਆਂ ਵਿਅਰਥ ਕਾਲਪਨਿਕ ਸੋਚਾਂ ਹੀ ਸਮਝਿਆ ਜਾਣ ਲੱਗ ਪਿਆ ਹੈ। ਮਾਡਲ ਹੁਣ ਸੂਝਵਾਨ ਸਾਊ ਤੇ ਸਿਆਣਾ ਪੰਡਿਤ ਵਿਦਵਾਨ ਨਹੀਂ, ਹੁਣ ਇਨਸਾਨ ਨਹੀਂ, ਧੰਨਵਾਨ ਉਦਯੋਗਪਤੀ ਹੀ ਮਾਡਲ ਹੈ। ਕਲਯੁੱਗ Machine age ਦਾ ਪਰਮਪਤੀ ਰੱਬ ਨਹੀਂ- ਧਨ ਕੁਬੇਰ ਇਨਸਾਨ ਹੈ। ਹੁਣ ਦਿਲ ਤਾਂ ਖੂਨ ਦੀ pumping machine ਹੈ, ਦਿਲਦਾਰ ਦਾ ਸਰਮਾਇਆ ਨਹੀਂ। ਇਹ ਦਿਲ ਤਾਂ ਉਨ੍ਹਾਂ ਦਾ ਹੈ ਜੋ ਕਿਹਾ ਕਰਦੇ ਸਨ "ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।"

ਇਹ ਕਲਯੁੱਗੀ ਜੀਵ ਬਹੁਤ ਸਿਆਣੇ ਤਾਂ ਦਰਖਤ ਦੇ ਤਣੇ ਦਾ ਨਾਪ ਹੀ ਲੈਣਾ ਜਾਣਦੇ ਹਨ। ਉਹ ਉਚਾਈਆਂ ਮਾਪਣ ਦੇ ਸ਼ੌਕੀਨ ਨਹੀਂ। ਇਹ ਤਾਂ ਦਿਲ ਦੀਆਂ ਡੂੰਘਾਈਆਂ ਵਰਗੀ ਜੜ੍ਹ ਨਾਲੋਂ ਵੱਖ ਕਰਕੇ ਹੀ ਦਰਖਤ ਦੀ ਕੀਮਤ ਗਰਦਾਨਦੇ ਹਨ।

ਪਰ ਇਹ ਬਹੁਤ ਸਿਆਣੇ ਲੋਕ ਨਹੀਂ, ਇਸ ਬਸਤੀ ਵਿੱਚ ਉਹ ਵੀ ਤਾਂ ਵਸਦੇ ਹਨ ਜਿਨ੍ਹਾਂ ਦੀਆਂ ਕੁੱਲੀਆਂ ਹਨ ਪਰ ਖੇੜਿਆਂ ਨਾਲ ਰੌਸ਼ਨ ਹਨ। ਸਧਾਰਣ ਜੀਵਨ ਹੈ ਪਰ ਸਾਦਗੀ, ਸਹਿਜ, ਸੱਚਾਈ ਤੇ ਸੁੱਚ ਨਾਲ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਨ੍ਹਾਂ ਰੌਸ਼ਨ ਦਿਮਾਗਾਂ ਪਾਸ ਰੱਜ ਹੈ ਜੇ ਰਾਜ ਨਹੀਂ ਤਾਂ ਕੀ ਹੋਇਆ। ਰਾਜ ਕਰੇਂਦੇ ਭੁੱਖੜ ਸਦਾ ਭੋਖੜੇ ਦਾ ਸ਼ਿਕਾਰ ਬਣੇ ਰਹਿੰਦੇ ਹਨ। ਇਨ੍ਹਾਂ ਜ਼ਿੰਦਗੀ ਦੇ ਆਸ਼ਕਾਂ ਪਾਸ ਬੈਠਣ ਨੂੰ ਪੀੜ੍ਹੀਆਂ, ਆਪਣੀਆਂ ਪੀੜ੍ਹੀਆਂ। ਕੁਰਸੀਆਂ ਦਾ ਕੀ ਹੈ ਕੁਰਸੀ ਤਾਂ ਕੁਰਸੀ ਹੁੰਦੀ ਹੈ ਸਦਾ ਆਪਣੀ ਨਹੀਂ ਹੁੰਦੀ। ਬਾਬੇ ਆਖਦੇ ਹਨ-

"ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ॥"

ਗੱਲ ਆਪਾਂ ਇੱਕ ਚੁਗਲ ਖੋਰ ਦੀ ਜੀਵਨੀ ਬਾਰੇ ਕਰ ਰਹੇ ਸੀ, ਕੁਲਵੰਤ ਦੀਆਂ ਚੁਗਲੀਆਂ ਦੀ ਗੋਲਕ ਵਿੱਚ ਵੱਡੀ ਚੁਗਲੀ ਤਾਂ ਠੱਗੀ ਸਬੰਧੀ ਹੀ ਹੋਵੇਗੀ। ਇਹ ਸਾਈਕਾਲੋਜੀ (Psychology) ਹੈ, ਉਹ ਆਪਣੇ ਕਿਸੇ ਜਾਣਕਾਰ ਦੀ ਮਨਘੜਤ (ਖੰਭਾਂ ਦੀ ਡਾਰ ਬਣਾਉਣਾ) ਚੁਗਲੀ ਕਿਸੇ ਸਾਂਝੇ ਰਿਸ਼ਤੇਦਾਰ ਜਾਂ ਮਿੱਤਰ ਪਾਸ ਕਰੇਗਾ ਤੇ ਕਹੇਗਾ ਸਤਵੰਤ ਨੇ ਆਪਣੇ ਘਰੋਂ ਤਾਂ overtime ਦੇ ਪੂਰੇ ਪੈਸੇ ਆਪਣੀ ਜੇਬੇ ਹੀ ਪਾ ਲਏ ਤੇ ਕੰਜਰੀਆਂ ਦੇ ਘਰ ਜਾ ਵੜਿਆ। ਕੰਪਨੀ ਦੇ ਵਹੀ ਖਾਤੇ ਵਿਚੋਂ ਵੀ ਇੱਕ ਜਾਅਲੀ ਚੈੱਕ ਕੈਸ਼ ਕਰਵਾ ਲਿਆ ਤੇ ਫੇਰ ਕੁਲਵੰਤ ਤੋਂ ਇਹ ਚੁਗਲੀ ਤਾਂ ਦਿੱਲੀ ਵਾਲੀ ਰੇਲ ਗੱਡੀ ਚੜ੍ਹ ਜਾਵੇਗੀ, ਖੰਭਾਂ ਦੀਆਂ ਡਾਰਾਂ ਬਣੀਆਂ ਗੱਲਾਂ ਵਿੱਚ ਦੋ ਆਪਣੀਆਂ ਹੋਰ ਵਧਾਈਆਂ- ਅਗਲੇ ਨੂੰ ਸੁਣਾਈਆਂ ਤੇ ਆਪਣੇ ਨਿੱਜੀ ਗੁਨਾਹ ਤੇ ਪਰਦਾ ਪਾ ਲਿਆ। ਦਿੱਲੀ ਜੰਕਸ਼ਨ ਤੇ ਹਰਵੰਤ ਇਸੇ ਚਾਦਰੀਂ ਲਪੇਟੀ ਚੁਗਲੀ ਨੂੰ ਮਨਜੀਤ ਨੂੰ ਸੁਣਾਏਗਾ, ਮਨਜੀਤ ਪੂਰਾ ਇਤਬਾਰ ਨਹੀਂ ਕਰੇਗਾ ਕਿਉਂਕਿ ਉਹ ਸਤਵੰਤ ਵਾਲੀ ਕੰਪਨੀ ਵਿੱਚ ਕੰਮ ਕਰਦਾ ਹੈ ਤੇ ਸਤਵੰਤ ਦੇ ਕੰਮਕਾਰ ਤੋਂ ਚੰਗੀ ਤਰ੍ਹਾਂ ਵਾਕਿਫ਼ ਹੈ। ਹਰਪ੍ਰੀਤ ਆਪਣੇ ਮਿੱਤਰ ਨੂੰ ਕਿੱਸੇ ਸੁਣਾਏਗਾ ਤੇ ਵੰਡੋ ਵੰਡੀ ਇਹ ਅਫ਼ਸਾਨਾ ਨੁਮਾ ਚੁਗਲਕਥਾ ਪਰਮਜੀਤ ਆਪਣੇ ਪਰਮ ਮਿੱਤਰ ਕੁਲਵੰਤ ਨੂੰ ਬੜੀ ਹਮਦਰਦੀ ਨਾਲ ਸੁਣਾਏਗਾ। ਕੁਲਵੰਤ ਸੁਣ ਕੇ ਇਸ ਗੱਲ 'ਤੇ ਅੰਦਰੋਂ-ਅੰਦਰੀ ਹੈਰਾਨ ਹੋਵੇਗਾ ਕਿ ਚੁਗਲੀ ਤਾਂ ਉਸ ਨੇ ਚੋਰੀ ਚੋਰੀ ਆਪਣੇ ਇਕੋ ਇੱਕ ਮਿੱਤਰ ਨੂੰ ਸੁਣਾਈ ਸੀ ਇਹ ਖੰਭਾਂ ਦੀਆਂ ਡਾਰਾਂ ਬਣਾ ਕੇ, ਬਾਤਾਂ ਦਾ ਬਤੰਗੜ ਬਣ ਕੇ ਦਸ ਦਰ ਘੁੰਮਦੀ ਉਸ ਪਾਸ ਕਿਵੇਂ ਪਹੁੰਚ ਸਕੀ? ਉਹ ਦੋ ਕੰਮ ਕਰ ਸਕਦਾ ਹੈ ਜਾਂ ਚੁੱਪ ਕਰਕੇ ਸੁਣੀ ਜਾਵੇ ਤੇ ਚੁਗਲੀ ਤੋਂ ਹੀ ਮੁੱਕਰ ਜਾਵੇ ਜਾਂ ਆਪੇ ਤੋਂ ਬਾਹਰ ਹੋ ਕੇ ਚਾਰ ਪੰਜ ਪੰਜਾਬੀ ਕੁਬੋਲ ਲੋਕਾਂ ਦੇ ਲੜ ਬੰਨ ਦੇਵੇ। ਹਰ ਹਾਲਤ ਵਿੱਚ ਉਸਨੂੰ ਨਮੋਸ਼ੀ ਨਾਲ ਦੋ ਚਾਰ ਹੋਣਾ ਪਵੇਗਾ। ਚੁਗਲੀ ਕਰਨ ਦਾ ਝੋਰਾ ਉਸ ਨੂੰ ਅੰਦਰੋਂ-ਅੰਦਰੀ ਵੱਢ-ਵੱਢ ਖਾਵੇਗਾ। ਇਹ ਸੋਚਣ ਦੀ ਮਜਬੂਰੀ ਵੀ ਹੋਵੇਗੀ ਕਿ ਆਪਾਂ ਦੂਜੇ ਦੀ ਗੱਲ ਕਿਉਂ ਕਿਸੇ ਕੋਲ ਕਰਨੀ ਸੀ ਅੱਗੇ ਤੋਂ ਉਹ ਸੰਭਲ ਕੇ ਚੱਲੇਗਾ।

ਸਹਿਜਧਾਰਾ ਸਤਿਸੰਗ ਦੀ ਧਾਰਨਾ ਹੈ ਕਿ ਜੇ ਚੁਗਲਖੋਰ ਆਖਾ ਮੰਨ ਕੇ ਇਸ ਔਗੁਣ ਚੁਗਲਖੋਰੀ ਦਾ ਤਿਆਗ ਕਰੇ ਤਾਂ ਇਸ ਦੇ ਕੀ ਸਿੱਟੇ ਨਿਕਲਣਗੇ। ਉਸਨੂੰ ਕੋਈ ਉਲਾਂਭਾ ਨਹੀਂ ਸਹਿਣਾ ਪਵੇਗਾ। ਉਹ ਆਪਣੇ ਅੰਤਹਕਰਣ ਵਿੱਚ ਨਿਰਭੈ ਹੋ ਕੇ ਜੀਵਨ ਵਿੱਚ ਵਿਚਰੇਗਾ ਤੇ ਉਸ ਦੇ ਚਿਹਰੇ 'ਤੇ ਬੁਰਾਈ ਦੇ ਤਿਆਗ ਵਜੋਂ ਲਾਲੀ ਛਲਕੇਗੀ, ਉਹ ਮਿੱਤਰਾਂ ਰਿਸ਼ਤੇਦਾਰਾਂ ਵਿੱਚ ਨਿਡਰ ਹੋ ਕੇ ਖੁਲ੍ਹੇ-ਡੁੱਲ੍ਹੇ ਢੰਗ ਨਾਲ ਆਪਣੀ ਗੱਲਬਾਤ ਕਰ ਸਕੇਗਾ। ਲੋਕਾਂ ਵਿੱਚ ਉਸ ਦਾ ਅਕਸ ਚੁਗਲਖੋਰ ਦਾ ਨਹੀਂ, ਇੱਕ ਭਲੇ ਸਿਆਣੇ ਵਿਅਕਤੀ ਦਾ ਹੋਵੇਗਾ। ਮਿੱਤਰ ਰਿਸ਼ਤੇਦਾਰ ਉਸ ਨਾਲ ਆਪਣੇ ਜੀਵਨ ਦੀਆਂ ਗੁੱਥੀਆਂ ਸੁਲਝਾਉਣ ਲਈ ਸਲਾਹਾਂ ਕਰਨਗੇ ਤੇ ਸੁਝਾਉ ਮੰਗਣਗੇ। ਉਸ ਦਾ ਆਪਾ ਖੁਸ਼ੀ ਨਾਲ ਫੈਲੇਗਾ, ਖਿੜੇਗਾ। ਉਸਨੂੰ ਆਪਣਾ ਜੀਵਨ ਭਾਰ ਨਹੀਂ ਲੱਗੇਗਾ ਸਗੋਂ ਆਪਣੀ ਹੋਂਦ ਸਾਰਥਿਕ ਜਾਪੇਗੀ।

ਸਾਡੇ ਸਮਾਜ ਵਿੱਚ ਇੱਕ ਹੋਰ ਔਗੁਣ ਮਹਾਂਮਾਰੀ ਵਾਂਗ ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ, ਅਸੀਂ ਉਧਾਰ ਤਾਂ ਲੈਂਦੇ ਹਾਂ ਪਰ ਮੋੜਦੇ ਨਹੀਂ, ਜੇ ਮੋੜਦੇ ਹਾਂ ਤਾਂ ਜਿਵੇਂ ਦੂਜੇ ਨੂੰ ਲਾਅਣਤਾਂ ਪਾ ਕੇ ਜਿਵੇਂ ਅਸੀਂ ਪੈਸੇ ਦੇ ਕੇ ਕੋਈ ਅਹਿਸਾਨ ਕੀਤਾ ਹੋਵੇ। ਇਹ ਸਾਰਾ ਕੁੱਝ ਮਨੁੱਖੀ ਹਉਮੈ ਦੇ ਸ਼ੈਤਾਨ ਨਾਲ ਚਾਰ ਫੇਰੇ ਲੈਣ ਕਾਰਣ ਹੋਇਆ ਹੈ, ਕੂੜ ਤੇ ਕੁੱਸਤ ਦੇ ਗੂੜੇ ਰੰਗਾਂ ਵਾਲੀ ਫੁਲਕਾਰੀ ਵਿੱਚ ਲਿਪਟੀ ਇਹ ਛਮਕ ਛੱਲੋ ਹਉਮੈ, ਰੱਬ ਦਾ ਵੀ ਭੈ ਨਹੀਂ ਮੰਨਦੀ।

ਆਰਥਿਕ ਮੰਦਵਾੜੇ ਦੇ ਇਸ ਦੌਰ ਵਿੱਚ ਮੱਧ ਵਰਗ ਪੂਰੀ ਤਰ੍ਹਾਂ ਨਪੀੜਿਆ ਜਾ ਚੁੱਕਾ ਹੈ। ਗਰੀਬ ਜਨਤਾ ਆਪਣੇ ਨੰਗ ਧੜੰਗ ਤੇ ਥੁੜਾਂ ਭੁੱਖਾਂ ਦੀ ਮਾਰੀ ਹੋਂਦ ਨੂੰ ਕਾਇਮ ਰੱਖਣ ਦੇ ਸੰਘਰਸ਼ ਵਿੱਚ ਰੁੱਝੀ ਹੋਈ ਨੂੰ ਚੰਗਾ ਤੇ ਸਵਸਥ ਜੀਵਨ ਜਿਉਣ ਦਾ ਸੁਪਨਾ ਵੀ ਨਹੀਂ ਨਸੀਬ ਹੁੰਦਾ। ਜਦੋਂ ਅੱਧ ਵਿਚਕਾਰ ਲਟਕੀ ਮੱਧ ਵਰਗੀ ਮਾਨਸਿਕਤਾ ਸਾਧਨਾਂ ਵਲੋਂ ਸੀਮਿਤ ਹੈ ਤੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਵਿੱਚ ਨਪੀੜੀ ਜਾਂਦੀ ਹੈ ਤਾਂ ਸਾਰਾ ਮਨੋਵਿਗਿਆਨ ਹੀ ਇਸ ਸ਼੍ਰੇਣੀ ਦੇ ਮਾਨਸਿਕ ਤਨਾਵਾਂ ਤੇ ਪਰੇਸ਼ਾਨੀਆਂ ਵਿੱਚ ਘਿਰੀ ਹੋਂਦ ਦੀ ਕਹਾਣੀ ਦਾ ਵਿਸ਼ਲੇਸ਼ਣ ਜਾਪਦਾ ਹੈ। ਆਪਣੇ ਸੀਮਿਤ ਦਾਇਰੇ ਵਿੱਚ ਸੋਚੀਏ ਤੇ ਸਮਝੀਏ ਤਾਂ ਥੁੜਾਂ ਤੇ ਥੁੜ ਪੂਰਤੀਆਂ ਵਧੇਰੇ ਇਸੇ ਵਰਗ ਦੇ ਪੱਲੇ ਆਉਂਦੀਆਂ ਹਨ।

ਜੇਕਰ ਸੰਕਟ ਦੀ ਘੜੀ ਵਿੱਚ ਮਿਸਟਰ ਬੀ. ਨੇ ਮਿਸਟਰ ਏ. ਤੋਂ 2000 ਰੁਪਏ ਫੜ ਲਏ ਤਾਂ ਮਨੋਵਿਗਿਆਨਕ ਤੌਰ ਤੇ ਦੋਨਾਂ ਦੀ ਆਪਣੀ ਬਰਾਬਰੀ ਦੀ ਤੱਕੜੀ ਵਿੱਚ ਕੁੱਝ ਪਾਸਕੂ ਪੈ ਗਿਆ। ਵਾਪਸ ਕਰਨ ਵੇਲੇ ਮਿਸਟਰ ਬੀ. ਭੁੱਲ ਹੀ ਜਾਂਦਾ ਕਿ ਮਿਸਟਰ ਏ. ਤੋਂ ਪੈਸੇ ਉਧਾਰ ਲਏ ਹਨ ਤੇ ਉਸ ਦਾ ਸ਼ੁਕਰਗੁਜ਼ਾਰ ਹੋ ਕੇ ਵਾਪਸ ਵੀ ਕਰਨੇ ਹਨ। ਜੇਕਰ ਮਿਸਟਰ ਏ. ਕਦੇ ਮਿਲ ਕੇ ਜਾਂ ਟੈਲੀਫੋਨ ਤੇ ਹੀ ਪੈਸਿਆਂ ਦੀ ਗੱਲ ਕਹੇ ਤਾਂ ਜਵਾਬ ਕਮਾਲ ਦਾ ਮਿਲਦਾ ਹੈ- ਉਏ ਕਿਤੇ ਭੱਜ ਤਾਂ ਨਹੀਂ ਚੱਲੇ, ਮੋੜ ਦਿਆਂਗੇ।

ਤੇ ਮਿਸਟਰ ਸੀ. ਨੂੰ ਮਿਸਟਰ ਬੀ. ਇਸ ਤਰ੍ਹਾਂ ਟੈਲੀਫੋਨ ਕਰੇਗਾ "ਬਲਵੰਤ ਸਿੰਘ ਮਿਸਟਰ ਏ. ਤੋਂ ਚਾਰ ਪੈਸੇ ਕੀ ਫੜ ਲਏ, ਮੰਗ ਮੰਗ ਕੇ ਦੇਹਲੀ ਨੀਵੀਂ ਕਰ ਦਿੱਤੀ।"

ਨਾ-ਸ਼ੁਕਰਾਪਨ ਅਸਲ ਵਿੱਚ ਸ਼ੈਤਾਨੀ ਹਉਮੈ ਕਾਰਣ ਹੀ ਹੁੰਦਾ ਹੈ। ਅਧਿਆਤਮ ਵਿੱਚ ਤੇ ਸਦਾਚਾਰਕ ਸੇਧ ਵਜੋਂ ਨਿਮਰਤਾ ਦਾ ਜੋ ਸਥਾਨ ਹੈ ਉਹ ਇਨ੍ਹਾਂ ਲੋਕਾਂ ਦੇ ਵੱਸ ਦਾ ਕੰਮ ਨਹੀਂ।

ਪਰ ਜੇਕਰ ਮਿਸਟਰ ਬੀ. ਪੈਸੇ ਬਿਨਾਂ ਮੰਗੇ ਠੀਕ ਮੌਕੇ 'ਤੇ ਧੰਨਵਾਦ ਸਹਿਤ ਮੋੜ ਦੇਵੇ ਤਾਂ ਜਿਸ ਪਿਆਰ ਨਾਲ ਮਿਸਟਰ ਏ. ਵਰਤਾਉ ਕਰੇਗਾ ਤੇ ਜੋ ਸਦਭਾਵਨਾ ਦੋਨਾਂ ਵਿਚਕਾਰ ਮਹਿਕਦੀ ਹੈ, ਉਸਦਾ ਰੰਗ ਆਪਣਾ ਹੀ ਹੋਵੇਗਾ। ਇਸ ਤਰ੍ਹਾਂ ਦੇ ਵਿਵਹਾਰ ਦਾ ਪਰਿਣਾਮ ਇਹ ਹੁੰਦਾ ਹੈ ਕਿ ਲੈਣ ਦੇਣ ਦੀਆਂ ਲੋੜਾਂ ਪਿਆਰ ਸਤਿਕਾਰ ਨਾਲ ਪੂਰੀਆਂ ਵੀ ਹੁੰਦੀਆਂ ਰਹਿੰਦੀਆਂ ਹਨ। ਇਸ ਵਿੱਚ ਦੋਨਾਂ ਦਾ ਭਲਾ ਹੈ ਜਿਸ ਦੇ ਪੈਸੇ ਵਾਪਸ ਆ ਗਏ ਉਹ ਖੁਸ਼ ਹੋ ਗਿਆ, ਜਿਸ ਨੇ ਪੈਸੇ ਵਾਪਸ ਦੇ ਦਿੱਤੇ ਉਸ ਦੀ ਜੀਵਾਤਮਾ ਨੂੰ ਜੋ ਆਰਾਮ ਤੇ ਤਸਕੀਨ ਮਿਲੀ ਤੇ ਜਿਸ ਤਰ੍ਹਾਂ ਉਸ ਦਾ ਆਪਾ ਫੈਲਾਅ ਵਿੱਚ ਆਇਆ, ਇਹ ਅਨੁਭਵ ਆਪਣੇ ਵਿੱਚ ਹੀ ਇੱਕ ਪ੍ਰਾਪਤੀ ਹੁੰਦੀ ਹੈ।

ਇਸ ਤਰ੍ਹਾਂ ਜਦੋਂ ਕੋਈ ਸਾਧਕ ਆਪਣੇ ਔਗੁਣ ਤੋਂ ਮੁਕਤੀ ਲੈਂਦਾ ਹੈ ਤਾਂ ਉਹ ਖੁਦ ਹੀ ਅਨੁਭਵ ਕਰਦਾ ਹੈ ਕਿ ਉਸ ਦੇ ਆਪਣੇ ਘਰੇਲੂ ਮਹੌਲ ਵਿੱਚ ਕਿੰਨੀ ਸਦਭਾਵਨਾ ਪੈਦਾ ਹੋਈ ਹੈ। ਲੋਕਾਂ ਵਿੱਚ ਵਿਚਰਦਿਆਂ ਉਸ ਦੀ ਦ੍ਰਿਸ਼ਟੀ ਵਿੱਚ ਇਸ ਨਵੇਂ ਅਨੁਭਵ ਅਤੇ ਇਸ ਤੋਂ ਮਿਲੇ ਆਨੰਦ ਦੇ ਅਹਿਸਾਸ ਵਿੱਚ ਤਾਜ਼ਗੀ ਅਤੇ ਸਮਾਜੀ ਵਿਵਹਾਰ ਵਿੱਚ ਨਵਾਂਪਨ ਆਉਂਦਾ ਹੈ। ਉਪਰੋਕਤ ਵਿਸਥਾਰ ਇੱਕ ਵਿਚਾਰ ਨੂੰ ਵਧੇਰੇ ਸਪੱਸ਼ਟ ਕਰਨ ਹਿੱਤ ਹੀ ਕੀਤਾ ਗਿਆ ਹੈ ਕਿਰਿਆ- ਪ੍ਰਤੀਕਿਰਿਆ ਦੇ ਸੰਘਰਸ਼ ਵਿੱਚ ਸੁਖਭਰੀ ਹੋਂਦ ਦਾ ਸੁਫਨਾ ਆਪਣੀ ਸਾਕਾਰਤਾ ਲੈ ਕੇ ਫੁਟ ਨਿਕਲਦਾ ਹੈ, ਇਹ ਸੱਚ ਹੈ ਇਸ ਲਈ ਖ਼ੁਦ ਅਜਮਾਉ-ਸਾਧੋ।

ਤੁਹਾਨੂੰ ਹੁਸ਼ਿਆਰ ਕਰਨ ਲਈ ਇੱਕ ਵਾਰ ਫੇਰ ਆਖਦਾ ਹਾਂ ਕਿ ਆਪਣੇ ਗੁਣ-ਔਗੁਣਾਂ ਦਾ ਨਿਰੀਖਣ ਕਰਦਿਆਂ ਮਨੁੱਖੀ ਆਪਾ ਆਪਣਾ ਪੱਖ ਪੂਰਦਾ ਹੈ। ਇਸ ਤੋਂ ਸਾਵਧਾਨ ਰੱਖੋ ਆਪਣੇ ਆਪ ਨੂੰ, ਇਸ ਲਈ ਵੱਡੇ-ਵਡੇਰਿਆਂ ਦੀ ਸ਼ਰਣ ਬਹੁਤ ਮਹੱਤਵ ਰੱਖਦੀ ਹੈ। ਆਪਣੇ ਆਪ ਨਾਲ ਲਿਹਾਜ਼ ਨਾ ਕਰੋ। ਕੋਸ਼ਿਸ਼ ਕਰੋ ਕਿ ਤੁਸੀਂ ਆਪਣੀ ਸਾਧਨਾ ਵਿੱਚ ਇਸ ਡੂੰਘਾਈ ਤੱਕ ਦੀ ਪਕੜ ਪੈਦਾ ਕਰੋ ਕਿ ਤੁਸੀਂ ਆਪਣਾ ਦ੍ਰਿਸ਼ਟਾ (witness) ਆਪ ਹੀ ਪੈਦਾ ਕਰਨਾ ਸਿੱਖ ਲਵੋ। ਸਮੱਸਿਆਵਾਂ ਸਹਿਜ ਨਾਲ ਸਪੱਸ਼ਟ ਹੋ ਜਾਣ ਤੇ ਉਨ੍ਹਾਂ ਦਾ ਸਮਾਧਾਨ ਹੋ ਜਾਵੇ।

ਸਾਡੇ ਬਹੁਤ ਸਾਰੇ ਔਗੁਣਾਂ ਦਾ ਹੱਲ ਆਪਣੇ ਵਿੱਚ ਉਨ੍ਹਾਂ ਔਗੁਣਾਂ ਦੇ ਵਿਰੋਧੀ ਗੁਣਾਂ ਦਾ ਜਗਾਉਣਾ ਹੈ ਤੇ ਉਨ੍ਹਾਂ ਗੁਣਾਂ ਦੀ ਜੋਤ ਵਿੱਚ ਲਗਾਤਾਰ ਤੇਲ ਬੱਤੀ ਪਾਉਂਦੇ ਰਹਿਣਾ ਹੈ। ਸਹਿਜਧਾਰਾ ਦੀ ਇਹ ਸਹਿਜ ਸਾਧਨਾ ਇਸੇ ਹੀ ਨਾਂਹ ਪੱਖੀ ਵਤੀਰੇ ਤੋਂ ਹਾਂ ਪੱਖੀ ਵਰਤਾਰੇ ਵੱਲ ਗੁਰਮੁਖੀ ਭਾਵਨਾਵਾਂ ਦੇ ਪਸਾਰ ਤੇ ਪ੍ਰਕਾਸ਼ ਵਿੱਚ ਕੁੱਝ ਮਨਮੁਖੀ ਮਨੋਵਿਰਤੀਆਂ ਨੂੰ ਪ੍ਰਭਾਵ ਹੀਨ ਬਣਾਉਣਾ ਹੀ ਆਤਮਿਕ ਤੇ ਮਾਨਸਿਕ ਸੰਘਰਸ਼ ਦਾ ਮੂਲ ਅਧਾਰ ਹੈ। ਸਹਿਜ ਨਾਲ ਕਦਮ ਦਰ ਕਦਮ ਅੱਗੇ ਤੁਰਨ ਦਾ ਅਨੁਭਵ ਕਰਨਾ ਹੈ।

ਵਿਅਕਤੀ ਦਾ ਆਪਣੇ ਅੰਤਹਕਰਣ ਵਿੱਚ ਵਿਦਮਾਨ ਗੁਣਾਂ-ਔਗੁਣਾਂ ਦੀ ਹੋਂਦ ਦਾ ਅਹਿਸਾਸ ਤੇ ਸਵੀਕਾਰਿਤਾ ਤੇ ਗੁਰ ਗਿਆਨ ਦੀ ਰੌਸ਼ਨੀ ਵਿੱਚ ਇਸ ਵਿੱਚ ਅਨੁਪਾਤਿਤ ਹਾਂ ਪੱਖੀ ਤਬਦੀਲੀ ਹੈ। ਖਬਰਦਾਰੀ ਤੇ ਚੇਤਨਤਾ ਨਾਲ ਤੇ ਪੂਰੀ ਸੁੱਧ-ਬੁੱਧ (ਜਾਣਕਾਰੀ) ਨਾਲ ਪਰਵਰਤਿਤ ਹੁੰਦੀ ਵੇਖਣਾ, ਮਹਿਸੂਸਣਾ ਤੇ ਹੰਢਾਉਣਾ ਹੀ ਅਸਲ ਵਿੱਚ ਅਧਿਆਤਮਕ ਤਬਦੀਲੀ ਦਾ ਆਧਾਰ ਹੈ। ਸਰੀਰਕ ਤਬਦੀਲੀਆਂ, ਮਾਨਸਿਕ ਤਬਦੀਲੀਆਂ ਜਾਂ ਅਧਿਆਤਮਕ ਤਬਦੀਲੀਆਂ ਕਦੇ ਵੀ ਇਕੱਲੀਆਂ-ਇਕੱਲੀਆਂ ਨਹੀਂ ਵਾਪਰਦੀਆਂ ਤੇ ਨਾ ਹੀ ਵਾਪਰ ਸਕਦੀਆਂ ਹਨ। ਸਰੀਰਕ ਬਿਮਾਰੀ ਮਨੁੱਖ ਦੀ ਮਾਨਸਿਕਤਾ ਤੇ ਅਧਿਆਤਮਕਤਾ ਨੂੰ ਪ੍ਰਭਾਵਿਤ ਕਰਦੀ ਹੈ। ਮਾਨਸਿਕ ਅਦਲਾ-ਬਦਲੀ ਸਰੀਰਕ ਤੇ ਅਧਿਆਤਮਕ ਵਿੱਚ ਵੱਟਦੀ ਹੈ ਤੇ ਅਧਿਆਤਮਕ ਪ੍ਰਕਾਸ਼ ਦਾ ਪ੍ਰਭਾਵ ਮਨੁੱਖ ਦੇ ਸਰੀਰ ਤੇ ਮਾਨਸਿਕ ਹਾਲਾਤਾਂ 'ਤੇ ਪੈਂਦਾ ਹੈ। ਕਿਸੇ ਪੱਖ ਦੀ ਹਾਂ-ਪੱਖੀ ਜਾਂ ਨਾਂਹ ਪੱਖੀ ਤਬਦੀਲੀ ਦੂਜਿਆਂ ਤੋਂ ਅਲੱਗ ਤੇ ਆਜ਼ਾਦ ਢੰਗ ਨਾਲ ਸੰਭਵ ਹੀ ਨਹੀਂ, Relativity ਦਾ ਸਿਧਾਂਤ ਇਥੇ ਵੀ ਉਨਾ ਹੀ ਲਾਗੂ ਹੁੰਦਾ ਹੈ ਜਿੰਨਾ ਸਾਰੇ ਜਗਤ ਵਿੱਚ Theory of Relativity ਲਾਗੂ ਹੈ। ਜ਼ਿਆਦਾ ਸਪੱਸ਼ਟ ਕਰਨ ਲਈ ਆਖ ਸਕਦੇ ਹਾਂ ਕਿ ਪੰਜੇ ਵਕਤ ਨਿਮਾਜਾਂ ਜਾਂ ਪਾਠ ਆਪਣੇ ਆਪ ਵਿੱਚ ਕੁੱਝ ਵੀ ਸਾਰਥਕ ਅਰਥ ਨਹੀਂ ਰੱਖ ਸਕਦੇ ਜਦੋਂ ਤੀਕਰ ਸਰੀਰਕ ਅਤੇ ਮਾਨਸਿਕ ਤੌਰ ਤੇ ਸੱਚ ਦੇ ਬੀਜ ਬੀਜੇ ਨਹੀਂ ਜਾਂਦੇ ਤੇ ਸ਼ਬਦ ਦੀ ਕਮਾਈ ਆਪਣੇ ਰੋਜ਼ਾਨਾ ਜ਼ਿੰਦਗੀ ਦੇ ਕਾਰਜਾਂ ਵਿੱਚ ਨਹੀਂ ਕੀਤੀ ਜਾਂਦੀ।

✶✶✶✶

# ਗੁਣ-ਔਗੁਣ

1. ਵੇਦ ਪਾਠ ਸੰਸਾਰ ਦੀ ਕਾਰ।

2. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਦੇ ਮਹਾਵਾਕਾਂ ਅਨੁਸਾਰ ਜੇਕਰ ਜੀਵਨ ਨਹੀਂ ਢਲਦਾ- 24 ਘੰਟੇ ਦੀ ਕਮਾਈ ਜੇਕਰ ਗੁਰਬਾਣੀ ਦੇ ਆਦੇਸ਼ ਅਨੁਸਾਰ ਨਹੀਂ ਹੁੰਦੀ ਤਾਂ ਭਾਈ ਕਹਿਣ ਨੂੰ ਤਾਂ ਕਿਸੇ ਨੂੰ ਵੀ ਕੋਈ ਰੋਕ ਨਹੀਂ ਸਕਦਾ, ਪਰ ਸੱਚੇ ਦੇ ਦਰ 'ਤੇ ਹਾਜ਼ਰੀ ਨਹੀਂ ਲੱਗਦੀ। ਵੱਡੇ ਬਾਬੇ ਦੀ, ਪਰਮਾਤਮਾ ਦੀ ਸਵੱਲੀ ਨਜ਼ਰ ਬਿਨਾਂ ਮੁਕਤੀ ਦਾ ਸੁਫ਼ਨਾ ਵੀ ਨਹੀਂ ਲਿਆ ਜਾ ਸਕਦਾ। ਸਮਝੋਗੇ, ਵਿਚਾਰੋਗੇ ਤੇ ਨਿਰਖ ਕਰਕੇ ਪਰਖੋਗੇ ਤਾਂ ਉੱਪਰ ਦੇ ਸੱਚ ਨਾਲ, ਗੁਰ ਬਖਸ਼ਿਸ਼ ਦੁਆਰਾ ਤੁਹਾਡਾ ਪਾਰ ਉਤਾਰਾ ਜ਼ਰੂਰ ਹੋਵੇਗਾ। ਇਹ ਗੱਲ ਪੂਰਨ ਜ਼ਿੰਮੇਵਾਰੀ ਨਾਲ ਤੇ ਨਿੱਜੀ ਅਨੁਭਵ ਦੇ ਆਧਾਰ 'ਤੇ ਲਿਖੀ ਜਾ ਰਹੀ ਹੈ। ਇੰਨੀ ਪੱਕੀ ਹੈ ਇਹ ਗੱਲ ਕਿ ਇਸ ਨੂੰ ਪੱਥਰ ਵਿੱਚ ਉੱਕਰੀ ਸਮਝੋ। ਬਾਪੂ ਸ਼ਿਵ ਸ਼ੰਕਰ ਦੇ ਸ਼ੰਕਰਪਾਲ ਪਹਾੜ ਵਿੱਚ ਉਕਰੇ ਸੂਤਰਾਂ ਵਾਂਗ।

ਮੇਰੇ ਆਪਣਿਓ! ਇਸ ਸਮੇਂ ਦੀ ਸੱਚਾਈ ਇਹ ਹੈ ਕਿ ਹੁਣ ਦੇ ਵਿਕਸਤ ਤੇ ਸੋਚਵਾਨ ਮਨੁੱਖ ਨੂੰ ਉਸ ਦੇ ਗੁਨਾਹਾਂ ਤੋਂ ਜਾਣੂ ਕਰਾ ਕੇ, ਉਸ ਨੂੰ ਹੀਣਾ ਸਿੱਧ ਕਰਕੇ, ਉਸ ਦੀ ਹੋਂਦ ਨੂੰ ਵਿਅਰਥ ਜਿਹੀ ਵਸਤੂ ਆਖ ਕੇ ਲੁੱਟਿਆ ਨਹੀਂ ਜਾ ਸਕਦਾ। ਉਸ ਦੀ ਜੇਬ ਵਿਚੋਂ ਮਰਜ਼ੀ ਨਾਲ ਡਾਲਰ ਨਹੀਂ ਕਢਵਾਏ ਜਾ ਸਕਦੇ।

"ਘਰ ਸੇ ਮਸਜਦ ਹੈ ਬਹੁਤ ਦੂਰ ਮਗਰ ਯੂੰ ਕੀਜੇ ,ਕਿਸੀ ਰੋਤੇ ਹੁਏ ਬੱਚੇ ਕੋ ਹਸਾਇਆ ਜਾਏ।"

ਪਰਮਾਤਮਾ ਦੁਆਰਾ ਬਖ਼ਸ਼ਿਸ਼ ਅਕਲ ਤੇ ਸੂਝ ਸਿਆਣਪ ਨਾਲ ਅੱਜ ਦਾ ਮਨੁੱਖ ਇੰਨਾ ਤਾਂ ਦਿਮਾਗ਼ ਰੱਖਦਾ ਹੈ ਕਿ ਉਸ ਨੂੰ ਧਰਮ ਦਾ ਨਾਂ ਲੈ ਕੇ ਨਾ ਲੁੱਟਿਆ ਜਾ ਸਕੇ। ਅੱਜ ਦਾ ਇਨਸਾਨ ਆਪਣੇ ਪੈਗੰਬਰਾਂ ਦੀਆਂ ਜੀਵਨੀਆਂ ਤੇ ਸਿੱਖਿਆਵਾਂ ਤੋਂ ਗਿਆਨ ਦੇ ਚਾਨਣ ਨਾਲ ਜਾਗ੍ਰਿਤ ਹੋ ਚੁੱਕਾ ਹੈ। ਉਸ ਨੂੰ ਪਤਾ ਹੈ ਕਿ ਨਾਨਕ ਪਾਤਸ਼ਾਹ ਨੇ ਘਰੋਂ ਬੇਘਰ ਹੋ ਕੇ ਚਾਰ ਉਦਾਸੀਆਂ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਹੀ ਲਗਾਈਆਂ ਹਨ। ਉਦਾਸੀਆਂ ਲਫ਼ਜ਼ ਵੀ ਆਪਣੇ ਅਰਥਾਂ ਦਾ ਮਨੋਵਿਗਿਆਨਕ ਪ੍ਰਭਾਵ ਉਦਾਸੀਨਤਾ ਦਾ ਤੇ ਉਹ ਵੀ ਨਾਂਹ ਪੱਖੀ ਪਾਉਂਦਾ ਹੈ। ਇਹ ਤਾਂ ਸਾਡੇ ਪੈਗੰਬਰ ਨੇ ਲੋਕਾਈ ਨੂੰ ਸਮਝਾਉਣ ਤੇ ਉਨ੍ਹਾਂ ਦੀ ਇਸ ਦੇ ਭਾਈ ਲਾਲੋਆਂ ਨੂੰ ਹੌਸਲਾ ਦੇਣ, ਜ਼ਿੰਦਗੀ ਦੇ ਸੰਘਰਸ਼ ਵਿੱਚ ਹਾਰ ਮੁਖੀ ਰਵੱਈਆ ਤਿਆਗਣ ਤੇ "ਏਤੀ ਮਾਰ ਪਈ ਕੁਰਲਾਣੇ॥" ਦੱਸਣ ਲਈ ਮਲਕ ਭਾਗੋ ਦੇ ਭੋਜਨ ਵਿੱਚ ਗਰੀਬ ਜਨਤਾ ਦੀ ਗਾਹੜੀ ਕਮਾਈ ਦਾ ਖ਼ੂਨ ਦੱਸਣ ਲਈ ਥਾਂ-ਥਾਂ ਜਾ ਕੇ ਪਰਚਾਰਣ ਦੇ ਮਿਸ਼ਨ ਵਜੋਂ ਕੀਤਾ। ਜਦੋਂ ਮਹਾਤਮਾ ਬੁੱਧ ਨੂੰ ਗਿਆਨ ਹੋਇਆ ਤਾਂ ਉਹ ਰੱਬੀ ਸ਼ਕਤੀ ਨਾਲ ਅਸ਼ਟ ਮਾਰਗ ਦੀ ਸੁਚੱਜੀ ਜੀਵਨ ਜਾਚ ਲੈ ਕੇ ਲੋਕਾਂ ਵਿੱਚ ਆ ਨਿੱਤਰੇ। ਝੂਠੇ, ਜੂਠੇ ਤੇ ਚਤੁਰ ਪਾਦਰੀ ਤੇ ਪ੍ਰਧਾਨ ਤਾਂ ਅਜੇ ਵੀ ਪੈਗੰਬਰ ਈਸਾ ਮਸੀਹ ਦੀ ਮਹਾਨ ਕੁਰਬਾਨੀ ਨੂੰ ਲੋਕਾਂ ਦੇ ਪਾਪਾਂ ਲਈ ਹੀ ਆਖ ਕੇ ਅਰਦਾਸ ਕਰਕੇ ਆਮ ਲੋਕਾਂ ਨੂੰ ਲੁੱਟਣ ਦੀ, ਲੋਕਾਂ ਨੂੰ ਗ਼ੁਲਾਮ ਬਣਾਉਣ ਦੀ ਵਿਉਂਤ ਵਜੋਂ ਵਰਤਦੇ ਹਨ ਪਰ ਸੱਚ ਇਹ ਹੈ ਕਿ ਹਜ਼ਰਤ ਈਸਾ ਮਸੀਹ ਨੇ ਤਾਂ ਸਮੇਂ ਦੇ ਹਾਕਮਾਂ ਵਲੋਂ ਗਰੀਬ ਜਨਤਾ ਦੀ ਲੁੱਟ-ਖਸੁੱਟ, ਹਾਲਤ ਤੇ ਲੋਕ ਮਾਰੂ ਧਾਰਮਿਕ ਸੋਚਾਂ ਤੇ ਰੀਤਾਂ ਰਿਵਾਜਾਂ ਦੁਆਰਾ ਕਹਿਰ ਦਾ ਰਾਜ ਸਥਾਪਤ ਰੱਖੀ ਰੱਖਣ ਦੇ ਉਪਰਾਲੇ ਵਿਰੁੱਧ ਸੱਚ ਦੀ ਆਵਾਜ਼ ਹੀ ਉਠਾਈ ਸੀ। ਸੁਕਰਾਤ ਆਪਣੇ ਉੱਚੇ ਸੁੱਚੇ ਤੇ ਲੋਕ ਪ੍ਰਗਤੀ ਵਾਲੇ ਵਿਚਾਰ ਲਈ ਜ਼ਹਿਰ ਦਾ ਪਿਆਲਾ ਪੀਂਦਾ ਹੈ। ਕਾਰਲ ਮਾਰਕਸ ਲੋਕਾਂ ਦੀ ਆਰਥਿਕ ਮੰਦਹਾਲੀ ਤੋਂ ਛੁਟਕਾਰਾ ਦਿਵਾ ਕੇ ਆਜ਼ਾਦ ਤੇ ਅਨੰਦ ਭਰੀ ਜ਼ਿੰਦਗੀ ਜਿਉਣ ਦੇ ਮਹਾਨ ਕਾਰਜ ਦੀ ਖਾਤਿਰ ਜੀਵਨ ਸੁੱਖਾਂ ਦਾ ਤਿਆਗ ਕਰਕੇ ਰੁਲਦਿਆਂ ਜੀਵਨ ਪੂਰਾ ਕਰਦਾ ਹੈ। ਮਾਨਵਤਾ ਦੇ ਇਨ੍ਹਾਂ ਆਸ਼ਕਾਂ ਦੀ ਲਿਸਟ ਤਾਂ ਲੰਮੀ ਹੈ, ਤੁਸੀਂ ਖੁਦ ਹੀ ਇਤਿਹਾਸ ਵਿਚੋਂ ਵਾਚ ਲੈਣਾ।

ਮੇਰਾ ਉਪਰਾਲਾ ਤਾਂ ਬਿਲਕੁਲ ਧਰਤੀ ਨਾਲ ਜੁੜੇ ਛੋਟੇ ਛੋਟੇ ਲੋਕਾਂ ਦੇ ਛੋਟੀਆਂ ਛੋਟੀਆਂ ਜ਼ਿੰਦਗੀਆਂ ਵਿੱਚ ਜੀਵਨ ਦੀ ਕਿਰਨ ਜਗਾਉਣਾ ਹੈ। ਪਿਆਸ ਨਾਲ ਸੁੱਕੇ ਬੁੱਲ੍ਹਾਂ 'ਤੇ ਮੁਸਕਰਾਹਟ ਲਿਆਉਣਾ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਵੀ ਜੀਵਨ ਜੀਣ ਦਾ ਅਹਿਸਾਸ ਕਰਵਾਉਣਾ ਹੈ। ਤੁਸੀਂ ਮੇਰੇ ਆਪਣੇ ਬਣ ਕੇ ਮੇਰਾ ਸਾਥ ਦੇ ਰਹੇ ਹੋ, ਇਸ ਦੀ ਮੈਨੂੰ ਖੁਸ਼ੀ ਹੈ।

ਇਸ ਲੰਬੀ ਵਿਚਾਰ ਉਪਰੰਤ ਇੱਕ ਵਾਰ ਫਿਰ ਦੁਹਰਾਉਂਦਾ ਹਾਂ ਕਿ ਆਉ, ਆਪਣੇ ਗੁਣ-ਔਗੁਣ ਦਾ ਲੇਖਾ ਜੋਖਾ ਕਰੀਏ ਤੇ ਪਰਮਾਤਮਾ ਵੱਲੋਂ ਦੱਸੀ ਸੱਚ ਦੀ ਰਾਹ ਉੱਤੇ ਇੱਕ-ਇੱਕ ਯਤਨ ਨਾਲ ਹਰ ਰੋਜ਼ ਇੱਕ ਨਿੱਕੀ ਜਿਹੀ ਚੰਗਿਆਈ ਕਰਕੇ ਸਮੁੱਚੇ ਮਨੁੱਖੀ ਜੀਵਨ ਨੂੰ ਖੂਬਸੂਰਤ ਬਣਾਈਏ ਤੇ ਆਪਣੇ ਆਪ ਨੂੰ ਵੀ ਇੱਕ ਬਾਗ ਵਿੱਚ ਇੱਕ ਖੂਬਸੂਰਤ ਫੁੱਲ ਸਮਝੀਏ। ਸੋਚ ਦੀ ਸਾਦਗੀ, ਅਕੀਦੇ ਦੀ ਸੱਚਾਈ ਤੇ ਕੰਮ ਦੀ ਸੁਚੱਜਤਾ ਹੀ ਸੱਚੇ ਬਣ ਕੇ ਸੁੱਚੇ ਹੋਣ ਦਾ ਸਾਧਨ ਹੈ। ਪਿਆਰ ਦੀ ਪਰਪੱਕਤਾ ਨਾਲ ਜੀਂਦੇ ਜੀਅ ਅੰਗਿਆਰਾਂ 'ਤੇ ਵੀ ਚੱਲੀਏ ਤਾਂ ਆਂਚ ਨਹੀਂ ਲੱਗਦੀ। ਇਸ ਸੱਚਾਈ ਨੂੰ ਸ੍ਵੈ ਅਨੁਭਵ ਦਾ ਹਿੱਸਾ ਬਣਾ ਕੇ ਤਾਂ ਦੇਖੋ।

****

# ਸਬਰ ਤੇ ਸੰਤੋਖ

ਇਨ੍ਹਾਂ ਦੋਨਾਂ ਸ਼ਬਦਾਂ, ਸਬਰ ਅਤੇ ਸੰਤੋਖ, ਉਨ੍ਹਾਂ ਦੇ ਪ੍ਰਚਲਿਤ ਅਰਥਾਂ ਦੀ ਪਹਿਲਾਂ ਸਮਝ ਪ੍ਰਾਪਤ ਕਰ ਲਈਏ ਤਾਂ ਜੋ ਅਰਥ ਸੰਚਾਰ ਦੀ ਪ੍ਰਕਿਰਿਆ ਸਾਰਥਕ ਸਿੱਧ ਹੋ ਸਕੇ। ਸਬਰ ਸ਼ਬਦ ਦਾ ਅਜੋਕਾ ਅਰਥ ਇਹ ਬਣਦਾ ਹੈ ਕਿ ਜੋ ਕੁੱਝ ਸਾਨੂੰ ਮਿਲ ਗਿਆ ਹੈ, ਉਸ ਨੂੰ ਉਸੇ ਹੀ ਤਰ੍ਹਾਂ ਸਵੀਕਾਰ ਕਰ ਲੈਣਾ। "ਜੋ ਮਿਲ ਗਿਆ ਉਸੀ ਕੋ ਮੁਕਦਰ ਸਮਝ ਲੀਆ।" ਜਾਂ ਭਾਣਾ ਮੰਨ ਕੇ ਬਿਨਾਂ ਕਿਸੇ ਗੁੱਸੇ, ਕਰੋਧ, ਵਿਰੋਧ ਜਾਂ ਟਿੱਪਣੀ ਤੋਂ ਖਿੜੇ ਮੱਥੇ ਪ੍ਰਵਾਨ ਕਰ ਲੈਣਾ। ਸੰਤੋਖ ਦਾ ਪ੍ਰਚਲਿਤ ਅਰਥ ਹੈ ਆਪਣੇ ਵਸੀਲਿਆਂ ਤੇ ਜ਼ਰੂਰਤਾਂ ਦਾ ਇੱਕ ਪਰਸਪਰ ਨਿਆਂਪੂਰਣ ਸਬੰਧ ਸਥਾਪਿਤ ਕਰਦਿਆਂ ਵਿੱਤੋਂ ਵੱਧ ਫੈਲਾਅ ਨਹੀਂ ਕਰਨਾ।

ਸਬਰ ਅਤੇ ਸੰਤੋਖ ਨਾਲ ਜੀਵਨ ਜੀਂਦਿਆਂ ਜਿਨ੍ਹਾਂ ਬੁਨਿਆਦੀ ਗੁਣਾਂ ਦੀ ਲੋੜ ਹੈ ਉਹ ਹੈ- ਸੋਚ ਦੀ ਸਾਦਗੀ, ਅਕੀਦੇ ਦੀ ਸੱਚਾਈ ਤੇ ਕੰਮ ਦੀ ਸੁਚੱਜਤਾ ਤੇ ਇਸ ਸਭ ਕੁੱਝ ਦੀ ਟੇਕ ਰੱਖਣੀ ਹੈ ਇਸ ਅਮਰ ਤੇ ਅਟੱਲ ਸੱਚਾਈ ਉੱਤੇ- "ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥" ਹੁਣ ਅਸੀਂ ਇਸਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਾਉਣ ਦਾ ਯਤਨ ਕਰਦੇ ਹਾਂ।

ਪਰਮਾਤਮਾ ਦੀ ਸਭ ਤੋਂ ਖ਼ੂਬਸੂਰਤ, ਸਿਆਣੀ, ਸੂਝਵਾਨ ਤੇ ਜਾਗ੍ਰਿਤ ਕਿਰਤ ਹੈ ਮਨੁੱਖ। ਇਸ ਨੂੰ ਦੋ ਅੱਖਾਂ ਦਿੱਤੀਆਂ ਤਾਂ ਵੇਖਣ ਦੀ ਕਿਰਿਆ ਲਈ ਤੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਅੰਨ੍ਹਾ ਨਾ ਬਣ ਬੈਠੇ ਜਾਂ ਗੁਫਾ ਵਿੱਚ ਬੈਠ ਜਾਂ ਇੱਕ ਘੁਰਨਾ ਬਣਾ ਕੇ ਬੈਠਾ ਅੱਖਾਂ ਤੇ ਮਿੱਟੀ ਦੀ ਕਬਰ ਨਾ ਬਣਾ ਬੈਠੇ। ਇੱਕ ਨੱਕ ਤੇ ਉਸ ਦੀਆਂ ਦੋ ਨਾਸਿਕਾਵਾਂ ਦਿੱਤੀਆਂ ਹਨ ਤਾਂ ਜੋ ਬਦਬੂਦਾਰ ਤੇ ਖੁਸ਼ਬੂਦਾਰ ਦੀ ਪਰਖ ਕਰਦਾ ਰਹੇ ਤੇ ਚੋਣ ਕਰਦਾ ਰਹੇ। ਮੂੰਹ ਇੱਕ ਦਿੱਤਾ ਹੈ ਖਾਣ ਲਈ ਇਸ ਲਈ ਕਿ ਪੇਟ ਵੀ ਇੱਕ ਹੀ ਰਜਾਉਣਾ ਹੈ ਤੇ ਇਸ ਨੂੰ ਹਿੱਲਣ ਜੁੱਲਣ ਦੀ ਥੋੜ੍ਹੀ ਥਾਂ ਖਾਲੀ ਛੱਡ ਕੇ ਭਰਦਾ ਰਹੇ। ਪਰਮਾਤਮਾ ਨੇ ਮੂੰਹ ਨੂੰ ਬੰਦ ਕਰਨ ਲਈ ਕੋਈ ਜੰਦਰਾ ਲਗਾਉਣ ਦੀ ਜੁਗਤ ਨਹੀਂ ਬਣਾਈ, ਇਸ ਲਈ ਜ਼ਰੂਰੀ ਹੈ ਕਿ ਜੱਗ ਤੋਂ ਸੋਭਾ ਖੱਟਣ ਲਈ ਭੋਖੜੇ ਨਾ ਕੱਟੇ ਤੇ ਲੋਕਾਂ ਤੋਂ ਠੱਗੀ ਨਾਲ ਦਇਆ ਦਾ ਖਾਲੀ ਠੂਠਾ ਨਾ ਭਰਵਾਉਂਦਾ ਫਿਰੇ ਤੇ ਡਰਨੇ ਵਰਗਾ ਬਣ ਕੇ- ਅਧਨੰਗੇ ਪੁਪਨੇ ਸਾਧ ਦਾ ਸਵਾਂਗ ਨਾ ਰਚਾਵੇ ਤੇ ਇੰਜ ਸੰਤ ਕਹਾਵੇ। ਬਾਹਵਾਂ ਦੋ ਨੇ ਇਸ ਲਈ ਕਿ ਜਾਗ੍ਰਿਤ ਅਵਸਥਾ ਸਮੇਂ ਕਾਰਜਸ਼ੀਲ ਰਹੇ। ਜੇਕਰ ਇੱਕ ਥੱਕੀ ਬਾਂਹ ਨੂੰ ਆਰਾਮ ਦੇ ਲਵੇ ਤੇ ਦੂਜੀ ਨਾਲ ਆਪਣਾ ਕੰਮ ਚਾਲੂ ਰੱਖੇ। ਦੋ ਲੱਤਾਂ ਦਿੱਤੀਆਂ ਹਨ ਤਾਂ ਜੋ ਚੱਲ ਫਿਰ ਸਕੇ, ਨੱਠ ਭੱਜ ਸਕੇ ਤੇ ਕੰਮ ਦੀ ਭਾਲ ਵਿੱਚ ਜਗਤ ਰਮਨ ਕਰੇ। "ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਿਸ਼ਾਂ ਕਰੀਏ।" ਬਾਬੇ ਮਾਨ ਦਾ ਆਦੇਸ਼ ਹੈ।

ਉਪਰੋਕਤ ਵਿਚਾਰ ਦਾ ਸਾਰੰਸ਼ ਇਹ ਹੈ ਕਿ ਬੰਦੇ ਲਈ ਜ਼ਰੂਰੀ ਹੈ ਕਿ ਦਿਨ ਵੇਲੇ ਸਦਾ ਕਾਰਜਸ਼ੀਲ ਰਹੇ। ਦਿਲ ਤੇ ਦਿਮਾਗ ਦੋਨਾਂ ਦੀ ਸੁਣੇ ਤੇ ਸਦਾਚਾਰਿਕ ਵਿਵਹਾਰ ਦੀ ਵਿਉਂਤ ਬਣਾਵੇ ਤੇ ਰੋਜ਼ਾਨਾ ਜ਼ਿੰਦਗੀ ਵਿੱਚ ਲਾਗੂ ਕਰੇ ਤੇ ਉੱਨਾ ਚਿਰ ਕਰਦਾ ਰਹੇ ਜਿੰਨਾ ਚਿਰ ਰੱਬ ਦੇ ਦਿੱਤੇ ਅੰਗ ਆਗਿਆ ਦਿੰਦੇ ਹਨ। "ਸਬਰ ਅਤੇ ਸੰਤੋਖ" ਅਜਿਹੀ ਮਨੁੱਖੀ ਹੋਂਦ ਨੂੰ ਆਧਾਰ ਬਣਾ ਕੇ ਹੀ ਮੰਨਣੇ ਚਾਹੀਦੇ ਹਨ। ਬੰਦੇ ਦਾ ਫਰਜ਼ ਇਹ ਹੈ ਕਿ ਕੰਮ ਕਰਦਾ ਰਹੇ- 'ਅੱਕੇ ਨਾ ਥੱਕੇ ਨਾ।' ਇਸ ਤਰ੍ਹਾਂ ਕਾਰਜਸ਼ੀਲ ਰਹਿੰਦਿਆਂ ਪ੍ਰਾਪਤੀਆਂ ਕਈ ਵਾਰ ਦੁਗਣੀਆਂ ਹੁੰਦੀਆਂ ਹਨ ਤੇ ਕਈ ਵਾਰ ਅਸਫਲਤਾ ਵੀ ਪੱਲੇ ਪੈਂਦੀ ਹੈ। ਸੋ ਸਿੱਟੇ ਵਜੋਂ ਜੋ ਚੰਗਾ ਜਾਂ ਮੰਦਾ ਮਿਲ ਗਿਆ, ਉਸ ਨੂੰ ਖਿੜੇ ਮੱਥੇ ਸਵੀਕਾਰ ਕਰਨ ਸਮੇਂ ਮੱਥੇ ਵੱਟ ਨਹੀਂ ਪਾਉਣਾ ਤੇ ਨਾ ਹੀ ਫਜ਼ੂਲ ਜਿਹੀ ਖੁਸ਼ੀ ਦੇ ਸ਼ਿਕਾਰ ਹੋਣਾ ਹੈ। ਇਸ ਨੂੰ ਭਾਣਾ ਮੰਨ ਕੇ ਰੱਬੀ ਹੁਕਮ ਸਮਝ ਕੇ ਸਵੀਕਾਰ ਕਰਨਾ ਹੈ ਤੇ ਇਸੇ ਨੂੰ ਆਧਾਰ ਮੰਨ ਕੇ ਨਵੇਂ ਕੰਮ ਵਿੱਢਣੇ ਹਨ ਤੇ ਹੱਸਦੇ ਹੱਸਦੇ ਸਿਰੇ ਚੜ੍ਹਾਉਣੇ ਹਨ, "ਹੱਸਦਿਆਂ ਦੇ ਘਰ ਵੱਸਦੇ" ਸਿਆਣਿਆਂ ਦਾ ਕਥਨ ਹੈ। ਸਥਾਪਿਤ ਹੋ ਚੁੱਕੇ ਧਰਮ ਤੇ ਧਾਰਮਿਕ ਫਿਰਕੇ ਤੇ ਟੋਲੇ-ਸਬਰ ਤੇ ਸੰਤੋਖ ਨੂੰ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਕੀਤੀ ਕੰਮਾਂ ਕਾਜਾਂ ਤੋਂ ਅਵੇਸਲੇ ਰਹਿ ਕੇ ਘੀਸੜ ਵੱਟ ਕੇ, ਬਹਾਨੇ ਬਣਾ ਕੇ, ਲਾਰੇ ਲਾ ਕੇ ਤਿੱਤਰ ਹੋਣ ਵਜੋਂ ਪਰਚਾਰਦੇ ਹਨ। ਮਜ਼ਲੂਮ ਮਜ਼ਦੂਰਾਂ, ਕਿਸਾਨਾਂ ਦੇ ਮਜਬੂਰੀ ਵਿੱਚ ਅਤੇ ਜਾਲਮ ਦੇ ਨਿਰਦਈ ਹੋ ਕੇ ਕੀਤੇ ਕੰਮਾਂ ਦੇ ਨਿਆਪੂਰਣ ਤੇ ਨਿਰਣਾਇਕ ਨਖੇੜ ਦੀ ਸੋਚ ਨੂੰ ਛੱਡ ਕੇ ਸਿਰਫ ਰੱਬ ਦੇ ਭਾਣੇ ਦਾ ਨਾਂ ਦੇਣਾ ਤੇ ਇਸ ਤੇ ਸਬਰ ਤੇ ਸੰਤੋਖ ਦਾ ਆਧਾਰ ਰੱਖਣਾ ਇਹ ਸਥਾਪਿਤ ਧਰਮਾਂ ਦੀਆਂ ਲੂੰਬੜ ਚਾਲਾਂ ਹੀ ਹਨ। ਇਹ ਪਰਮਾਤਮਾ ਦੀ ਕਿਰਤ ਲੋਕਾਈ ਤੇ ਲੁਕਵਾਂ ਵਾਰ ਹੈ, ਇਸ ਲਈ ਕਿ ਉਹਨਾਂ ਦੀ ਸਮਝ ਦੇ ਸਬਰ ਤੇ ਸੰਤੋਖ ਦੇ ਅਰਥ ਮਨੁੱਖ ਨੂੰ ਇੱਕ ਨਿਰਜਿੰਦ, ਨਿਰਉਤਸਾਹ ਮਿੱਟੀ ਬਣਾ ਦੇਣ ਦਾ ਯਤਨ ਹੈ, ਇਹ ਲੋਕਾਈ ਤੇ ਇਸ ਸਮੇਂ ਦੀ ਸ਼ੈਤਾਨੀ ਸੋਚ ਦੀ ਮਾਰ ਹੀ ਹੈ ਕਿ ਅਸਲ ਅਰਥ ਤੋਂ ਟੁੱਟੇ ਸ਼ਬਦ ਅਜਿਹੇ ਅਰਥਾਂ ਵਿੱਚ ਲਪੇਟ ਕੇ ਹਾਕਮ (ਧਾਰਮਿਕ, ਰਾਜਨੀਤਕ ਜਾਂ ਸਮਾਜਿਕ ਆਦਿ) ਅਜਿਹੇ ਢੰਗ ਨਾਲ ਪੇਸ਼ ਕਰਦੇ ਹਨ ਤਾਂ ਕਿ ਲੋਕ ਪੱਖੀ ਹਿੱਤ ਲੁਕਵੀਂ ਮਾਰ ਖਾ ਜਾਂਦੇ ਹਨ। ਧਰਮ ਸ਼ਬਦ ਦੇ ਅਜੋਕੇ ਅਰਥ ਇਸ ਦੀ ਸਭ ਤੋਂ ਸਪੱਸ਼ਟ ਉਦਾਹਰਣ ਹਨ। ਇਸੇ ਤਰ੍ਹਾਂ ਹੀ ਸਬਰ ਸੰਤੋਖ ਦੇ ਵਲੇਵੇਂ ਵਿੱਚ ਫਸੇ ਮਨੁੱਖ ਨੂੰ ਵੇਖ ਕੇ ਹੀ ਸ਼ਾਇਦ ਕਾਰਲ ਮਾਰਕਸ ਧਰਮ ਨੂੰ ਲੋਕਾਂ ਲਈ ਅਫੀਮ (Opium for the masses) ਆਖਦਾ ਸੀ। ਇਲਾਹੀ

ਹੁਕਮ ਵਿੱਚ ਜੋ ਪੈਗੰਬਰ ਕੋਠੇ 'ਤੇ ਚੜ੍ਹ ਕੇ ਇੱਕ ਧਰਮ ਦਾ ਫੁਰਮਾਨ ਜਾਰੀ ਕਰਦਾ ਹੈ ਤਾਂ ਉਹ ਸਥਾਪਿਤ ਧਰਮਾਂ ਤੇ ਸਥਾਪਿਤ ਕਿਰਿਆ ਕ੍ਰਮ ਭਰੇ ਵਹਿਮਾਂ-ਭਰਮਾਂ 'ਤੇ ਵਾਰ ਕਰਦਾ ਹੈ ਤੇ ਸਥਾਪਤੀ ਦੇ ਪ੍ਰਤੀਨਿਧ ਧਰਮ ਦੇ ਆਗੂਆਂ ਨਾਲ ਟਕਰਾਅ ਵਿੱਚ ਆਉਂਦਾ ਹੈ ਤੇ ਵਿਕਾਸ ਦੇ ਸੰਘਰਸ਼ ਵਿੱਚ ਸੱਚ ਦਾ ਪੱਖ ਪੂਰਦਾ ਹੈ ਪਰ Karl Marx ਕਾਹਲੀ ਵਿੱਚ ਯੋਗ ਸ਼ਬਦਾਵਲੀ ਨਾ ਵਰਤ ਸਕਣ ਕਾਰਣ ਆਪਣੇ ਹੀ ਨਿਸ਼ਾਨੇ ਤੋਂ ਖੁੰਝਿਆ। ਆਪਣੇ ਸਥਾਪਿਤ ਧਰਮਾਂ ਵਿਰੁੱਧ ਵਰਤੇ ਪੈਗੰਬਰੀ ਬੋਲ ਇੱਕ ਵਿਸ਼ੇਸ਼ਣ ਦੀ ਵਰਤੋਂ ਨਾ ਕਰਕੇ ਆਪਣੇ ਪੈਰੀਂ ਹੀ ਕੁਹਾੜਾ ਮਾਰ ਬੈਠਾ। ਧਰਮ ਦੀ ਥਾਂ ਸਥਾਪਿਤ ਧਰਮ ਲਿਖਣਾ ਚਾਹੀਦਾ ਸੀ, ਭਲਾ ਸਤਿਗੁਰ ਨਾਨਕ ਦੇਵ ਜੀ ਤੇ ਲੋਕ ਨਾਇਕ ਲਾਰਡ ਈਸਾ ਮਸੀਹ ਨਾਲ ਤਾਂ ਕਾਰਲ ਮਾਰਕਸ ਦੀ ਉਦੇਸ਼ ਦੀ ਪੱਕੀ ਸਾਂਝ ਸੀ। ਇਸੇ ਤਰ੍ਹਾਂ ਹੀ ਦੀ Biography of the Bible ਦੀ ਲੇਖਿਕਾ ਕੈਰਨ ਆਰਮਸਟਰਾਂਗ (Karen Armstrong) ਸਮੁੱਚੇ ਪਵਿੱਤਰ ਗ੍ਰੰਥ ਬਾਈਬਲ ਦੀ ਦੁਰਗਤੀ ਵੱਖੋ-ਵੱਖ ਸਮਿਆਂ ਦੇ ਹਾਕਮਾਂ ਤੇ ਪਾਦਰੀਆਂ ਹੱਥੋਂ ਹੋ ਰਹੀ ਦਾ ਜਿਕਰ ਕਰਦੀ ਹੈ, ਇੱਕ ਥਾਂ ਲਿਖਦੀ ਹੈ, ਧਾਰਮਿਕ ਆਗੂ ਮਹਾਨ ਲੋਕ ਪੱਖੀ ਗ੍ਰੰਥ "ਪਵਿੱਤਰ ਬਾਈਬਲ" ਨੂੰ ਸੰਬੋਧਿਤ ਹੈ-"Be silent let me first interpret."

✶✶✶✶

# ਅਰਦਾਸ

– "ਹੇ ਸੱਚੇ ਪਾਤਸ਼ਾਹ! ਆਪਣੇ ਚਰਨਾਂ ਨਾਲ ਲਾਈ ਰੱਖੀਂ।"

– "ਤੈਂ ਜਿਹਾ ਮੈਨੂੰ ਹੋਰ ਨਾ ਕੋਈ।"

ਮੈਂ ਜਹੀਆਂ ਤੈਂ ਲੱਖਾਂ ਹੂੰ ............। (ਬਾਬਾ ਸੁਲਤਾਨ ਬਾਹੂ)

ਇਹ ਸਨਿਮਰ ਬੇਨਤੀ ਹੀ ਅਰਦਾਸ ਹੈ। ਇਹ ਅਕਾਲ ਉਸਤਤਿ ਹੈ। ਇਸ ਤੋਂ ਅੱਗੇ ਆਪਣੀਆਂ ਲੋੜਾਂ ਦਾ ਚਾਰਟਰ ਤੇ ਦਿੱਤੇ ਗਏ ਪੈਸਿਆਂ ਦੀ ਵੇਰਵੇ ਸਹਿਤ ਜਾਣਕਾਰੀ ਨੋਟ ਕਾਰਵਾਈ ਜਾਂਦੀ ਹੈ ਤੇ ਆਲੇ-ਦੁਆਲੇ ਖੜ੍ਹੇ ਸਾਰੇ ਲੋਕਾਂ ਨੂੰ ਕੂਕ ਕੂਕ ਕੇ ਦੱਸਣਾ ਹੁੰਦਾ ਹੈ ਤਾਂ ਜੋ ਉਹ ਲੋੜ ਪੈਣ ਤੇ ਕਚਹਿਰੀ ਵਿੱਚ ਗਵਾਹ ਵਜੋਂ ਪੇਸ਼ ਕੀਤੇ ਜਾਣ ਤੇ ਗਵਾਹਾਂ ਸਣੇ ਆਪਣਾ ਪੱਖ ਕਿਸੇ ਕੋਈ ਵੱਡੀ ਅਦਾਲਤ (ਮੈਨੂੰ ਤਾਂ ਕੋਈ ਜਾਣਕਾਰੀ ਨਹੀਂ) ਵਿੱਚ ਪੇਸ਼ ਕੀਤਾ ਜਾ ਸਕੇ ਤੇ ਰੱਬ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਦੋਸ਼ੀ ਠਹਿਰਾਇਆ ਜਾ ਸਕੇ ਜਿਸ ਪਰਮਾਤਮਾ ਨੇ ਕੰਮ ਕਰਨ ਦੀ ਫੀਸ (ਰਿਸ਼ਵਤ) ਲੈ ਕੇ ਵੀ ਕੰਮ ਨਹੀਂ ਕੀਤਾ ਤੇ ਜੇਕਰ ਉਹ ਕੰਮ ਹੋ ਜਾਵੇ ਤਾਂ ਆਪਣੀ ਪੂਰੀ ਚਲਾਕੀ ਤੇ ਸਿਆਣਪ ਨਾਲ ਇੱਕ ਹੋਰ ਵੱਡਾ ਕੰਮ ਰੱਬ ਨੂੰ ਕਰਨ ਲਈ ਦੇ ਦਿੱਤਾ ਜਾਂਦਾ ਹੈ ਤੇ ਰਿਸ਼ਵਤੀ ਫੀਸ ਦੇਣ ਦੀ ਰਾਸ਼ੀ ਕਾਰਜ ਪੂਰਾ ਕਰਨ 'ਤੇ ਦੇਣ ਦਾ ਇਕਰਾਰ ਵੀ ਕਰ ਦਿੱਤਾ ਜਾਂਦਾ ਹੈ। ਬਹੁਤ ਵਾਰੀ ਇਸ ਦੇ ਵੀ ਗਵਾਹਾਂ ਦੀ ਹਾਜ਼ਰੀ ਵਿੱਚ ਜ਼ੋਰ-ਜ਼ੋਰ ਨਾਲ ਲਾਊਡ-ਸਪੀਕਰ 'ਤੇ ਵੀ ਐਲਾਨ ਕਰ ਦਿੱਤਾ ਜਾਂਦਾ ਹੈ।

ਅਸ਼ਕੇ ਜਾਈਏ! ਤੇਰੀ ਅਕਲ ਤੋਂ, ਤੇਰੀ ਚਲਾਕੀ ਤੇ ਮੱਕਾਰੀ ਤੋਂ ਉਹ ਭਲਿਆ ਲੋਕਾ! ਜਦੋਂ ਅਜਿਹੇ ਲੋਕ ਖੁਦ ਹੀ ਧਰਤੀ 'ਤੇ ਹਾਜ਼ਰ ਹੋ ਜਾਣ ਤਾਂ ਸ਼ੈਤਾਨ ਨੂੰ ਕਿਸੇ ਕੁੰਭੀ ਨਰਕਾਂ ਤੋਂ ਆਉਣ ਲਈ ਸੱਦਾ ਪੱਤਰ ਭੇਜਣ ਦੀ ਕਿਹੜੀ ਲੋੜ ਹੈ।

ਬਹੁਤ ਨਿੱਕਾ ਜਿਹਾ ਭੋਲਾ ਜਿਹਾ ਬੱਚਾ ਜਦੋਂ ਪਿਆਸ ਲੱਗਦੀ ਹੈ ਤਾਂ ਆਪਣੀ ਮਾਂ ਨੂੰ ਭਾਲਦਾ ਹੈ, ਰੋਂਦਾ ਹੈ। ਮਾਂ ਸਮਝ ਜਾਂਦੀ ਹੈ ਤੇ ਪਿਆਰ ਨਾਲ ਪੁੱਤ ਨੂੰ ਦੁੱਧ ਚੁੰਘਾਉਂਦੀ ਹੈ। ਬਹੁਤ ਘੱਟ ਵਿਕਸਤ ਲੋਕੀ ਸਧਾਰਣ ਜਿਹੇ ਪੇਂਡੂ ਚੰਗੀਆਂ ਸੋਹਣੀ ਹੱਥ ਜੋੜ ਕੇ ਖੜ੍ਹੇ ਹੋ ਕੇ ਤੇ ਗੋਲਕ ਵਿੱਚ ਪੈਸੇ ਪਾ ਕੇ ਤੇ ਕਈ ਵਾਰੀ ਤਾਂ ਭਾਈ ਸਾਹਿਬ ਨੂੰ ਵੀ 51 ਰੁਪਏ ਦੇ ਕੇ ਅਰਦਾਸ ਕਰਵਾਉਣੀ ਤਾਂ ਨਹੀਂ ਜਾਣਦੇ ਪਰ ਘਰ ਬੈਠੇ, ਸਫਰ ਕਰਦੇ, ਖੇਤ ਵਿੱਚ ਕੰਮ ਕਰਦੇ, ਜੁੱਤੀਆਂ ਗੰਢਦੇ ਆਪਣੀ ਪੂਰੀ ਬੇਚਾਰਗੀ ਵਿੱਚ ਅਰਜੋਈਆਂ ਕਰਦੇ ਹਨ ਜਿਵੇਂ ਕੋਈ ਆਪਣੇ ਦਾਦੇ ਨੂੰ ਆਖਦਾ ਹੈ ਉਸ ਤਰ੍ਹਾਂ ਦੀ ਅਰਦਾਸ ਕਰ ਦਿੰਦੇ ਹਨ। ਪਰਮਾਤਮਾ ਉਨ੍ਹਾਂ ਦੀਆਂ ਬਹੁਤ ਵਾਰੀ ਸੁਣ ਵੀ ਲੈਂਦਾ ਹੈ। ਇਸ ਨੂੰ ਮੋਟੇ ਖਿਆਲ ਵਿੱਚ ਅਰਦਾਸ ਨਾ ਹੀ ਆਖੀਏ। ਜੇ ਆਖਣਾ ਹੈ ਇਸਨੂੰ ਅਰਦਾਸ ਤਾਂ ਅਜਿਹੀ ਅਰਦਾਸ ਕਰਨ ਦਾ ਹੱਕ ਤਾਂ ਅਰਦਾਸ ਸੁਣਨ ਵਾਲੇ ਨੇ ਸਾਨੂੰ ਦੇ ਹੀ ਰੱਖਿਆ ਹੈ। ਇਹ ਤਾਂ ਸਾਡੇ ਭੋਲੇਪਨ (Innocence) ਦੀ ਆਵਾਜ਼ ਹੈ। "ਲੈ ਬਈ ਰੱਬਾ ਅੱਗੇ ਤੇਰੀ ਮਰਜ਼ੀ ਹੈ ਪਰ ਹੁਣ ਤਾਂ ਜ਼ਰੂਰ ਮੀਂਹ ਪਾ ਦੇ ਕਣਕਾਂ ਨੂੰ ਚਾਰ ਬੱਲੀਆਂ ਲੱਗ ਜਾਣਗੀਆਂ, ਇਹਦੇ 'ਚ ਤੇਰਾ ਕੀ ਜਾਂਦਾ।"

ਆਉ ਆਪਾਂ ਅਰਦਾਸਾਂ ਦੇ ਕੁੱਝ ਨਮੂਨੇ ਵੇਖੀਏ।

ਕਨੇਡਾ ਵਿੱਚ ਕਨਿਸ਼ਕ ਹਾਦਸੇ ਵਿੱਚ ਆਪਣੇ ਮਾਪਿਆਂ, ਧੀਆਂ, ਪੁੱਤਰਾਂ, ਪਤੀਆਂ, ਪਤਨੀਆਂ ਨੂੰ ਵਿਲਕਦਿਆਂ ਛੱਡ ਨੇ ਜਬਰਦਸਤੀ ਬਿਨਾਂ ਦੱਸੇ ਪੁੱਛੇ ਤੁਰ ਜਾਣ ਵਾਲਿਆਂ ਲਈ 2010 ਵਿੱਚ ਅਰਦਾਸ ਕੀਤੀ ਹੈ "ਹੇ ਸੱਚੇ ਪਾਤਸ਼ਾਹ ਉਨ੍ਹਾਂ ਵਿਛੜਿਆਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਈਂ।" ਲਾਊਡ ਸਪੀਕਰ 'ਤੇ ਬਹੁਤ ਸਾਰੀਆਂ ਸੰਗਤਾਂ ਦੇ ਵਿੱਚ ਅਰਦਾਸ ਕੀਤੀ।

ਪਰ ਜੇਕਰ ਸੱਚੇ ਪਾਤਸ਼ਾਹ ਨੇ ਪੁੱਛ ਲਿਆ ਕਿ ਪਿਆਰਿਉ ਜਿਨ੍ਹਾਂ ਨੇ ਬੰਬ ਬਣਾਇਆ, ਬੰਬ ਟਿਕਾਇਆ ਤੇ ਬੰਬ ਫਟਾਇਆ ਉਹ ਤਾਂ ਦੜਾ ਦੜ ਤੁਹਾਡੇ ਸ਼ਹਿਰ ਵਿੱਚ ਹੀ ਜਾਇਦਾਦ ਬਣਾਈ ਬੈਠੇ ਹਨ। ਉਸ ਕਾਰਾ ਕਰਨ ਦੀ ਕਰਤੂਤ ਦਾ ਜਵਾਬ ਕੌਣ ਦੇਵੇਗਾ। ਤੁਸੀਂ ਆਪਣੇ ਬੱਚਿਆਂ ਨੂੰ ਉਨ੍ਹਾਂ ਤੋਂ ਕਿਹੜੀ ਸਿੱਖਿਆ ਲੈਣ ਭੇਜਦੇ ਹੋ? ਤਾਂ ਕੀ ਜਵਾਬ ਦਿਉਗੇ ਜੇ ਤੁਹਾਨੂੰ ਸੱਚੇ ਪਾਤਸ਼ਾਹ ਨੇ ਯਾਦ ਕਰਵਾ ਦਿੱਤਾ।

"ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ"

ਤੇ ਉਸੇ ਪਾਤਸ਼ਾਹ ਨੇ ਤੁਹਾਡੇ ਹੱਥੋਂ ਟਿਸ਼ੂ ਪੇਪਰ ਖੋਹ ਲਿਆ ਜਿਸ ਨਾਲ ਤੁਸੀਂ ਹੱਥ ਸਾਫ ਕਰਨਾ ਚਾਹੁੰਦੇ ਹੋ ਤੇ ਕਹਿਣ ਲੱਗੇ "ਜਾਉ ਤੁਸੀਂ ਵੀ ਸ਼ੈਕਸਪੀਅਰ ਦੇ ਪਾਤਰ ਵਾਂਗੂ ਖੂਨ ਉਤਾਰਨ ਲਈ ਬਾਰ-ਬਾਰ ਟੂਟੀ ਨੂੰ ਖੋਹਲਕੇ, ਹੱਥ ਧੋਂਦੇ ਰਹੋ ਤਾਂ ਜੋ ਹੱਥਾਂ ਨੂੰ ਲੱਗਿਆ ਖੂਨ ਲਹਿ ਜਾਵੇ ਤਾਂ ਸੱਜਣਾ! ਤੁਹਾਡਾ ਕੀ ਬਣੇਗਾ। ਅਰਦਾਸਾਂ ਦੇ ਭਰਮਜਾਲਾਂ ਤੇ ਭੁਲੇਖਿਆਂ ਵਿੱਚ ਅੰਧੀ ਖਲਕਤ ਗਿਆਨ ਵਿਹੂਣੀ ਨੂੰ ਪਾਉਣ ਦੀ ਸਜਾ ਕੌਣ ਭੁਗਤੇਗਾ। ਆਉ! ਨਿਸ਼ਾਨਦੇਹੀ ਕਰੀਏ।

ਅੱਜ ਹੀ ਡੇਰਾ ਬਾਬਾ ਨਾਨਕ ਨੇੜੇ ਇੱਕ ਹੋਰ ਅਰਦਾਸ ਹੋਈ ਹੈ ਕਿਉਂਕਿ ਸੱਠ ਕੁ ਸਾਲ ਲੰਘ ਜਾਣ ਤੇ ਪਾਕਿਸਤਾਨ ਸਰਕਾਰ ਨੇ ਮੰਨ ਲਿਆ ਹੈ ਕਿ ਉਹ ਕਰਤਾਰਪੁਰ ਤੋਂ ਡੇਰਾ ਬਾਬਾ ਨਾਨਕ ਤੱਕ ਸਾਂਝਾ ਸਰਕਾਰੀ ਲਾਂਘਾ ਛੱਡਣ ਨੂੰ ਤਿਆਰ ਹਨ। ਅਰਦਾਸ ਹੈ ਕਿ ਹੇ ਸੱਚੇ ਪਾਤਸ਼ਾਹ ਤੇਰਾ ਧੰਨਵਾਦ, ਤੈਂ ਪਾਕਿਸਤਾਨੀ ਹਾਕਮਾਂ ਨੂੰ ਸੁਮੱਤ ਦਿੱਤੀ ਹੈ ਤੇ ਦਿੱਲੀ ਦੇ ਹਾਕਮਾਂ ਨੂੰ ਵੀ ਅਕਲ ਦੇਹ ਤਾਂ ਜੋ ਉਹ ਵੀ ਇਸ ਗੱਲ ਨੂੰ ਮੰਨ ਲੈਣ।

ਤੇ ਜੇਕਰ ਸਮਿਆਂ ਦੀ ਸਰਕਾਰ ਪੈਗੰਬਰ ਪਾਤਸ਼ਾਹ ਨੇ ਕਿਹਾ ਕਿ ਪਹਿਲਾਂ ਤਾਂ ਭਲਿਓ ਇਹ ਦੱਸੋ ਕਿ ਜੇਕਰ ਦਿੱਲੀ ਵਾਲਾ ਪ੍ਰਧਾਨ ਮੰਤਰੀ ਸਿੱਖ ਹੈ ਤਾਂ ਤੁਹਾਡੀ ਸੰਗਤ ਵਿੱਚ ਕਿਉਂ ਨਹੀਂ ਜੁੜਿਆ। ਸੁਣਿਆ ਹੈ ਕਿ ਉਹ ਤਾਂ ਤੁਹਾਡੀ ਸੁਣਦਾ ਹੀ ਨਹੀਂ ਤੇ ਤੁਸੀਂ ਹਰ ਵਾਰ ਸਿੱਖ-ਸਿੱਖ ਆਖ ਕੇ ਉਹਦੀ ਪਾਰਟੀ ਨੂੰ ਵੋਟਾਂ ਪਾ ਦਿੰਦੇ ਹੋ. ਉਹ ਤਾਂ ਕਦੇ ਕਿਸੇ ਪੰਚਾਇਤ ਦੇ ਪੰਚ ਦਾ ਇਲੈਕਸ਼ਨ ਵੀ ਨਹੀਂ ਲੜ ਸਕਿਆ ਕਿਉਂਕਿ ਉਹ ਤਾਂ ਸਮਿਆਂ ਦੇ ਚੌਖਟੇ ਵਿੱਚ ਰੱਖਿਆ ਦਰਸ਼ਨਾਰਥ ਸਿੱਖ ਦਾ ਬੁੱਤ ਹੈ। ਘਰ ਉਸ ਨੂੰ ਆਸਾਮ ਵਿੱਚ ਲੈ ਕੇ ਦਿੱਤਾ ਹੈ ਉਹਦੇ ਮਾਲਕਾਂ ਨੇ। ਪੰਜਾਬ ਵਿੱਚ ਇੱਕ ਗਜ ਜ਼ਮੀਨ ਵੀ ਨਹੀਂ। ਮੂੰਹ 'ਤੇ ਦਾੜ੍ਹੀ ਮੁੱਛਾ ਹਨ ਪਰ ਕਦੇ ਵਧਦੀਆਂ ਨਹੀਂ। ਜਿਹੜੇ ਅਜੇ ਵੀ ਉਸ ਨੂੰ ਸਿੱਖ ਮੰਨਦੇ ਹਨ ਉਹ ਆਪ ਕੌਣ ਹਨ ਤੇ ਕੀ ਹਨ? ਇਹ ਤਾਂ ਗੱਲਾਂ ਵਿਚੋਂ ਗੱਲ ਨਿਕਲੀ ਪਰ ਜੇਕਰ ਸੋਚੋਗੇ ਤਾਂ ਇਹ ਗੱਲ ਤਿੱਖੀ ਨੋਕ ਵਾਲੀ ਕਟਾਰ ਹੈ ਤੇ ਸਿੱਧੀ ਸੀਨੇ ਵਿੱਚ ਵੱਜਦੀ ਹੈ ਜੇਕਰ ਸੀਨਾ ਪੱਥਰ ਦਾ ਨਾ ਹੋਵੇ ਤਾਂ।

ਇੱਕ ਅਰਦਾਸਾ ਹਰ ਸਾਲ 6 ਜੂਨ ਨੂੰ ਸੋਧਿਆ ਜਾਂਦਾ ਹੈ ਤੇ ਫੇਰ ਸੰਗਤ ਬਿਖਰ ਜਾਂਦੀ ਹੈ ਤੇ ਦਿੱਲੀ ਨੂੰ ਕੋਈ ਵੀ ਨਹੀਂ ਤੁਰਦਾ ਤਾਂ ਜੋ ਹਰਿਮੰਦਰ ਸਾਹਿਬ ਤੋਂ 1984 ਵੇਲੇ ਟਰੰਕਾਂ ਵਿੱਚ ਬੰਦ ਕਰਕੇ ਦਿੱਲੀ ਪਹੁੰਚਾਏ ਸਭ ਪਵਿੱਤਰ ਗ੍ਰੰਥ ਤੇ ਯਾਦਗਾਰੀ ਚਿੰਨ੍ਹ ਵਾਪਸ ਲਿਆਏ ਜਾਣ। ਪਰ ਅਰਦਾਸ ਕਰਤਾਵਾਂ ਦੀ ਦਲੀਲ ਇਹ ਵੀ ਤਾਂ ਹੋ ਸਕਦੀ ਹੈ ਕਿ ਜੇਕਰ ਦਿੱਲੀ ਤੋਂ ਹਰਿਮੰਦਰ ਸਾਹਿਬ ਦੀ Museum ਦਾ ਸਾਰਾ ਸਮਾਨ ਵਾਪਸ ਲੈ ਆਂਦਾ ਗਿਆ ਤਾਂ ਦੂਜੇ ਸਾਲਾਂ ਦੀ ਅਰਦਾਸ ਕਿਵੇਂ ਸੋਧਾਂਗੇ। ਗੁਰੂ ਗ੍ਰੰਥ ਜੀ ਮਹਾਰਾਜ ਵਿੱਚ ਹੁਕਮ ਹੈ

"ਗਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਹ।"

ਅਰਦਾਸਾਂ ਦੀ ਥਾਂ 'ਤੇ ਜੇਕਰ ਬੇਨਤੀ ਤੇ ਬੇਨਤੀ ਸ਼ਬਦਾਂ ਦੀਆਂ ਕਮਾਈਆਂ ਹੋਣ ਤਾਂ ਫੇਰ ਧੰਨ-ਧੰਨ ਹੋ ਜਾਵੇ।

ਆਓ! ਹੁਣ ਆਪਾਂ ਅਰਦਾਸ ਦੇ ਸ਼ਾਬਦਿਕ ਨਹੀਂ ਕਿਰਿਆਤਮਕ ਅਰਥ ਸਮਝੀਏ। ਹੇ ਸੱਚੇ ਪਾਤਸ਼ਾਹ! ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੀਂ ਤੋਂ ਭਾਵਾਰਥ ਕੀ ਨਿਕਲਦੇ ਹਨ?

ਪਰਮਾਤਮਾ ਦਾ ਇਲਾਹੀ ਕਾਨੂੰਨ ਜਿਸ ਨੂੰ ਆਪਾਂ ਸਧਾਰਣ ਵਿਅਕਤੀ ਭਾਣਾ ਸੱਦਦੇ ਹਾਂ ਸਾਰੇ ਬ੍ਰਹਿਮੰਡਾਂ 'ਤੇ ਵਾਪਰ ਰਿਹਾ ਹੈ। ਜੀਵਾਤਮਾ ਆਪਣੇ ਸਰੀਰ ਨਾਲ ਧਰਤੀ 'ਤੇ ਕਾਰਜਸ਼ੀਲ ਰਹਿੰਦੀ ਹੈ ਆਪਣੇ ਸਰੀਰਕ, ਮਾਨਸਿਕ ਤੇ ਅਧਿਆਤਮਕ ਪੱਖਾਂ ਵਿਚ। ਸਹਿਜਧਾਰਾ ਸਤਿਸੰਗ ਦਾ ਮੰਨਣਾ ਹੈ ਕਿ ਇਸ ਵਿੱਚ ਵਿਅਕਤੀ ਨੂੰ ਘੱਟੋ ਘੱਟ 2% ਦੀ ਛੋਟ ਪਰਮਾਤਮਾ ਨੇ ਦੇ ਰੱਖੀ ਹੈ ਤਾਂ ਜੋ ਆਪਣੀ ਕਿਸਮਤ ਨੂੰ ਬਣਾ ਸਕੇ ਜਾਂ ਵਿਗਾੜ ਦੇਵੇ। ਬਾਕੀ 98% ਜੋ ਮਨੁੱਖ ਕਰਦਾ ਹੈ ਉਸ ਵਿੱਚ ਉਹ ਸਵਤੰਤਰ ਨਹੀਂ ਹੋ ਸਕਦਾ ਕਿਉਂਕਿ ਉਹ ਆਲੇ ਦਵਾਲੇ ਆਪਣੇ ਪਰਿਵਾਰ, ਕਬੀਲੇ, ਦੇਸ਼ ਵਿਚਾਰਧਾਰਾ, ਧਾਰਮਿਕ ਸੋਚ, ਸਮੇਂ ਤੇ ਸਥਾਨ ਦੇ ਬੰਧਨ, ਦੇਸ਼ ਦੀ ਰਾਜਨੀਤਕ, ਆਰਥਿਕ ਤੇ ਪ੍ਰਸ਼ਾਸਨਿਕ ਸਥਿਤੀ ਤੇ ਖਾਸ ਤੌਰ 'ਤੇ ਉਸ ਦੇ ਰੁਜ਼ਗਾਰ ਦੀਆਂ ਰੋਕਾਂ, ਮਜਬੂਰੀਆਂ ਤੇ ਲੋੜਾਂ ਆਦਿ ਦੀਆਂ ਵਲਗਣਾਂ ਰੋਕਾਂ ਵਿੱਚ ਬੱਝਾ ਹੋਇਆ ਹੈ। ਇਸ ਵਿੱਚ ਅਧਿਆਤਮਕ ਪੱਖੋਂ ਉਸ ਦੀ ਕਿਸਮਤ ਦੀ ਘਾਟ ਵਾਧ ਗਿਣਦਾ ਪਰਮਾਤਮਾ ਦਾ ਸੁਪਰ ਕੰਮਪਿਊਟਰ ਵੀ ਉਸਦੀਆਂ ਖੁੱਲ੍ਹਾਂ ਤੇ ਰੋਕਾਂ ਆਪਣੇ ਰਜਿਸਟਰ ਵਿੱਚ ਅੰਦਰਾਜ਼ ਕਰਦਾ ਹੈ। ਇਹ ਕਾਰਵਾਈ ਸਰੀਰ ਵਿੱਚ ਸਾਹ (ਪ੍ਰਾਣ) ਨਿਕਲਣ ਨਾਲ ਪੂਰੀ ਹੋ ਜਾਂਦੀ ਹੈ। ਆਦਮੀ ਪੂਰਾ ਨਹੀਂ ਹੁੰਦਾ- ਪਰਮਾਤਮਾ ਦੇ ਸ਼ਿਲਪੀ ਕੰਪਿਊਟਰ ਦੀ Calculation (ਹਿਸਾਬ ਕਿਤਾਬ) ਪੂਰੀ ਹੋ ਜਾਂਦੀ ਹੈ। ਉਸ ਤੋਂ ਬਾਅਦ ਦੀ ਘਟਨਾ ਅਲਾਹ ਜਾਣੇ।

ਜੀਵਾਤਮਾ ਆਪਣੇ ਸੂਖਮ ਰੂਪ ਵਿੱਚ ਆਜ਼ਾਦ ਰਹੇ ਜਾਂ ਉਸਨੂੰ ਸਰੀਰ ਦਾ ਬੰਧਨ (Time and Space) ਮਿਲੇ- ਹੁਣ ਮਿਲੇ ਜਾਂ ਫੇਰ ਮਿਲੇ, ਇਸ ਦਾ ਆਧਾਰ ਉਸ ਦਾ ਮਿਰਤੂ ਪਲ ਦਾ ਹਿਸਾਬ ਕਿਤਾਬ ਹੈ। ਜਦੋਂ ਅਸੀਂ ਆਖਦੇ ਹਾਂ ਕਿ ਪਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤਾਂ ਪ੍ਰਸ਼ਨ ਉੱਠਦੇ ਹਨ।

1. ਕੀ ਪਰਮਾਤਮਾ ਨੇ ਆਪਣੇ ਚਰਨਾਂ ਤੋਂ ਪਰੇ ਰੱਖਿਆ ਹੈ?
2. ਨਿਰੰਕਾਰ ਦੇ ਚਰਨ ਕਿੱਥੇ ਹਨ?
3. ਜੇ ਚਰਨਾਂ ਦੇ ਕੋਲ ਰੱਖਿਆ ਹੋਵੇ ਤਾਂ ਸ਼ੁਕਰ ਕਰਨਾ ਜਾਇਜ਼ ਹੈ?
4. ਇੱਕ ਬੰਦਾ ਜਾਂ ਪੂਰੀ ਸੰਗਤ ਕਿਵੇਂ ਬਦਲ ਸਕਦੀ ਹੈ ਅਟੱਲ ਫੈਸਲੇ ਨੂੰ ਜੋ ਮਰਨ ਦੇ ਦੂਜੇ ਪਲ ਹੀ ਹੋ ਚੁੱਕਿਆ ਹੈ?
5. ਪਰਮਾਤਮਾ ਦੇ ਭਾਣੇ ਤੇ ਕਿੰਤੂ ਪਰੰਤੂ ਕਰਨ ਦਾ ਇੱਕ ਵਿਅਕਤੀ ਜਾਂ ਵਿਅਕਤੀ ਸਮੂਹ ਨੂੰ ਕੀ ਹੱਕ ਹੈ?

6. ਕੀ ਅਰਦਾਸ ਪਰਮਾਤਮਾ ਦੇ ਫੈਸਲੇ ਉੱਪਰ ਕੀਤੇ ਸਾਡੇ ਦ੍ਰਿੜ ਵਿਸ਼ਵਾਸ ਦੀ ਕਮਜ਼ੋਰੀ ਨਹੀਂ ?

ਇਹ ਜੋ ਦੁੱਧਾਂ ਪੁੱਤਾਂ ਦੀਆਂ, ਇਮਤਿਹਾਨ ਵਿੱਚ ਕਾਮਯਾਬੀਆਂ ਦੀਆਂ, ਕੰਮਾਂ ਵਿੱਚ ਬਰਕਤਾਂ ਦੀਆਂ ਲਾਊਡ ਸਪੀਕਰਾਂ ਤੇ ਉੱਚੀ ਉੱਚੀ ਪਰਮਾਤਮਾ ਦੇ ਕੰਨ ਬੋਲੇ ਕਰਦੀਆਂ ਸਵਾਰਥੀ, ਮਤਲਬ ਪ੍ਰਸਤ ਤੇ ਮੀਸਣੀਆਂ ਠੱਗੀਆਂ ਮਾਰਨ ਦੀਆਂ ਚੀਖਾਂ ਮਨੁੱਖ ਮਾਰਦਾ ਹੈ- ਕੀ ਇਹ ਅਰਦਾਸਾਂ ਹਨ ? ਸੋਚੋ ਤਾਂ ਸਹੀ।"

ਦੋ ਅਰਦਾਸਾਂ ਤੇ ਕਦੇ ਵੀ ਕੋਈ ਵੀ ਇਤਰਾਜ਼ ਨਹੀਂ ਹੋ ਸਕਦਾ। ਪਹਿਲੀ ਬੱਚੇ ਦੀ ਦੁੱਧ ਲਈ ਤੇ ਦੂਜੀ ਸਿਆਣੇ ਦੀ ਸ਼ੁਕਰਾਨੇ ਦੀ। ਬਾਕੀ ਅਸੀਂ ਸਾਰੇ ਕੱਚੇ ਪੱਕੇ ਕੋਹੜ ਕਿਰਲੇ ਵਾਂਗ ਆਕੜੀਆਂ ਗਰਦਣਾਂ ਵਾਲੇ ਸਵਾਰਥੀ ਅਰਦਾਸ ਨਹੀਂ ਵਿਨਾਸ਼ ਕਰਦੇ ਹਾਂ। ਪਰਮਾਤਮਾ ਦੀ ਬਖਸ਼ਿਸ਼ ਸਿਆਣਪ ਤੇ ਵਿਵੇਕ ਦਾ ਮਖੌਲ ਉਡਾਉਂਦੇ ਹਾਂ।

ਬੱਚੇ ਤੇ ਨਾ ਸਮਝ ਕੁੱਝ ਵੀ ਕਹਿਣ ਅਰਦਾਸਾਂ ਵਿਚ, ਉਨ੍ਹਾਂ ਨੂੰ ਮੁਆਫ ਹੈ। ਉਨ੍ਹਾਂ ਦੇ ਹਿੱਸੇ ਉਹ ਸਮਝ ਹੀ ਨਹੀਂ ਜੋ ਕੁੱਝ ਵਿਚਾਰ ਕਰ ਸਕਣ ਤੇ ਨਾ ਹੀ ਅਜੇ ਵਿਵੇਕ ਬੁੱਧੀ ਦੀ ਜਾਗਰਿਤੀ ਹੈ ਕਿ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਖੇੜ ਸਕਣ। ਉਹ ਤਾਂ ਭੁੱਖ ਲੱਗੀ ਤੇ ਦੁੱਧ ਦੀ ਮੰਗ ਰੋ ਪਿੱਟ ਕੇ ਕਰਨਾ ਜਾਣਦੇ ਹਨ, ਉਨ੍ਹਾਂ ਨੂੰ ਮਾਂ ਦੇ ਦੁੱਖਾਂ ਸੁੱਖਾਂ ਤੇ ਕੰਮਾਂ ਕਾਜਾਂ ਦੀ ਸਮਝ ਹੀ ਨਹੀਂ। ਵਿਚਾਰੇ ਭੋਲੇ ਟੋਟਰੂ।

ਜਦੋਂ ਕੋਈ ਸਿਆਣਾ ਸ਼ੁਕਰਾਨੇ ਦੀ ਅਰਦਾਸ ਕਰਦਾ ਹੈ ਤਾਂ ਉਸਦੇ ਪੈਰ ਚੁੰਮਣੇ ਚਾਹੀਦੇ ਹੈਂ ਕਿਉਂਕਿ ਅਜਿਹਾ ਸੁਚੱਜਾ ਤੇ ਸੋਹਣਾ ਸੁਨੱਖਾ ਮਨੁੱਖ ਸੱਚ ਦੀ ਸਮਝ ਵਿੱਚ ਲੀਨ ਹੈ, ਮਗਨ ਹੈ ਤੇ ਨਿਰੰਤਰ ਯਤਨਸ਼ੀਲ ਹੈ। ਕਾਰਣ ? ਸਹਿਜਧਾਰਾ ਸਤਿਸੰਗ ਸਮੁੱਚ ਵਿੱਚ ਨਿਰੰਤਰ ਹੋ ਰਹੀ ਵਿਕਾਸਮੁਖੀ ਤੋਰ ਨੂੰ ਨਿਰਣਾਇਕ ਤੌਰ ਤੇ ਸਵੀਕਾਰਦਾ ਹੈ ਜਿਸ ਪਰਮਾਤਮਾ ਦੇ ਰਾਜ ਵਿੱਚ ਮਨੁੱਖਾਂ ਦੀਆਂ ਸਰੀਰਕ, ਮਾਨਸਿਕ, ਅਧਿਆਤਮਕ ਪੱਖਾਂ ਵਿੱਚ ਨਿੱਜੀ ਤੇ ਸਮੂਹਕ ਵਿਕਾਸ ਹੁੰਦਾ ਦਿਸਦਾ ਹੈ, ਅਨੁਭਵ ਹੁੰਦਾ ਹੈ ਜਿਸ ਵਿੱਚ ਪਰਮਾਤਮਾ ਆਪਣੀ ਮੌਜ ਵਿੱਚ ਅਜਿਹੀਆਂ ਬਖ਼ਸ਼ਿਸ਼ਾਂ ਮਨੁੱਖ ਜਾਤੀ ਨੂੰ ਨਵੀਆਂ ਖੋਜਾਂ ਤੇ ਨਵੀਆਂ ਕਾਢਾਂ ਦੇ ਰੂਪ ਵਿੱਚ ਦੇ ਰਿਹਾ ਹੈ ਜਿਸ ਨਾਲ ਸਮੁੱਚਾ ਸੰਸਾਰ ਇੱਕ ਪਿੰਡ ਵਾਂਗ ਜਾਪਣ ਲੱਗ ਪਿਆ ਹੈ।

ਜਿੱਥੇ ਮਨੁੱਖੀ ਰੋਗਾਂ ਲਈ ਨਿੱਤ ਨਵੀਆਂ ਦਵਾਈਆਂ ਨਿਕਲਦੀਆਂ ਹਨ। ਜਿੱਥੇ ਕੰਪਿਊਟਰ ਨੇ ਸਭ ਕੁੱਝ ਸਾਹਿਲ ਕਰ ਦਿੱਤਾ ਹੈ ਤੇ ਹੋਰ-ਵੇਰ ਹੋਰ-ਹੋਰ ਤੇ ਹੋਰ ਮਨੁੱਖ ਨੂੰ ਮਿਲਦਾ ਹੀ ਜਾਂਦਾ ਹੈ ਤਾਂ ਮਨੁੱਖ ਜੇਕਰ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਹੱਥ ਜੋੜ ਕੇ ਸਿਰ ਨਿਵਾ ਕੇ ਜਦੋਂ ਯਾਦ ਕਰੇਗਾ ਤਾਂ ਜ਼ੁਬਾਨ ਸ਼ੁਕਰਾਨੇ ਵਿੱਚ ਵਾਹ ਵਾਹ ਕਰਨ ਤੋਂ ਕਿਵੇਂ ਰੁਕ ਸਕਦੀ ਹੈ।

"ਵਿਣੁ ਤੁਧੁ ਹੋਰੁ ਜਿ ਮੰਗਣਾ
ਸਿਰਿ ਦੁਖਾ ਕੈ ਦੁਖ।"

ਮ : 5 ਅੰਕ 958

✶✶✶

# ਸਹਿਜਧਾਰਾ ਸਤਿਸੰਗ
## ਜੀਵਨ- ਜਾਚ(ਧਾਰਮਿਕ ਸੇਧਾਂ)



੧. ਮੂਲਮੰਤਰ ਸ਼ਬਦ ਖੁਦਾਈ॥
ਏਹੋ ਬਾਣੀ ਹਿੱਸੇ ਆਈ॥

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ**
**ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**

*ਜ਼ਬਾਨੀ ਕਲਮਾ ਹਰ ਕੋਈ ਆਖੇ, ਦਿਲ ਦਾ ਪੜ੍ਹਦਾ ਕੋਈ ਹੂ॥*
*ਜਿਥੇ ਕਲਮਾ ਦਿਲ ਦਾ ਪੜੀਏ, ਓਥੇ ਜੀਭੇ ਮਿਲੇ ਨਾ ਢੋਈ ਹੂ॥*
*ਦਿਲ ਦਾ ਕਲਮਾ ਆਸ਼ਕ ਪੜ੍ਹਦੇ, ਕੀ ਜਾਨਣ ਯਾਰ ਗਲੋਂਈ ਹੂ॥*
*ਕਲਮਾ ਯਾਰ ਪੜ੍ਹਾਇਆ ਬਾਹੂ, ਮੈਂ ਸਦਾ ਸੁਹਾਗਣ ਹੋਈ ਹੂ॥*

(ਸਾਈਂ ਸੁਲਤਾਨ ਬਾਹੂ)

੨. ਸਹਿਜ ਸਾਧਨਾ ਕੀ ਹੈ?

ਆਪਣੀ ਜੀਵਾਤਮਾ ਦੇ ਸੱਚ ਤੇ ਕੱਚ ਦੋਨਾਂ ਨੂੰ ਸਮਝਣਾ। ਗੁਰੂ ਦੇ ਹੁਕਮ ਤੇ ਗੁਰ-ਗਿਆਨ ਦੀ ਰੌਸ਼ਨੀ ਵਿੱਚ ਸਹਿਜ ਤੋਰ ਤੁਰਦਿਆਂ ਕੱਚ ਨੂੰ ਸੱਚ ਵਿੱਚ ਵਟਾਉਂਦੇ ਜਾਣਾ। ਅਜਿਹਾ ਜੀਵਨ ਖੁਸ਼ੀਆਂ ਖੇੜਿਆਂ ਭਰੀ ਸੋਚ ਤੇ ਉਸਾਰੂ ਜੋਸ਼ ਦਿੰਦਾ ਹੈ।

*"ਸਤਿਗੁਰ ਕਹੈ ਸਹਿਜ ਕਾ ਧੰਧਾ, ਵਾਦ ਵਿਵਾਦ ਕਰੈ ਸੋ ਅੰਧਾ"*

(ਗੁਰੂ ਗੋਰਖ ਨਾਥ)

੩. ਸਹਿਜ ਨੂੰ ਸਮਝੋ ਤੇ ਸਮਝ ਕੇ ਹੀ ਅੱਗੇ ਵਧੋ, ਸਹਿਜੇ ਸਹਿਜੇ। ਬੁਧ-ਬਿਬੇਕ ਦੀ ਜਾਗਰਿਤੀ ਦੀ ਬਖਸ਼ਿਸ ਹੁੰਦਿਆਂ ਪੂਰੀ ਸੁਹਿਰਦਤਾ ਨਾਲ ਗੁਰ-ਆਸਰੇ ਹੀ ਸ਼ਬਦ-ਸੁਰਤਿ ਜੋਗ ਰਾਹੀਂ ਸਹਿਜ-ਜੋਗ ਤੱਕ ਪਹੁੰਚ ਕਰੋ। ਪਰਾਮਾਨਸਿਕ ਅਵਸਥਾ ਵਿੱਚ ਸਮਦ੍ਰਿਸ਼ਟੀ ਹੁੰਦਿਆਂ ਹੀ ਅਤੇ ਸਹਿਜ ਵਿਦਿਆ (ਸ਼ੁਧ ਵਿਦਿਆ) ਦਾ ਸੂਰਜ ਉਦੈ ਹੋਣ ਤੇ ਦ੍ਵੈਤ ਦੀ ਕਾਲਖ ਦਾ ਖਾਤਮਾ ਹੋਣਾ ਹੀ ਤਾਂ ਸਹਿਜ-ਜੋਗ ਹੈ, ਪਰ ਸਹਿਜ-ਸਮਾਧੀ ਤਾਂ ਇਸੇ ਪ੍ਰਕਿਰਿਆ ਦੇ ਪੰਛੀ ਨੂੰ ਇਸ ਤਰਾਂ ਅਕਾਸ਼ੇ ਚੜਾਉਣਾ ਹੈ ਕਿ ਜੀਵਾਤਮਾ ਦਾ ਜੀਵ-ਤੱਤ ਆਤਮ-ਤੱਤ ਵਿੱਚ ਰਚ ਜਾਵੇ ਤੇ ਸਮ-ਰਸ ਦੀ ਉਤਪਤੀ ਕਾਰਣ ਸੁੱਚੀ ਆਤਮਾ ਹੀ ਪ੍ਰਕਾਸ਼ਮਾਨ ਹੋ ਰਹੇ।

*"ਜਦ ਸਹਿਜ-ਸਮਾਧੀ ਰਾਹੀਂ ਮਨ ਨਾਲ ਹੀ ਮਨ ਨੂੰ ਦੇਖਿਆ ਜਾਂਦਾ ਹੈ,*
*ਤਦ ਜੋ ਅਵਸਥਾ ਹੁੰਦੀ ਹੈ, ਅਸਲ ਵਿੱਚ ਉਹੀ ਮੁਕਤੀ ਹੈ।"*

(ਅਮੋਰਧ ਸ਼ਾਸ਼ਨਮ - ਪੰਨਾ 89)

ਜਦੋਂ ਮਨ ਨਾਲ ਮਨ ਨੂੰ (ਸਾਕਸ਼ੀ ਭਾਵ) ਦੇਖਿਆ ਜਾਂਦਾ ਹੈ ਤਾਂ ਮਨ ਹੁੰਦਾ ਹੀ ਕਿੱਥੇ ਹੈ?
= ਆਤਮਾ ਹੀ ਆਤਮਾ- ਸਰਵ ਵਿਆਪਕ (ਅਸਤਿਤਵ) - ਅੱਲਾ ਹੂ
ਸਹਿਜ-ਸਮਾਧੀ ਦੀ ਪਹੁੰਚ ਵਾਲਾ ਫ਼ਕੀਰ ਧਰਤੀ ਤੇ ਵੀ ਪਰਤ ਆਉਂਦਾ ਹੈ - ਆਪਣੀ ਮੌਜ ਵਿੱਚ - ਆਪਣੇ ਰੰਗ ਵਿੱਚ।

*"ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"* (ਮ: 1 ਪੰਨਾ 661)

੪. ਸਬਰ, ਸ਼ੁਕਰ ਤੇ ਈਮਾਨਦਾਰੀ ਵਾਲਾ ਜੀਵਨ ਜੀਵੋ। ਕੀਤੇ ਨੂੰ ਜਾਣੋ ਅਤੇ ਧੰਨਵਾਦੀ ਹੋਣ ਦਾ ਮੌਕਾ ਹੱਥੋਂ ਨਾ ਜਾਣ ਦਿਓ।

*"ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ"*

(ਮ: 5 ਪੰਨਾ 315)

*"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥"*

(ਮ: 1 ਪੰਨਾ 1245)

੫. ਦੁਖੀਏ ਨਾਲ ਹਮਦਰਦੀ ਅਤੇ ਸੱਚੇ ਦੀ ਸਹਾਇਤਾ ਕਰਨ ਦਾ ਮੌਕਾ ਹੱਥੋਂ ਨਾ ਜਾਣ ਦਿਓ।ਪਰ ਬੁਰਿਆਂ ਨਾਲ ਹਮਦਰਦੀ/ਸਹਾਇਤਾ ਤਾਂ ਸ਼ੈਤਾਨ ਦੇ ਹੱਥਾਂ ਵਿੱਚ ਖਿਡਾਉਣਾ ਬਣਨਾ ਹੈ, ਜੋ ਹਾਨੀਕਾਰਕ ਵੀ ਹੈ ਤੇ ਪਾਪ ਵੀ।

੬. ਦਾਨ ਹਮੇਸ਼ਾ ਲੋੜਵੰਦ ਤੱਕ ਸਿੱਧਾ ਪਹੁੰਚਾਓ ਤੇ ਭੁੱਲ ਜਾਓ। ਦਾਨ ਨੂੰ ਹਮੇਸ਼ਾ ਆਪਣੀਆਂ ਕਾਨੂੰਨੀ ਹੱਦਾਂ ਅੰਦਰ ਰੱਖੋ। ਸਥਾਨ, ਵਿਅਕਤੀ ਜਾਂ ਸਥਿਤੀ ਵਿਚਾਰੇ ਬਿਨਾਂ ਹੀ ਧਨ ਦੇਣਾ ਦਾਨ ਨਹੀਂ ਹੁੰਦਾ।

੭. ਕਾਮ, ਕਰੋਧ, ਲੋਭ, ਮੋਹ ਤੇ ਸੰਸਾਰ ਦੀ ਮਾਇਆ ਨੂੰ ਥਾਏਂ ਟਿਕਾਵੋ। ਸੋਚ ਵਿਚਾਰ ਪਿਛੋਂ ਹੀ ਜੱਗ ਦੀ ਕਾਰ ਕਰੋ। ਧਰਮ (ਸਦਾਚਾਰ) ਨੂੰ ਪਿਆਰ ਕਰੋ ਤੇ ਧੜੇ ਦੇ ਮੋਹ ਨੂੰ ਤਿਆਗੋ।

*"ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰ ਪਾਏ॥"*

(ਮ:3 ਪੰਨਾ: 550)

੮. ਰੱਬ ਅਤੇ ਜੱਗ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਪਿਆਰ ਨਾਲ ਨਿਭਾਓ ਤੇ ਕਦੇ ਅਵੇਸਲੇ ਨਾ ਹੋਵੋ। ਇਹ ਨਾ ਹੋਵੇ ਕਿ ਸੰਸਾਰਿਕਤਾ ਤੁਹਾਨੂੰ ਅਵੇਸਲੇ ਪਾ ਕੇ ਤੁਹਾਡੇ ਨੱਕ ਵਿੱਚ ਨੱਥ ਪਾ ਲਵੇ।

*"ਜੋ ਦਮ ਗ਼ਾਫਲ ਸੋ ਦਮ ਕਾਫਰ, ਸਾਨੂੰ ਮੁਰਸ਼ਦ ਇਹ ਪੜ੍ਹਾਇਆ ਹੂ॥"*

(ਸਾਈਂ ਸੁਲਤਾਨ ਬਾਹੂ)

੯. ਆਪਣੇ ਸਮੇਂ ਦੇ ਰੰਗ ਤੇ ਢੰਗ ਅਪਣਾਓ ਪਰ ਸਦਾਚਾਰਕ ਸੁਚੱਜਤਾ ਦੀਆਂ ਹੱਦਾਂ ਵਿੱਚ ਰਹਿ ਕੇ।

*ਸਦਾ ਖ਼ਬਰਦਾਰ!* *ਪੂਰੇ ਹੁਸ਼ਿਆਰ!*

ਪਰਮਾਤਮਾ ਨੇ ਸਾਨੂੰ ਸਰੀਰ ਦਿੱਤਾ ਹੈ। ਇਸਨੂੰ ਤੰਦਰੁਸਤ ਅਤੇ ਸੋਹਣਾ ਬਣਾ ਕੇ ਰੱਖੋ ਤੇ ਦੇਣ ਵਾਲੇ ਦਾ ਸ਼ੁਕਰ ਕਰੋ। ਮਨ ਦਿੱਤਾ ਹੈ ਤੇ ਚੇਤੰਨ ਵੀ ਕੀਤਾ ਹੈ: "ਏ ਮਨਾ ਮੇਰਿਆ ਚਤੁਰਾਈ ਕਿਨੈ ਨਾ ਪਾਇਆ॥" ਸਾਕਸ਼ੀ ਰੂਪ ਆਤਮਾ ਦੇ ਆਦੇਸ਼ ਸਿਰ ਮੱਥੇ ਟਿਕਾਓ।

੧੦. ਆਪਣੀਆਂ ਸੰਭਾਵਨਾਵਾਂ ਨੂੰ ਸਮਝੋ ਤੇ ਸਾਕਾਰ ਕਰੋ। ਆਪਣੇ ਗੁਣ-ਔਗੁਣ ਅਤੇ ਚੰਗੀਆਂ ਬੁਰੀਆਂ ਆਦਤਾਂ ਦੀ ਸੂਚੀ ਵੀ ਤਿਆਰ ਕਰੋ।

*"ਸਾਬਤ ਸਿਦਕ ਤੇ ਕਦਮ ਅਗੇਰੇ, ਤਾਂ ਹੀ ਰੱਬ ਲੱਭੀਵੇ ਹੂ॥"*

(ਸਾਈਂ ਸੁਲਤਾਨ ਬਾਹੂ)

੧੧. ਜੀਵਨ ਦੁੱਖ ਸੁੱਖ ਦੀ ਖੇਡ ਹੈ।

*"ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥"*

(ਮ: 5 ਪੰਨਾ 724)

ਅਰਦਾਸਾਂ ਬੇਨਤੀਆਂ ਤਾਂ ਬੁਜ਼ਦਿਲਾਂ ਦਾ ਤਰਲਾ ਹੈ। ਰੱਬ ਦੇ ਭਾਣੇ ਨੂੰ ਸਨਿਮਰ ਤੇ ਬਹਾਦਰ ਹੋ ਕੇ ਮੰਨੋ। ਅਕਲਾਂ ਤੇ ਤਾਕਤਾਂ ਵੀ ਤਾਂ ਰੱਬ ਦੀਆਂ ਹੀ ਦਾਤਾਂ ਹਨ, ਇਨ੍ਹਾਂ ਨੂੰ ਹਿੱਕ ਦੇ ਜ਼ੋਰ ਵਰਤੋ।

ਹੱਥੀਂ ਦਿਤੀਆਂ ਦੰਦੀਂ ਖੋਹਲਣੀਆਂ - ਸੂਰਮਿਆਂ ਨੂੰ ਸ਼ੋਭਾ ਦਿੰਦਾ ਹੈ।

੧੨. ਆਪਣੇ ਆਸ਼ਰਿਤਾਂ ਪ੍ਰਤੀ ਫ਼ਰਜਾਂ ਨੂੰ ਸ਼ਾਂਤੀ, ਸਹਿਜ, ਤੇ ਸੁਹਿਰਦਤਾ ਨਾਲ ਨਿਭਾਉਣਾ ਹੀ ਸਹਿਜ-ਸਾਧਨਾ ਦਾ ਪਹਿਲਾ ਪੜਾਅ ਹੈ। ਵੰਡ ਖਾਏ ਖੰਡ ਖਾਏ।

*"ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ॥*
*ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ, ਵਿਚੇ ਹੋਵੈ ਮੁਕਤਿ॥"*

(ਮ:5 ਪੰਨਾ 522)

੧੩. ਸੱਚਾ ਸਾਹਿਬ ਤਾਂ ਸਹਿਜ, ਸਬਰ, ਸੰਤੋਖ, ਸਾਦਗੀ ਤੇ ਸੁਚੱਜਤਾ ਦਾ ਸਰੂਪ ਹੁੰਦਾ ਹੋਇਆ ਸੰਸਾਰਕ ਜੀਵਨ ਵੀ ਬਤੀਤ ਕਰਦਾ ਹੈ। ਬਾਣੇ ਨਾਲ, ਬਲ ਨਾਲ, ਤੇ ਜੱਗ ਨਾਲ ਚਿੰਬੜੇ ਸੰਸਾਰੀ ਭੇਖੀ ਤੋਂ ਦਸ ਕੋਹ ਦੂਰ ਰਹੋ। ਰੋਂਦੂ, ਭੌਂਦੂ, ਰੁਲੇ-ਖੁਲੇ ਤੇ ਝੂਠੇ-ਸਾਊਪੁਣੇ ਦੇ ਸ਼ਿਕਾਰ ਭੇਖਧਾਰੀ ਭੰਡ ਨੂੰ ਫ਼ਕੀਰ, ਸਾਧੂ, ਸੰਤ, ਜਾਂ ਮਹਾਂ-ਪੁਰਖ ਨਹੀਂ ਮੰਨਣਾ। ਬਾਬਾ ਕਬੀਰ ਕਥਨ ਕਰੇ - "ਕੱਚੇ ਸਿੱਧਨ ਮਾਇਆ ਪਿਆਰੀ॥"

ਗੁਰੂ – ਓਹ ਵਿਰਲੇ ਸੰਸਾਰ। ਪਰ ਜੇਕਰ ਚੰਗੇ ਭਾਗਾਂ ਨਾਲ ਦਰਸ਼ਨ ਹੋ ਜਾਣ ਤਾਂ ਬੁਲ੍ਹੇਸ਼ਾਹ ਵਾਂਗ ਚਰਨਾਂ ਨਾਲ ਚਿਮਟ ਰਹੋ। ਸਮਝੋ ਸਫ਼ਰ ਪੂਰਾ ਹੋ ਗਿਆ।

*"ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ।*
*ਓਹ ਆਦਿ ਜੁਗਾਦਿ ਜੁਗਹ ਜੁਗੁ ਪੂਰਾ ਪਰਮੇਸਰੁ।।"*

(ਆਸਾ ਮ: 5 ਪੰਨਾ 397)

੧੪. ਜਪ, ਭਗਤੀ, ਤੇ ਸਾਧਨਾ ਆਪਣੇ ਗੁਰੂ ਜੀ ਦੀ ਦੇਖ-ਰੇਖ ਵਿੱਚ ਦ੍ਰਿੜ ਵਿਸ਼ਵਾਸ ਨਾਲ ਕਰੋ। ਆਪਣੇ ਵੱਲੋਂ ਵਾਧੇ-ਘਾਟੇ ਕਰਨਾ ਆਪਣੇ ਜੀਵਨ-ਸੁੱਖ ਦਾ ਘਾਣ ਕਰਨਾ ਹੀ ਹੁੰਦਾ ਹੈ।

*"ਗੁਰੁ ਪਰਮੇਸਰੁ ਗੁਰੁ ਗੋਬਿੰਦੁ"*

(ਰਾਮਕਲੀ ਮ: 5 ਪੰਨਾ 897)

੧੫. ਨਿੰਦਾ ਚੁਗਲੀ ਰੋਗ ਹੈ। ਨਿਰੋਗਤਾ ਦੀ ਦਵਾਈ ਹੈ ਗੁਰ ਗਿਆਨ। ਨਿੰਦਕ ਤੇ ਚੁਗਲਖੋਰ ਦੀ ਅਕਲ ਤੇ ਹੱਸੋ।

*"ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ।।"*

(ਮ: 5 ਪੰਨਾ 315)

੧੬. 'ਮੁਆਫ਼ ਕਰੋ ਅਤੇ ਭੁੱਲ ਜਾਵੋ' ਪੂਰਾ ਠੀਕ ਨਹੀਂ। ਮੁਆਫ਼ ਕਰੋ ਪਰ ਭੁੱਲੋ ਨਾ। ਵੱਡਿਆਂ ਵੱਲੋਂ ਲਿਖੀਆਂ ਸਚਾਈਆਂ ਪ੍ਰਤੀ ਸਦਾ ਜਾਗਰਿਤ ਰਹੋ।

*"ਸੱਪੈ ਦੁੱਧ ਪਿਆਲੀਐ ਵਿਹੁ ਮੁਖਹੁੰ ਸੱਟੈ॥"*

(ਵਾਰ 35 ਭਾਈ ਗੁਰਦਾਸ)

*"ਕੌੜੇ ਖੂਹ ਨਾ ਮਿੱਠੇ ਹੁੰਦੇ ਬਾਹੂ, ਭਾਵੇਂ ਲੱਖ ਮਣ ਖੰਡ ਦਾ ਪਾਈਏ ਹੂ॥"*

(ਸਾਈਂ ਸੁਲਤਾਨ ਬਾਹੂ)

੧੭. ਪਿਛਲੱਗ, ਕੰਨਾਂ ਦੇ ਕੱਚੇ ਤੇ ਅਕਲ ਦੇ ਥੋਥੇ ਪ੍ਰਾਣੀ (ਚੇਲੇ) ਸਿਰਫ ਆਪਣੀਆਂ ਜੇਬਾਂ ਹੀ ਕਟਵਾਉਂਦੇ ਹਨ। ਕਰਮਯੋਗੀ ਨਾਸਤਿਕ ਨਿਕੰਮੇ ਆਸਤਿਕ ਨਾਲੋਂ ਪਰਮਾਤਮਾ ਦੇ ਵਧੇਰੇ ਨੇੜੇ ਹੁੰਦਾ ਹੈ।

੧੮. ਇਸ਼ਨਾਨ ਸਮੇਂ, ਖਾਣ ਸਮੇਂ ਤੇ ਸਿਮਰਨ ਕਰਦਿਆਂ ਇਕਾਗਰ ਚਿੱਤ ਰਹੋ।

*"ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥"*

(ਕਬੀਰ ਜੀ ਪੰਨਾ 524)

ਪਰਮਾਤਮਾ ਦੀ ਪੂਜਾ ਸਮੇਂ ਜੇਕਰ ਮੰਦਰ ਵੀ ਸਾਫ਼ ਤੇ ਸੁੰਦਰ ਹੋਵੇ ਤਾਂ ਸਮਾਂ ਹੋਰ ਵੀ ਸੁਹਾਣਾ ਹੋ ਜਾਂਦਾ ਹੈ।

ਸਵਸਥ ਰਹੋ, ਵਿਅਸਥ ਰਹੋ ਤੇ ਮਸਤ ਰਹੋ।

*"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ॥"*

(ਮ: 5 ਪੰਨਾ 611)

*"ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥"*

(ਰਾਮਕਲੀ ਪਾਤਸ਼ਾਹੀ 10)

੧੯. ਹਰ ਨਵਾਂ ਵਿਚਾਰ ਅਪਣਾਓ, ਵਿਚਾਰੋ, ਹੰਢਾਓ ਤੇ ਫੇਰ ਇੱਕ ਹੋਰ ਨਵੇਂ ਵਿਚਾਰ ਦਾ ਲੜ ਸਤਿਕਾਰ ਸਹਿਤ ਫੜੋ। ਜੇਕਰ ਦੋ ਬੁਰਿਆਂ ਵਿਚੋਂ ਇੱਕ ਦੀ ਚੋਣ ਦੀ ਚੁਣੌਤੀ ਹੋਵੇ ਤਾਂ ਦੋਨਾਂ ਦੇ ਹੀ ਪਰਛਾਵੇਂ ਤੋਂ ਵੀ ਪਰ੍ਹੇ ਰਹੋ। ਸੱਚੇ ਨੂੰ ਖੋਜ ਕੱਢੋ ਤੇ ਉਸ ਦੇ ਸਹਾਇਕ ਬਣੋ ਭਾਵੇਂ ਉਹ ਕਿਣਕੇ ਜਿੰਨਾ ਵੀ ਨਿੱਕਾ ਕਿਉਂ ਨਾ ਹੋਵੇ।

੨੦. ਜੋ ਵਰਕਾ ਪੜ੍ਹ ਕੇ ਫਾੜ ਦਿੱਤਾ ਹੈ ਉਸ ਨੂੰ ਦੋਬਾਰਾ ਜੋੜ ਕੇ ਪੜ੍ਹਣ ਦੀ ਗਲਤੀ ਨਾ ਕਰੋ। ਜਿਹੜਾ ਛੱਡਿਆ ਉਹ ਦਿਲੋਂ ਕੱਢਿਆ। ਸਦਾ ਪਾਣੀਆਂ ਵਾਂਗ ਵਹਿਣ ਵਿੱਚ ਰਹੋ।

੨੧. ਇਹ ਜੀਵਨ ਦੂਜਿਆਂ ਨਾਲ ਮੁਕਾਬਲਿਆਂ ਤੇ ਝਗੜਿਆਂ ਦਾ ਅਖਾੜਾ ਨਹੀਂ। ਗੁਰ-ਗਿਆਨ ਦੇ ਚਾਨਣੇ ਵਿੱਚ ਆਪਣੀ ਹੀ ਪਗਡੰਡੀ ਬਣਾਓ ਤੇ ਹੱਸਦੇ ਗਾਉਂਦੇ ਅੱਗੇ ਵਧੋ।

*"ਪੜ੍ਹ ਗ੍ਰੰਥਹਿੰ ਜੋ ਗਿਆਨ ਵਖਾਨੇ, ਪਵਨ ਸਾਧ ਪਰਮਾਰਥ ਮਾਨੇ।*
*ਪਰਮ ਤਤਵ ਕੋ ਹੋਹਿੰ ਨ ਮਰਮੀ, ਕਹੈ ਗੋਰਖ ਸੋ ਮਹਾਂ ਅਧਰਮੀ।"*

(ਗੁਰੂ ਗੋਰਖ ਨਾਥ)

*"ਪੜ੍ਹ ਪੜ੍ਹ ਇਲਮ ਹਜ਼ਾਰ ਕਿਤਾਬਾਂ, ਆਲਮ ਹੁਏ ਸਾਰੇ ਹੂ।*
*ਇਕ ਹਰਫ ਇਸ਼ਕ ਦਾ ਨਾ ਪੜ੍ਹ ਜਾਨਣ, ਭੁਲੇ ਫਿਰਨ ਬਿਚਾਰੇ ਹੂ।*
*ਇਸ਼ਕ ਅਕਲ ਵਿੱਚ ਮੰਜ਼ਿਲ ਸਾਰੀ, ਸੈਆਂ ਕੋਹਾਂ ਦੇ ਪਾੜੇ ਹੂ।*
*ਇਸ਼ਕ ਨਾ ਜਿਨ੍ਹਾਂ ਖਰੀਦਿਆ ਬਾਹੂ, ਉਹ ਦੋਹੀਂ ਜਹਾਨੀਂ ਮਾਰੇ ਹੂ।"*

(ਸਾਈਂ ਸੁਲਤਾਨ ਬਾਹੂ)

੨੨. ਹਰ ਵਿਚਾਰ ਜਿਸ ਨੂੰ ਮੈਂ ਆਪਣੇ ਪ੍ਰਗਟਾਅ ਵਿੱਚ ਕੈਦ ਕੀਤਾ ਹੈ, ਆਪਣੇ ਅਮਲਾਂ ਨਾਲ ਮੁਕਤ ਕਰਾਂਗਾ। ਕੰਮ ਅਸਲ ਵਿੱਚ ਪਿਆਰ ਅੱਗੋਂ ਪਰਦਾ ਚੁੱਕਣਾ ਹੈ। (ਖ਼ਲੀਲ ਜਿਬਰਾਨ)

*Work is love made visible. - Khalil Gibran*
*ਜੀਵਨ ਦਾ ਇੱਕੋ ਇੱਕ ਮਨੋਰਥ ਮਾਨਵਤਾ ਦੀ ਸੇਵਾ ਹੀ ਹੈ।*

(ਮਹਾਤਮਾ ਟਾਲਸਟਾਏ)

*ਸੂਫ਼ੀ ਉਹ ਹੈ ਜੋ ਪਰਮਾਤਮਾ ਸੰਗ ਪਵਿੱਤਰਤਾ ਨਾਲ ਅਤੇ ਲੋਕਾਈ ਨਾਲ ਚੰਗੇ ਆਚਰਣ ਕਰਦਾ ਪੱਕਾ ਜੁੜਿਆ ਹੋਇਆ ਹੈ।*

(ਸ਼ੇਖ਼ ਅਸ ਸਿਓਤੀ)

੨੩. ਭੁੱਖਾ ਆਦਮੀ ਚੇਲਾ ਨਹੀਂ ਬਣ ਸਕਦਾ, ਉਸ ਨੂੰ ਗਿਆਨ ਵਿਚੋਂ ਸਿਰਫ ਰੋਟੀਆਂ ਹੀ ਨਜ਼ਰ ਆਉਂਦੀਆਂ ਹਨ। ਅਮੀਰ ਆਦਮੀ ਚੇਲਾ ਨਹੀਂ ਬਣ ਸਕਦਾ, ਉਸ ਨੂੰ ਗਿਆਨ ਵਿੱਚ ਸਿਰਫ ਡਾਲਰਾਂ ਦੀ ਤਲਾਸ਼ ਰਹਿੰਦੀ ਹੈ। ਬੁਧੀਮਾਨ, ਸੰਜਮੀ ਤੇ ਸਮਝਦਾਰ ਬੰਦਾ ਹੀ ਚੇਲਾ ਬਣ ਸਕਦਾ ਹੈ ਕਿਉਂਕਿ ਉਹ ਗਿਆਨ ਰਾਹੀਂ ਸੱਚ ਖੋਜਦਾ ਹੈ। ਸੱਚਾ ਅਤੇ ਸੁੱਚਾ ਬਣਨ ਲਈ ਯਤਨਸ਼ੀਲ ਹੁੰਦਿਆਂ ਉਡੀਕਵਾਨ ਹੁੰਦਾ ਹੈ ਗੁਰੂ ਜੀ ਪਾਸੋਂ ਅਗਵਾਈ ਲਈ। ਇਸ ਲਈ ਪਹਿਲਾਂ ਕਮਾਈ ਦਾ ਸਾਧਨ ਬਣਾਓ ਤੇ ਸੰਜਮੀ ਬਣੋ। ਜੇ ਧਨਵਾਨ ਹੋ ਤਾਂ ਆਪਣੀ ਹੱਦ ਨਿਸਚਿਤ ਕਰੋ ਤੇ ਹਰ ਪਲ ਖ਼ਬਰਦਾਰ ਰਹੋ। ਆਪਣੀ ਹਉਮੈ ਨੂੰ ਨਿਮਰਤਾ-ਭਾਵ ਨਾਲ ਪਰਨਾਓ।

੨੪. ਪਰਮਾਤਮਾ ਦੇ ਬੰਦੇ ਬਣੋ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੰਦਾ ਬਹਾਦਰ ਵਰਗੇ। ਉਂਜ ਹਿੰਦੂ, ਸਿੱਖ, ਮੁਸਲਮਾਨ ਜਾਂ ਈਸਾਈ ਬਣੇ ਰਹਿਣਾ ਤਾਂ ਅਧੂਰੇ ਹੀ ਬਣੇ ਰਹਿਣਾ ਹੈ।

੨੫. ਇਹ ਸੰਸਾਰ ਤਾਂ "ਦੇਸ਼ ਪਰਾਇਆ" ਹੈ। ਇਸ ਸੰਸਾਰ ਨੂੰ ਮੁੰਬਈ ਨਗਰੀ ਸਮਝੋ - ਫ਼ਿਲਮੀ ਐਕਟਰਾਂ ਦੀ ਬਸਤੀ। "ਕੂੜ ਫਿਰੈ ਪਰਧਾਨ ਵੇ ਲਾਲੋ" ਪੈਗੰਬਰੀ ਬੋਲ ਹੈ ਪਰ ਫੇਰ ਵੀ ਸਚਿਆਰਿਆਂ ਤੇ ਚੰਗਿਆਰਿਆਂ ਦਾ ਬੀਅ ਨਾਸ ਨਹੀਂ ਹੈ, ਉਹਨਾਂ ਨੂੰ ਢੂੰਡੋ, ਪਹਿਚਾਣੋ, ਉਹਨਾਂ ਨਾਲ ਹੱਸੋ ਵੱਸੋ। ਪਰ ਇਹ ਸਦਾ ਚਿੱਤ ਵਿੱਚ ਰੱਖੋ, "ਸਜਨ ਘਰ ਜਾਨਾ ਹੈ॥"

*"ਦਇਆ ਕਰਹੁ ਨਾਨਕ ਗੁਣ ਗਾਵੈ*
*ਮਿੱਠਾ ਲਗੈ ਤੇਰਾ ਭਾਣਾ॥"*

*(ਮ:5 ਪੰਨਾ 748)*

**-ਡਾ. ਜਗਜੀਤ ਸਿੰਘ ਗਰੇਵਾਲ**
ਲੁਧਿਆਣਾ - 9855780230
ਟੋਰਾਂਟੋ - 9057817909
ਵੈਨਕੋਵਰ - 6045728019

# ਸਹਿਜਧਾਰਾ

ਜਗਜੀਤ ਸਿੰਘ ਗਰੇਵਾਲ



ਸਹਿਜਧਾਰਾ ਸਤਿਸੰਗ

1 - ਅਮਨ ਪਾਰਕ, ਬਰੀਕੇ, ਲੁਧਿਆਣਾ- 142021